ਕੌਮਾਂਤਰੀ www.amritsartimes.com

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 24 | Issue 240| 12 to 18 August 2026 | Ph.: (510) 240-5949 | Email: asrtimes@gmail.com





**ਜਗਮੋਹਨ ਸਿੰਘ 'ਲੱਕੀ'**

**ਸਿਆਸਤ 'ਚ ਕਦੋਂ ਕੀ ਹੋ ਜਾਵੇ ? ਕੁਝ ਕਿਹਾ ਨਹੀਂ ਜਾ ਸਕਦਾ। ਇਸ ਕਰਕੇ ਜੇ ਆਉਣ ਵਾਲੇ ਸਮੇਂ ਵਿੱਚ ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਸਿਆਸੀ ਗਠਜੋੜ ਹੋ ਵੀ ਜਾਂਦਾ ਹੈ ਤਾਂ ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ। ਇਸ ਗਠਜੋੜ ਸਬੰਧੀ ਚਰਚਾ ਤਾਂ ਅਕਸਰ ਚਲਦੀ ਰਹਿੰਦੀ ਹੈ ਪਰ ਅਜੇ ਤੱਕ ਦੋਵੇਂ ਪਾਰਟੀਆਂ ਸਿਆਸੀ ਸਾਂਝ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੋਈਆਂ। ਪੰਜਾਬ ਦੀ ਸਿਆਸਤ ਵਿੱਚ ਆਉਣ ਵਾਲੇ ਦਿਨ ਕਾਫ਼ੀ ਮਹੱਤਵਪੂਰਨ ਹਨ ਅਤੇ ਪੰਜਾਬ ਦੀ ਸਿਆਸਤ ਵਿੱਚ ਵੱਡੇ ਉਲਟਫੇਰ ਹੋਣ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ।**

ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਲੰਘੇ ਦਿਨੀਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੀਤੀ ਗਈ ਮੁਲਾਕਾਤ ਨੇ ਪੰਜਾਬ ਦੀ ਸਿਆਸਤ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਸ ਮੁਲਾਕਾਤ ਤੋਂ ਬਾਅਦ ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਸਿਆਸੀ ਗਠਜੋੜ ਮੁੜ ਹੋਣ ਬਾਰੇ ਵੀ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਕਾਰਨ ਸੁਖਬੀਰ ਬਾਦਲ ਵੱਲੋਂ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਗਈ ਮੁਲਾਕਾਤ ਨੂੰ ਕਾਫੀ ਅਹਿਮੀਅਤ ਦਿੱਤੀ ਜਾ ਰਹੀ ਹੈ। ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਬਹੁਤ ਦਿਲਚਸਪ ਹੋਣ ਦੀ ਸੰਭਾਵਨਾ ਹੈ।ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੂਬੇ ਵਿੱਚ ਵੱਡੀਆਂ ਰਾਜਨੀਤਿਕ ਤਾਕਤਾਂ ਵਜੋਂ ਚੋਣਾਂ ਲੜਨ ਦੀ ਉਮੀਦ ਹੈ। ਜੇਕਰ ਭਾਜਪਾ ਅਤੇ ਅਕਾਲੀ ਦਲ ਵਿਚਾਲੇ ਮੁੜ ਸਿਆਸੀ ਗਠਜੋੜ ਹੋ ਜਾਂਦਾ ਹੈ, ਤਾਂ ਇਹ ਗਠਜੋੜ ਚੋਣ ਗਣਿਤ ਨੂੰ ਪ੍ਰਭਾਵਿਤ ਕਰ ਸਕਦਾ ਹੈ।

2020 ਵਿੱਚ ਕੇਂਦਰ ਦੇ ਵਿਵਾਦਤ ਤਿੰਨ ਖੇਤੀ ਕਾਨੂੰਨਾਂ ਕਾਰਨ ਅਕਾਲੀ ਦਲ ਵੱਲੋਂ ਨੈਸ਼ਨਲ ਡੈਮੋਕਰੇਟਿਕ ਗੱਠਜੋੜ ਨਾਲੋਂ 23 ਸਾਲ ਪੁਰਾਣਾ ਨਾਤਾ ਤੋੜਨ ਤੋਂ ਬਾਅਦ, ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਮੰਤਰੀ ਮੋਦੀ ਨਾਲ ਇਹ ਪਹਿਲੀ ਸਿੱਧੀ ਸਿਆਸੀ ਮੁਲਾਕਾਤ ਸੀ। 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਮਹਿਜ਼ ਕੁਝ ਮਹੀਨੇ ਪਹਿਲਾਂ ਹੋਈ ਇਸ ਬੈਠਕ ਦਾ ਹਾਲਾਂਕਿ ਕੋਈ ਅਧਿਕਾਰਤ ਏਜੰਡਾ ਸਾਂਝਾ ਨਹੀਂ ਕੀਤਾ ਗਿਆ, ਪਰ ਅਕਾਲੀ ਦਲ ਦੇ ਨੇੜਲੇ ਸੂਤਰਾਂ ਅਨੁਸਾਰ ਸੁਖਬੀਰ ਬਾਦਲ ਨੇ ਸੂਬੇ ਵਿੱਚ ਵਿਗੜ ਰਹੀ ਕਾਨੂੰਨ-ਵਿਵਸਥਾ, ਭ੍ਰਿਸ਼ਟਾਚਾਰ, ਪੇਪਰ ਲੀਕ, ਨਸ਼ਿਆਂ ਦੀ ਵਧਦੀ ਸਮੱਸਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਜ ਵਿੱਚ ਸਰਕਾਰੀ ਦਖਲਅੰਦਾਜ਼ੀ ਵਰਗੇ ਅਹਿਮ ਮੁੱਦੇ ਪ੍ਰਧਾਨ ਮੰਤਰੀ ਅੱਗੇ ਰੱਖੇ ਸਨ। ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸਿਆਸੀ ਸਾਂਝ ਦਹਾਕਿਆਂ ਪੁਰਾਣੀ ਹੈ। ਦੋਵੇਂ ਪਾਰਟੀਆਂ ਵਿਚਾਲੇ ਸਿਆਸੀ ਸਮਝੌਤਾ ਪਹਿਲੀ ਵਾਰ 8 ਮਾਰਚ 1967 ਨੂੰ ਹੋਇਆ ਸੀ। ਉਸ ਸਮੇਂ ਜਨ ਸੰਘ ਨੇ ਪੰਜਾਬ ਵਿੱਚ ਅਕਾਲੀ ਦਲ ਦੀ ਅਗਵਾਈ ਹੇਠ ਬਣੀ ਸਾਂਝੇ ਮੋਰਚੇ ਦੀ ਪਹਿਲੀ ਗ਼ੈਰ-ਕਾਂਗਰਸੀ ਸਰਕਾਰ ਨੂੰ ਹਮਾਇਤ ਦਿੱਤੀ ਸੀ। ਇਨ੍ਹਾਂ ਚੋਣਾਂ ਤੋਂ ਬਾਅਦ ਗਠਜੋੜ ਹੋਂਦ ਵਿੱਚ ਆਇਆ ਸੀ।ਸ਼੍ਰੋਮਣੀ ਅਕਾਲੀ ਦਲ ਨਾਲ ਚੋਣ ਸਮਝੌਤਾ ਜਨ ਸੰਘ ਨੇ ਪਹਿਲੀ ਵਾਰ ਫਰਵਰੀ 1969 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਮੱਧਕਾਲੀ ਚੋਣਾਂ ਦੌਰਾਨ ਕੀਤਾ ਸੀ। ਅਕਾਲੀ ਦਲ ਨੇ 65 ਸੀਟਾਂ ਅਤੇ ਜਨ ਸੰਘ ਨੇ 30 ਸੀਟਾਂ 'ਤੇ ਚੋਣ ਲੜੀ ਸੀ।ਜੰਨ ਸੰਘ ਦੀ ਮਦਦ ਦੇ ਨਾਲ ਹੀ 26 ਮਾਰਚ 1970 ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕਦਿਆਂ ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ ਮੁੱਖ ਮੰਤਰੀ ਬਣੇ।ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਬਣੇ ਅਜਿਹਾ ਉਹ ਭਾਜਪਾ ਦੇ ਸਹਿਯੋਗ ਨਾਲ ਹੀ ਸੰਭਵ ਕਰ ਸਕੇ ਸਨ।ਦੋਵੇਂ ਪਾਰਟੀਆਂ ਨੇ ਲੰਬਾਂ ਸਮਾਂ ਸਿਆਸੀ ਗਠਜੋੜ ਤਹਿਤ ਸੂਬੇ ਵਿੱਚ ਤਿੰਨ ਵਾਰ (1997 ਤੋਂ 2002, 2007 ਤੋਂ 2012, ਅਤੇ 2012 ਤੋਂ 2017 ਤੱਕ) ਸਰਕਾਰ ਚਲਾਈ ਹੈ। ਹਾਲਾਂਕਿ 2020 ਦੇ ਕਿਸਾਨ ਅੰਦੋਲਨ ਦੌਰਾਨ ਦੋਵਾਂ ਰਾਜਨੀਤਿਕ ਪਾਰਟੀਆਂ ਵਿੱਚ ਤਣਾਅ ਪੈਦਾ ਹੋ ਗਿਆ ਸੀ ਜਦੋਂ ਅਕਾਲੀ ਦਲ ਨੇ ਪਹਿਲਾਂ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ ਅਤੇ ਬਾਅਦ ਵਿੱਚ ਉਨ੍ਹਾਂ ਦੇ ਰੱਦ ਕਰਨ ਦੀ ਮੰਗ ਕਰਦਿਆਂ ਵਿਰੋਧ ਕੀਤਾ। ਉਸ ਸਮੇਂ ਅਕਾਲੀ ਦਲ ਬਾਦਲ ਨੇ ਭਾਜਪਾ ਨਾਲੋਂ ਗਠਜੋੜ ਵੀ ਤੋੜ ਲਿਆ ਸੀ ਅਤੇ ਦੋਵੇਂ ਸਿਆਸੀ ਪਾਰਟੀਆਂ ਦੇ ਰਾਹ ਵੱਖਰੇ- ਵੱਖਰੇ ਹੋ ਗਏ ਸਨ।ਉਦੋਂ ਤੋਂ ਲੈ ਕੇ ਹੁਣ ਤੱਕ ਦੋਵੇਂ ਸਿਆਸੀ ਪਾਰਟੀਆਂ ਵੱਖ ਵੱਖ ਵਿਚਰ ਰਹੀਆਂ ਹਨ ਪਰ ਦੋਵਾਂ ਵਿੱਚੋਂ ਕਿਸੇ ਵੀ ਪਾਰਟੀ ਨੂੰ ਪੰਜਾਬ ਵਿੱਚ ਸਫਲਤਾ ਨਹੀਂ ਮਿਲੀ। ਜਦੋਂ ਤੋਂ ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਸਿਆਸੀ ਸਾਂਝ ਟੁੱਟੀ ਹੈ ਤਾਂ ਉਸ ਤੋਂ ਬਾਅਦ ਪੰਜਾਬ ਵਿੱਚ ਕਈ ਵਾਰ ਚੋਣਾਂ ਹੋਈਆਂ ਹਨ ਪਰ ਇਹਨਾਂ ਚੋਣਾਂ ਵਿੱਚ ਦੋਵੇਂ ਪਾਰਟੀਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਜਿਸ ਕਾਰਨ ਦੋਵੇਂ ਪਾਰਟੀਆਂ ਦੇ ਕੁਝ ਆਗੂ ਵਾਰ-ਵਾਰ ਦੋਵੇਂ ਸਿਆਸੀ ਪਾਰਟੀਆਂ ਵਿਚਾਲੇ ਮੁੜ ਸਿਆਸੀ ਸਾਂਝ ਪਾਉਣ ਦਾ ਯਤਨ ਕਰਦੇ ਰਹੇ ਹਨ ਜਦੋਂਕਿ ਭਾਜਪਾ ਵਿੱਚ ਅਜਿਹੇ ਵੀ ਕਈ ਆਗੂ ਹਨ, ਜੋ ਕਿ ਅਕਾਲੀ ਦਲ ਬਾਦਲ ਨਾਲ ਸਿਆਸੀ ਸਾਂਝ ਪਾਉਣ ਦੇ ਪੂਰੀ ਤਰ੍ਹਾਂ ਵਿਰੁੱਧ ਹਨ। ਹੁਣ ਜਦੋਂ ਇੱਕ ਵਾਰ ਫੇਰ ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਸਿਆਸੀ ਸਾਂਝ ਪੈਦਾ ਹੋਣ ਦੀ ਗੱਲ ਤੁਰੀ ਹੈ ਅਤੇ ਸੁਖਬੀਰ ਬਾਦਲ ਵੱਲੋਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਗਈ ਹੈ

(ਬਾਕੀ ਸਫ਼ਾ 26 'ਤੇ)

## ਪੰਜਾਬ ਦੀ ਸਿਆਸਤ ਦੀ ਸਥਿਤੀ



ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ 'ਸਿਆਸੀ ਖਲਾਅ' ਵਾਲੀ ਸਥਿਤੀ ਬਣੀ ਹੋਈ ਹੈ ਅਤੇ ਪੰਜਾਬ ਦੇ ਲੋਕ ਕਿਸੇ ਵੀ ਸਿਆਸੀ ਪਾਰਟੀ ਨੂੰ ਹੁੰਗਾਰਾ ਨਹੀਂ ਭਰ ਰਹੇ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਕਾਰਗੁਜਾਰੀ ਤੋਂ ਵੀ ਪੰਜਾਬੀ ਸਤੁੰਸ਼ਟ ਨਹੀਂ, ਕਾਂਗਰਸ ਬੁਰੀ ਤਰ੍ਹਾਂ ਅੰਦਰੂਨੀ ਫੁੱਟ ਦੀ ਸ਼ਿਕਾਰ ਹੈ। ਭਾਜਪਾ ਨੂੰ ਕੁਝ ਕਾਰਨਾਂ ਕਰਕੇ ਪਹਿਲਾਂ ਹੀ ਪੰਜਾਬੀ ਪਸੰਦ ਨਹੀਂ ਕਰ ਰਹੇ, ਦੂਜੇ ਪਾਸੇ ਅਕਾਲੀ ਦਲ ਬਾਦਲ ਦਾ ਪ੍ਰਭਾਵ ਪੂਰੇ ਪੰਜਾਬ ਵਿੱਚ ਨਾ ਹੋ ਕੇ ਪੰਜਾਬ ਦੇ ਸਿਰਫ਼ ਇੱਕ ਖਿੱਤੇ ਤੱਕ ਸੀਮਿਤ ਰਹਿ ਗਿਆ ਹੈ। ਇਸ ਤੋਂ ਇਲਾਵਾ ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਵੀ ਪੰਜਾਬੀਆਂ ਵੱਲੋਂ ਹੁੰਗਾਰਾ ਭਰਿਆ ਜਾ ਰਿਹਾ ਹੈ। ਜਿਸ ਕਰਕੇ ਪੰਜਾਬ ਦੀ ਸਿਆਸਤ ਦਿਲਚਸਪ ਬਣ ਗਈ ਹੈ ਅਤੇ ਨਿੱਤ ਨਵੇਂ ਸਮੀਕਰਨ ਬਣ ਰਹੇ ਹਨ।

## 'ਵਾਰਿਸ ਪੰਜਾਬ ਦੇ' ਪਾਰਟੀ ਨੇ 'ਸ਼ਹੀਦ ਕੇਹਰ ਸਿੰਘ' ਦੇ ਪੁੱਤਰ ਸਤਵੰਤ ਸਿੰਘ ਨੂੰ ਬੱਸੀ ਪਠਾਣਾਂ ਤੋਂ ਬਣਾਇਆ ਉਮੀਦਵਾਰ



ਅੰਮ੍ਰਿਤਸਰ/ਏ.ਟੀ. ਨਿਊਜ਼: ਅਕਾਲੀ ਦਲ ਵਾਰਿਸ ਪੰਜਾਬ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਰਗਰਮੀਆਂ ਆਰੰਭ ਕਰਦਿਆਂ ਆਪਣਾ ਪਹਿਲਾ ਉਮੀਦਵਾਰ ਐਲਾਨ ਦਿੱਤਾ ਹੈ। ਪਾਰਟੀ ਨੇ ਸ਼ਹੀਦ ਕੇਹਰ ਸਿੰਘ ਦੇ ਪੁੱਤਰ ਸਤਵੰਤ ਸਿੰਘ ਨੂੰ ਬੱਸੀ ਪਠਾਣਾਂ ਤੋਂ ਆਪਣਾ ਉਮੀਦਵਾਰ ਐਲਾਨਿਆ ਹੈ।


ਅੰਮ੍ਰਿਤਸਰ ਪ੍ਰੈੱਸ ਕਲੱਬ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ ਅਤੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਵਿਧਾਨ ਸਭਾ ਚੋਣਾਂ ਲਈ ਪਹਿਲੇ ਉਮੀਦਵਾਰ ਦੇ ਨਾਂਅ ਦਾ ਐਲਾਨ ਕੀਤਾ। ਤਰਸੇਮ ਸਿੰਘ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੀ ਸਿਆਸਤ ਸਿਰਫ਼ ਸੱਤਾ ਪ੍ਰਾਪਤੀ ਤੱਕ ਸੀਮਤ ਨਹੀਂ, ਸਗੋਂ ਪੰਥਕ ਸਿਧਾਂਤਾਂ, ਪੰਜਾਬ ਦੇ ਹੱਕਾਂ ਅਤੇ ਕੌਮ ਲਈ ਕੁਰਬਾਨੀਆਂ ਕਰਨ ਵਾਲੇ ਪਰਿਵਾਰਾਂ ਦੇ ਮਾਣ-ਸਤਿਕਾਰ ਨੂੰ ਅੱਗੇ ਲੈ ਕੇ ਚੱਲਣ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਕੁਝ ਲੋਕ ਆਖ ਰਹੇ ਸਨ ਕਿ ਵਾਰਿਸ ਪੰਜਾਬ ਵੱਲੋਂ ਪੰਥ ਅਤੇ ਕੌਮ ਲਈ ਕੁਰਬਾਨੀਆਂ ਕਰਨ ਵਾਲੇ ਪਰਿਵਾਰਾਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਇਸ ਲਈ ਅੱਜ ਵਾਰਿਸ ਪੰਜਾਬ ਵੱਲੋਂ ਸ਼ਹੀਦ ਪਰਿਵਾਰ ਵਿੱਚੋਂ ਪਹਿਲੇ ਉਮੀਦਵਾਰ ਦਾ ਐਲਾਨ ਕਰ ਕੇ ਇਸ ਧਾਰਨਾ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਗਿਆ ਹੈ। ਇਸੇ ਤਹਿਤ ਸ਼ਹੀਦ ਸਤਵੰਤ ਸਿੰਘ ਦੇ ਪਰਿਵਾਰ ਵਿੱਚੋਂ ਉਨ੍ਹਾਂ ਦੇ ਭਤੀਜੇ ਸੁਖਵਿੰਦਰ ਸਿੰਘ ਅਗਵਾਨ ਨੂੰ ਪਾਰਟੀ ਦੇ ਪਾਰਲੀਮਾਨੀ ਬੋਰਡ ਦਾ ਮੈਂਬਰ ਬਣਾਇਆ ਹੈ।ਇਸ ਮੌਕੇ ਕੇਹਰ ਸਿੰਘ ਦੇ ਵੱਡੇ ਪੁੱਤਰ ਰਜਿੰਦਰ ਸਿੰਘ, ਪੋਤਰੇ ਪੁਰੂ ਰਾਜ ਸਿੰਘ, ਸੁਖਵਿੰਦਰ ਸਿੰਘ ਅਗਵਾਨ, ਪ੍ਰਗਟ ਸਿੰਘ ਅਤੇ ਅਮਰਜੀਤ ਸਿੰਘ ਵੰਨਚਿੜੀ ਵੀ ਮੌਜੂਦ ਸਨ।


2026
VOTE
Dr Aisha Wahab
FOR
CONGRESS
TRUE LEADERSHIP
AUG 18
Aisha has consistently stood with our community, championing Sikh Americans and representing all people with a fair, balanced approach. Lets unite as community and VOTE for Aisha Wahab
ਸਾਰੀ ਕਮਿਊਨਿਟੀ ਨੂੰ ਅਪੀਲ ਹੈ ਕਿ ਡਾਕਟਰ ਆਇਸ਼ਾ ਵਹਾਬ ਜੋ ਕਿ ਕਾਂਗਰਸ ਦੀ ਸੀਟ ਲਈ ਖੜੇ ਹਨ ਉਹਨਾਂ ਨੂੰ ਵੱਧ ਤੋਂ ਵੋਟਾਂ ਵੱਧ ਵੋਟਾਂ ਪਾ ਕੇ ਕਾਮਯਾਬ ਬਣਾਓ। ਆਈਸ਼ਾ ਵਹਾਬ ਨੇ ਕੈਲੀਫੋਰਨੀਆ ਸਟੇਟ ਸੈਨੇਟਰ ਹੋਣ ਦੇ ਨਾਤੇ ਹਮੇਸ਼ਾ ਹੀ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕੀਤੀ ਅਤੇ ਕੌਮੀ ਮੁਸ਼ਕਲਾਂ ਵਿਚ ਹਮੇਸ਼ਾ ਸਾਡਾ ਸਾਥ ਦਿੱਤਾ
For more information call: 1-844-736-1984
SCOPE is not a political PAC and does not collect funds
Your Vote Can Make Change Today
ਸਰਬੱਤ ਦਾ ਭਲਾ
SCOPE
Sikh Community Organized for Political Engagement.
Courtesy by Sikh Community Bay Area

# ਹੰਗਾਮੇ ਭਰਪੂਰ ਰਿਹਾ ਪੰਜਾਬ ਵਿਧਾਨ ਸਭਾ ਦਾ 'ਮਾਨਸੂਨ ਸੈਸ਼ਨ'

## ਆਖ਼ਰੀ ਦਿਨ ਪਾਸ ਕੀਤੇ 9 ਬਿੱਲ, ਹੰਗਾਮੇ ਦੌਰਾਨ ਕੁੱਝ ਬਿੱਲਾਂ 'ਤੇ ਨਹੀਂ ਹੋਈ ਬਹਿਸ





ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਹੰਗਾਮੇ ਭਰਪੂਰ ਰਿਹਾ। ਇਸ ਦੌਰਾਨ ਕਾਂਗਰਸ ਨੇ ਗ਼ੈਰ ਪੰਜਾਬੀਆਂ ਨੂੰ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਦੇਣ ਅਤੇ ਹੋਰ ਮੁੱਦਿਆਂ 'ਤੇ ਪੰਜਾਬ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ। ਸੈਸ਼ਨ ਦੇ ਸਾਰੇ ਦਿਨ ਵਿਰੋਧੀ ਧਿਰ ਵੱਲੋਂ ਹੰਗਾਮਾ ਕੀਤਾ ਜਾਂਦਾ ਰਿਹਾ, ਜਿਸ ਕਾਰਨ ਕੁਝ ਸਮੇਂ ਲਈ ਵਿਧਾਨ ਸਭਾ ਦੀ ਕਾਰਵਾਈ ਵੀ ਰੁਕਦੀ ਰਹੀ। ਵਿਧਾਨ ਸਭਾ ਵਿੱਚ ਕਾਂਗਰਸ ਦੇ ਵਿਧਾਇਕਾਂ ਵੱਲੋਂ ਮੰਗ ਕੀਤੀ ਕਿ ਮਾਨਸੂਨ ਸੈਸ਼ਨ ਦਾ ਸਮਾਂ ਕੁਝ ਦਿਨ ਹੋਰ ਵਧਾਇਆ ਜਾਵੇ ਤਾਂ ਕਿ ਵਿਧਾਨ ਸਭਾ ਵਿੱਚ ਪਾਸ ਕੀਤੇ ਜਾਣ ਵਾਲੇ ਬਿਲਾਂ 'ਤੇ ਚੰਗੀ ਤਰ੍ਹਾਂ ਬਹਿਸ ਕੀਤੀ ਜਾ ਸਕੇ ਪਰ ਸਰਕਾਰ ਨੇ ਵਿਰੋਧੀ ਧਿਰ ਦੀ ਇਸ ਮੰਗ ਨੂੰ ਨਹੀਂ ਮੰਨਿਆ। ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਆਖਰੀ ਦਿਨ ਸਦਨ ਨੇ ਸਰਬਸੰਮਤੀ ਨਾਲ 'ਪੰਜਾਬ ਰਾਜ ਆਊਟਸੋਰਸਡ ਪਰਸੋਨਲ (ਟਰਾਂਜ਼ਿਸ਼ਨ ਟੂ ਕੰਟਰੈਕਚੁਅਲ ਐਂਗੇਜਮੈਂਟ) ਬਿੱਲ 2026' ਪਾਸ ਕਰਕੇ ਕਰੀਬ 28 ਹਜ਼ਾਰ ਆਊਟਸੋਰਸਡ ਮੁਲਾਜ਼ਮਾਂ ਨੂੰ ਕੰਟਰੈਕਟ 'ਤੇ ਰੱਖਣ ਲਈ ਰਾਹ ਪੱਧਰਾ ਕਰ ਦਿੱਤਾ ਹੈ ਪਰ ਪੱਕੇ ਹੋਣ ਦੀ ਝਾਕ 'ਚ ਬੈਠੇ ਹਜ਼ਾਰਾਂ ਮੁਲਾਜ਼ਮਾਂ ਦੀਆਂ ਆਸਾਂ ਨੂੰ ਬੂਰ ਨਹੀਂ ਪੈ ਸਕਿਆ। ਪੰਜਾਬ ਸਰਕਾਰ ਨੇ ਸਦਨ 'ਚ ਸੇਵਾਵਾਂ ਰੈਗੂਲਰ ਕਰਨ ਵਾਲਾ 'ਪੰਜਾਬ ਸਟੇਟ ਕੰਟਰੈਕਚੁਅਲ ਪਰਸੋਨਲ ਬਿੱਲ, 2026' ਪੇਸ਼ ਨਹੀਂ ਕੀਤਾ। ਸੈਸ਼ਨ ਦੇ ਆਖ਼ਰੀ ਦਿਨ ਨੌਂ ਬਿੱਲ ਪਾਸ ਕੀਤੇ ਗਏ ਅਤੇ ਦੋ ਧੰਨਵਾਦੀ ਮਤੇ ਪਾਸ ਕਰਨ ਮਗਰੋਂ ਸਦਨ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ।

ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੇ ਆਖ਼ਰੀ ਦਿਨ 9 ਬਿੱਲ ਪਾਸ ਕੀਤੇ ਗਏ। ਹਾਲਾਂਕਿ ਕੁੱਝ ਬਿੱਲਾਂ 'ਤੇ ਬਹਿਸ ਵੀ ਹੋਈ। ਜਾਣਕਾਰੀ ਅਨੁਸਾਰ ਪੰਜਾਬ ਵਿਧਾਨ ਸਭਾ 'ਚ ਪੰਜਾਬ ਕਾਮਨ ਇਨਫ਼ਰਾਸਟਰੱਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿੱਲ, 2026, ਦਿ ਪੰਜਾਬ ਰੈਗੂਲੇਸ਼ਨ ਆਫ਼ ਫ਼ੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿੱਲ, 2026, ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿੱਲ, 2026, ਐੱਮ. ਐੱਸ. ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿੱਲ, 2026, ਫ਼ਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿੱਲ, 2026, ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ, 2026, ਪੰਜਾਬ ਰਾਜ ਆਊਟਸੋਰਸਡ ਪਰਸੋਨਲ (ਟਰਾਂਜਿਸ਼ਨ ਟੂ ਕੰਟਰੈਕਟੂਅਲ ਇੰਗੇਜਮੈਂਟ) ਬਿੱਲ, 2026, ਪੰਜਾਬ ਪੰਚਾਇਤੀ ਰਾਜ (ਸੋਧ) ਬਿੱਲ, 2026 , ਪੰਜਾਬ ਪ੍ਰੋਟੈਕਸ਼ਨ ਆਫ਼ ਟ੍ਰੀਜ਼ ਬਿੱਲ, 2026 ਪਾਸ ਹੋਏ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਪ੍ਰਾਈਵੇਟ ਸਕੂਲ ਨਵੇਂ ਅਕਾਦਮਿਕ ਸੈਸ਼ਨ ਵਿੱਚ 5 ਫ਼ੀਸਦੀ ਤੋਂ ਜ਼ਿਆਦਾ ਫ਼ੀਸ ਨਹੀਂ ਵਧਾ ਸਕਣਗੇ। ਕਿਸੇ ਵੀ ਮੱਦ ਤਹਿਤ ਮਾਪਿਆਂ ਤੋਂ ਵਸੂਲੀ ਗਈ ਹਰ ਰਕਮ ਨੂੰ ਫ਼ੀਸ ਹੀ ਮੰਨਿਆ ਜਾਵੇਗਾ ਤੇ ਇਸ ਨੂੰ ਰੈਗੂਲੇਸ਼ਨ ਅਧੀਨ ਲਿਆਂਦਾ ਜਾਵੇਗਾ।

ਉਨ੍ਹਾਂ ਕਿਹਾ ਕਿ ਅਸੀਂ ਸਾਰੇ ਨਿੱਜੀ ਸਕੂਲਾਂ ਦਾ ਫ਼ਾਰੈਂਸਿਕ ਆਡਿਟ ਕਰਵਾਵਾਂਗੇ ਅਤੇ ਜ਼ਿਆਦਾ ਲਈ ਗਈ ਫ਼ੀਸ ਮਾਪਿਆਂ ਨੂੰ ਮੋੜਾਂਗੇ। ਉਲੰਘਣਾ ਕਰਨ 'ਤੇ ਪਹਿਲੀ ਵਾਰ 50 ਹਜ਼ਾਰ ਰੁਪਏ ਜੁਰਮਾਨਾ, ਦੂਜੀ ਵਾਰ ਇੱਕ ਲੱਖ ਰੁਪਏ ਦਾ ਜੁਰਮਾਨਾ ਤੇ ਤੀਜੀ ਵਾਰ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਇਹ ਬਿੱਲ ਕੁਝ ਦਿਨ ਪਹਿਲਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਦਨ ਵਿੱਚ ਪੇਸ਼ ਕੀਤਾ ਸੀ। ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਹੋਏ ਬਿੱਲਾਂ 'ਤੇ ਭਾਰੀ ਹੰਗਾਮਾ ਹੋਇਆ। ਸਪੀਕਰ ਨੇ ਜਦੋਂ ਸਦਨ ਵਿੱਚ ਬਿੱਲ ਪੇਸ਼ ਕਰਨ ਦੀ ਗੱਲ ਕਹੀ ਤਾਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਪਰਗਟ ਸਿੰਘ ਨੇ ਇਸ 'ਤੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਕੁਝ ਬਿੱਲਾਂ ਦੀ ਜਾਣਕਾਰੀ ਕੱਲ੍ਹ ਦਿੱਤੀ ਗਈ ਸੀ। ਉਨ੍ਹਾਂ 'ਤੇ ਬਹਿਸ ਲਈ ਪੂਰਾ ਸਮਾਂ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਅੱਜ ਹੀ ਸਦਨ ਅਣਮਿੱਥੇ ਸਮੇਂ ਲਈ ਉਠਾ ਦਿੱਤਾ ਜਾਵੇਗਾ। ਇਸ ਦੌਰਾਨ ਡਿਪਟੀ ਸਪੀਕਰ ਨੇ ਸਬੰਧਤ ਮੰਤਰੀਆਂ ਨੂੰ ਬਿੱਲ ਪੇਸ਼ ਕਰਨ ਲਈ ਕਿਹਾ ਅਤੇ ਬਿਨਾਂ ਬਹਿਸ ਦੇ ਹੀ ਬਿੱਲ ਪਾਸ ਕਰਵਾਉਣ ਲੱਗੇ।

### ਬਾਜਵਾ ਨੇ ਚੁੱਕਿਆ ਨੌਕਰੀਆਂ ਦਾ ਮੁੱਦਾ

ਪੰਜਾਬ ਵਿਧਾਨ ਸਭਾ ਸੈਸ਼ਨ ਦੇ ਆਖਰੀ ਦਿਨ ਦੀ ਕਾਰਵਾਈ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਨੌਜਵਾਨਾਂ ਦੀਆਂ ਨੌਕਰੀਆਂ ਦਾ ਮੁੱਦਾ ਚੁੱਕਿਆ। ਪ੍ਰਤਾਪ ਬਾਜਵਾ ਨੇ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਕੀਤੇ ਜਾ ਰਹੇ ਦਾਅਵਿਆਂ 'ਤੇ ਵੀ ਸਵਾਲ ਚੁੱਕਦੇ ਕਿਹਾ ਕਿ ਸਰਕਾਰ ਵੱਲੋਂ ਲਗਭਗ 65 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਮਿਲਣਾ ਖ਼ੁਸ਼ੀ ਦੀ ਗੱਲ ਹੈ ਪਰ ਇਸ ਪੂਰੇ ਮਾਮਲੇ ਦੀ ਹਕੀਕਤ ਵੀ ਸਾਹਮਣੇ ਆਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਲਗਭਗ 4 ਲੱਖ ਮੁਲਾਜ਼ਮ ਹਨ ਅਤੇ ਹਰ ਸਾਲ ਵੱਡੀ ਗਿਣਤੀ 'ਚ ਮੁਲਾਜ਼ਮ ਸੇਵਾਮੁਕਤ ਹੁੰਦੇ ਹਨ ਜਾਂ ਸੇਵਾ ਦੌਰਾਨ ਮੌਤ ਹੋਣ ਕਾਰਨ ਅਸਾਮੀਆਂ ਖਾਲੀ ਹੁੰਦੀਆਂ ਹਨ। ਬਾਜਵਾ ਮੁਤਾਬਕ ਜੇਕਰ ਪਿਛਲੇ ਪੰਜ ਸਾਲਾਂ ਦਾ ਹਿਸਾਬ ਲਗਾਇਆ ਜਾਵੇ ਤਾਂ ਖਾਲੀ ਹੋਈਆਂ ਅਸਾਮੀਆਂ ਦੀ ਗਿਣਤੀ ਵੀ ਕਾਫ਼ੀ ਵੱਡੀ ਬਣਦੀ ਹੈ। ਇਸ ਲਈ ਸਰਕਾਰ ਵੱਲੋਂ ਦਿੱਤੀਆਂ ਨੌਕਰੀਆਂ ਦੇ ਅੰਕੜਿਆਂ ਦਾ ਪੂਰਾ ਵੇਰਵਾ ਜਨਤਾ ਸਾਹਮਣੇ ਰੱਖਿਆ ਜਾਣਾ ਚਾਹੀਦਾ ਹੈ।

ਭਾਸ਼ਣ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਨੇ 65 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਹੈਲਥ ਵਰਕਰਾਂ ਦੀ ਲਿਸਟ ਵਿਖਾਉਂਦੇ ਹੋਏ ਕਿਹਾ ਕਿ 13 ਕਰਮਚਾਰੀਆਂ ਵਿਚੋਂ 10 ਤਾਂ ਹਰਿਆਣੇ ਵੀ ਹਨ, ਜਿਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿਹਤ ਕਰਮਚਾਰੀਆਂ ਦੀ ਜਿਹੜੀ ਸੂਚੀ ਹਾਲ ਹੀ 'ਚ ਸਾਹਮਣੇ ਆਈ ਹੈ, ਉਸ 'ਚ ਪੰਜਾਬ ਤੋਂ ਬਾਹਰ ਦੇ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਵਾਲਿਆਂ ਨੂੰ ਹਰਿਆਣਾ ਬਾਰਡਰ 'ਤੇ ਹੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਜਦਕਿ ਪੰਜਾਬ ਵਾਲਿਆਂ ਕਿਸੇ ਵੀ ਜਗ੍ਹਾ ਉੱਤੇ ਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਹੱਕ ਮਾਰਿਆ ਜਾ ਰਿਹਾ ਹੈ ਬਕਾਇਦਾ ਤੌਰ 'ਤੇ ਦਿੱਲੀ ਵਾਲਿਆਂ ਨੂੰ ਹੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਆਈ. ਟੀ. ਸੈੱਲ ਅਤੇ 'ਆਪ' ਵਲੰਟੀਅਰਾਂ ਨੂੰ ਹੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਦੀਆਂ ਨੌਕਰੀਆਂ 'ਚ ਦਿੱਲੀ, ਹਰਿਆਣਾ ਅਤੇ ਰਾਜਸਥਾਨ ਨਾਲ ਸਬੰਧਤ ਉਮੀਦਵਾਰਾਂ ਦੀ ਗਿਣਤੀ ਵੀ ਸਾਹਮਣੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਲਈ ਨੌਕਰੀਆਂ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਤਾਂ ਫਿਰ ਭਰਤੀ ਵਿੱਚ ਪੰਜਾਬੀਆਂ ਦੀ ਸਥਿਤੀ ਵੀ ਸਪੱਸ਼ਟ ਕੀਤੀ ਜਾਣੀ ਚਾਹੀਦੀ ਹੈ। ਬਾਜਵਾ ਨੇ ਸਰਕਾਰ ਤੋਂ ਇਸ ਸਬੰਧੀ ਪੂਰਾ ਵੇਰਵਾ ਅਤੇ ਅੰਕੜੇ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ ਸਰਕਾਰੀ ਨੌਕਰੀਆਂ ਵਿੱਚ ਕਿਹੜੇ ਰਾਜਾਂ ਦੇ ਉਮੀਦਵਾਰਾਂ ਦੀ ਚੋਣ ਹੋਈ ਹੈ ਅਤੇ ਪੰਜਾਬ ਦੇ ਨੌਜਵਾਨਾਂ ਦਾ ਹਿੱਸਾ ਕਿੰਨਾ ਹੈ।

### ਕਾਨੂੰਨ ਮੁਤਾਬਕ ਦਿੱਤੀਆਂ ਗਈਆਂ ਨੌਕਰੀਆਂ: ਬਲਬੀਰ ਸਿੰਘ

ਸਿਹਤ ਮੰਤਰੀ ਬਲਬੀਰ ਸਿੰਘ ਨੇ ਜਵਾਬ ਦਿੰਦੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਸਦਨ ਦੇ ਸਭ ਤੋਂ ਤਜ਼ਰਬੇਦਾਰ ਨੇਤਾ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਿੱਚ 237 ਬੰਦਿਆਂ ਦੀਆਂ ਅਸਾਮੀਆਂ ਕੱਢੀਆਂ ਗਈਆਂ ਸਨ, ਜਿਨ੍ਹਾਂ ਵਿਚੋਂ 13 ਬੱਚੇ ਹਰਿਆਣਾ ਦੇ ਸਨ। ਜਿਹੜੇ ਪੰਜਾਬ ਦੇ ਬੱਚੇ ਸਨ, ਉਨ੍ਹਾਂ ਨੂੰ ਮੁੱਖ ਮੰਤਰੀ ਵੱਲੋਂ ਡਿਗਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਸਿਰਫ਼ 13 ਬੱਚੇ ਹਰਿਆਣਾ ਦੇ ਸਨ, ਜਿਨ੍ਹਾਂ ਦੀਆਂ ਡਿਗਰੀਆਂ ਉਥੋਂ ਦੀਆਂ ਸਨ ਅਤੇ ਵੈਰੀਫਿਕੇਸ਼ਨ ਨੂੰ ਵੀ ਸਮਾਂ ਲੱਗਿਆ ਸੀ। ਇਸ ਕਰਕੇ ਉਨ੍ਹਾਂ ਨੂੰ ਬਾਰਡਰ ਕੋਲ ਨੌਕਰੀਆਂ ਦਿੱਤੀਆਂ ਗਈਆਂ। ਦੇਸ਼ ਇੱਕ ਹੈ ਅਤੇ ਇਨ੍ਹਾਂ ਦੀਆਂ ਸਰਕਾਰਾਂ ਵੇਲੇ ਦੇ ਕਾਨੂੰਨਾਂ ਮੁਤਾਬਕ ਹੀ ਸਾਰਿਆਂ ਨੂੰ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਾਡੇ ਬੱਚਿਆਂ ਨੂੰ ਵੀ ਦੂਰ ਜਾ ਕੇ ਨੌਕਰੀਆਂ ਕਰਨੀਆਂ ਪੈਂਦੀਆਂ ਹਨ। ਸਾਡੇ ਬੱਚੇ ਵੀ ਰਾਜਸਥਾਨ, ਹਰਿਆਣਾ ਵਿੱਚ ਜਾ ਕੇ ਨੌਕਰੀਆਂ ਕਰਦੇ ਹਨ।

### ਬਿੱਲ ਪੜ੍ਹਨ ਲਈ ਘੱਟੋ-ਘੱਟ ਤਿੰਨ ਦਿਨ ਦਾ ਸਮਾਂ ਦਿਓ

ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰ ਵੱਲੋਂ ਬਿੱਲ ਪੇਸ਼ ਕਰਨ ਦੇ ਤਰੀਕੇ 'ਤੇ ਸਵਾਲ ਖੜ੍ਹੇ ਕੀਤੇ। ਬਾਜਵਾ ਨੇ ਕਿਹਾ ਕਿ ਜੇਕਰ ਵਿਧਾਇਕਾਂ ਨੂੰ ਬਿੱਲਾਂ ਨੂੰ ਪੜ੍ਹਨ ਅਤੇ ਸਮਝਣ ਲਈ ਲੋੜੀਂਦਾ ਸਮਾਂ ਹੀ ਨਹੀਂ ਦਿੱਤਾ ਜਾਵੇਗਾ ਤਾਂ ਉਹ ਉਨ੍ਹਾਂ 'ਤੇ ਗੰਭੀਰਤਾ ਨਾਲ ਚਰਚਾ ਕਿਵੇਂ ਕਰ ਸਕਣਗੇ।

ਬਾਜਵਾ ਨੇ ਕਿਹਾ ਕਿ ਨੌਂ ਬਿੱਲਾਂ ਦੀ ਗੱਲ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚੋਂ ਤਿੰਨ ਬਿੱਲ ਸਵੇਰੇ ਹੀ ਵਿਧਾਇਕਾਂ ਦੇ ਸਾਹਮਣੇ ਆਏ ਹਨ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਘੱਟੋ-ਘੱਟ ਤਿੰਨ ਦਿਨ ਦਾ ਸਮਾਂ ਬਿੱਲਾਂ ਨੂੰ ਪੜ੍ਹਨ ਲਈ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਸਿਰਫ਼ ਸਮਾਂ ਪੂਰਾ ਕਰਨਾ ਹੀ ਮਕਸਦ ਹੈ ਤਾਂ ਇਸ ਤਰ੍ਹਾਂ ਇਕੋ ਦਿਨ 'ਚ ਬਿੱਲ ਲਿਆ ਕੇ ਪਾਸ ਕਰਨ ਦਾ ਕੋਈ ਫਾਇਦਾ ਨਹੀਂ। ਵਿਰੋਧੀ ਧਿਰ ਦੇ ਨੇਤਾ ਨੇ ਪਿਛਲੇ ਸਮੇਂ ਬੇਅਦਬੀ ਨਾਲ ਸਬੰਧਤ ਕਾਨੂੰਨ ਦੇ ਮਾਮਲੇ ਦਾ ਹਵਾਲਾ ਦਿੰਦੇ ਕਿਹਾ ਕਿ ਉਸ ਸਮੇਂ ਵੀ ਸਵਾਲ ਉੱਠਿਆ ਸੀ ਕਿ ਕੀ ਵਿਧਾਇਕਾਂ ਨੇ ਬਿੱਲ ਨੂੰ ਪੜ੍ਹਿਆ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਵਿਧਾਨ ਸਭਾ 'ਚ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਗੰਭੀਰ ਮਾਮਲਾ ਹੈ ਅਤੇ ਹਰ ਮੈਂਬਰ ਨੂੰ ਬਿੱਲ ਪੜ੍ਹ ਕੇ ਆਪਣੀ ਰਾਏ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ।

### ਬਿਜਲੀ ਬੋਰਡ ਦੀਆਂ ਅਸਾਮੀਆਂ ਨੂੰ ਲੈ ਕੇ ਵੀ ਸਵਾਲ

ਵਿਰੋਧੀ ਧਿਰ ਦੇ ਨੇਤਾ ਨੇ ਬਿਜਲੀ ਬੋਰਡ ਵਿੱਚ ਨਿਕਲੀਆਂ ਅਸਾਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੁੱਲ੍ਹ ਅਸਾਮੀਆਂ ਦੀ ਗਿਣਤੀ ਅਤੇ ਉਨ੍ਹਾਂ 'ਤੇ ਹੋਈ ਭਰਤੀ ਬਾਰੇ ਵੀ ਸਰਕਾਰ ਨੂੰ ਸਪੱਸ਼ਟ ਜਾਣਕਾਰੀ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਅਸਾਮੀਆਂ ਮੌਜੂਦ ਹਨ ਤਾਂ ਇਨ੍ਹਾਂ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਪਹਿਲ ਮਿਲਣੀ ਚਾਹੀਦੀ ਹੈ। ਬਾਜਵਾ ਨੇ ਸਰਕਾਰ ਨੂੰ ਕਿਹਾ ਕਿ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਦਾਅਵਿਆਂ ਦੇ ਨਾਲ-ਨਾਲ ਭਰਤੀ ਦੀ ਪੂਰੀ ਪਾਰਦਰਸ਼ੀ ਪ੍ਰਕਿਰਿਆ ਅਤੇ ਅੰਕੜੇ ਵੀ ਜਨਤਕ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਪਹਿਲਾਂ ਹੀ ਰੁਜ਼ਗਾਰ ਦੀ ਸਮੱਸਿਆ ਨਾਲ ਜੂਝ ਰਹੇ ਹਨ, ਇਸ ਲਈ ਸਰਕਾਰੀ ਨੌਕਰੀਆਂ ਵਿੱਚ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਬਾਜਵਾ ਨੇ ਕਿਹਾ ਕਿ ਵਿਧਾਨ ਸਭਾ ਵਿੱਚ ਬਿੱਲਾਂ 'ਤੇ ਵੀ ਗੰਭੀਰਤਾ ਨਾਲ ਚਰਚਾ ਹੋਣੀ ਚਾਹੀਦੀ ਹੈ ਅਤੇ ਰੋਜ਼ਗਾਰ ਦੇ ਮਾਮਲੇ ਵਿੱਚ ਵੀ ਸਰਕਾਰ ਨੂੰ ਸਿਰਫ਼ ਅੰਕੜੇ ਪੇਸ਼ ਕਰਨ ਦੀ ਬਜਾਏ ਉਨ੍ਹਾਂ ਦਾ ਪੂਰਾ ਹਿਸਾਬ ਲੋਕਾਂ ਸਾਹਮਣੇ ਰੱਖਣਾ ਚਾਹੀਦਾ ਹੈ।

### ਪ੍ਰਾਈਵੇਟ ਸਕੂਲਾਂ ਵੱਲੋਂ ਫ਼ੀਸਾਂ ਵਿੱਚ ਮਨਮਰਜ਼ੀ ਨਾਲ ਕੀਤੇ ਜਾਂਦੇ ਵਾਧੇ ਨੂੰ ਰੋਕਣ ਲਈ ਬਿੱਲ ਸਰਬਸੰਮਤੀ ਨਾਲ ਪਾਸ

ਪੰਜਾਬ ਵਿੱਚ ਪ੍ਰਾਈਵੇਟ ਸਕੂਲਾਂ ਵੱਲੋਂ ਫ਼ੀਸਾਂ ਵਿੱਚ ਮਨਮਰਜ਼ੀ ਨਾਲ ਕੀਤੇ ਜਾਂਦੇ ਵਾਧੇ ਨੂੰ ਰੋਕਣ ਲਈ ਇਕ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਅਖ਼ੀਰਲੇ ਦਿਨ ਸਿੱਖਿਆ ਮੰਤਰੀ ਨੇ 'ਪੰਜਾਬ ਗ਼ੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਦੀ ਫ਼ੀਸ ਦਾ ਰੈਗੂਲੇਸ਼ਨ (ਸੋਧ) ਬਿਲ, 2026' ਪੇਸ਼ ਕੀਤਾ, ਜਿਸ ਨੂੰ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।


ਇਸ ਬਿੱਲ ਦਾ ਮੰਤਵ ਪ੍ਰਾਈਵੇਟ ਸਕੂਲਾਂ ਵੱਲੋਂ ਫ਼ੀਸਾਂ ਵਿੱਚ ਬੇਹਿਸਾਬਾ ਵਾਧਾ ਕਰ ਕੇ ਮਾਪਿਆਂ ਦੀ ਕੀਤੀ ਜਾਂਦੀ ਲੁੱਟ ਨੂੰ ਨੱਥ ਪਾਉਣਾ ਹੈ। ਬਿੱਲ ਵਿੱਚ ਨਿਯਮਾਂ ਦੀ ਉਲੰਘਣਾ ਕਰ ਕੇ ਮਨਮਰਜ਼ੀ ਨਾਲ ਫ਼ੀਸਾਂ ਵਧਾਉਣ ਵਾਲੇ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਅਤੇ 5 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ।

(ਬਾਕੀ ਸਫ਼ਾ 26 'ਤੇ)

## ਅਮਰੀਕਾ ਦੀ ਅਦਾਲਤ ਪੰਨੂ ਹਤਿਆ ਸਾਜਿਸ਼ ਮਾਮਲੇ 'ਚ ਹੁਣ 20 ਨਵੰਬਰ ਨੂੰ ਸੁਣਾਏਗੀ ਸਜ਼ਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੀ ਇੱਕ ਸੰਘੀ ਅਦਾਲਤ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਕਬੂਲ ਕਰਨ ਵਾਲੇ ਨਿਖਿਲ ਗੁਪਤਾ ਨੂੰ 20 ਨਵੰਬਰ ਨੂੰ ਸਜ਼ਾ ਸੁਣਾਏਗੀ। ਨਿਊਯਾਰਕ ਦੇ ਸਦਰਨ ਡਿਸਟ੍ਰਿਕਟ ਦੀ ਸੰਘੀ ਅਦਾਲਤ ਨੇ ਗੁਪਤਾ ਨੂੰ ਸਜ਼ਾ ਸੁਣਾਉਣ ਲਈ ਪਹਿਲਾਂ 25 ਸਤੰਬਰ ਦੀ ਤਾਰੀਖ਼ ਤੈਅ ਕੀਤੀ ਸੀ ਪਰ ਕਤਲ ਦੀ ਸਾਜ਼ਿਸ਼ ਦੇ ਕਥਿਤ ਨਿਸ਼ਾਨੇ 'ਤੇ ਰਹੇ ਵਿਅਕਤੀ ਦੀ ਬੇਨਤੀ ਤੋਂ ਬਾਅਦ ਸੁਣਵਾਈ ਮੁਲਤਵੀ ਕਰ ਦਿੱਤੀ ਗਈ।

ਅਦਾਲਤੀ ਦਸਤਾਵੇਜ਼ਾਂ ਵਿੱਚ ਪੀੜਤ ਦੇ ਨਾਂਅ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਪਰ ਪੰਨੂ ਦੇ ਵਕੀਲ ਨੇ ਜਨਤਕ ਤੌਰ 'ਤੇ ਕਿਹਾ ਹੈ ਕਿ ਸੁਪਾਰੀ ਦੇ ਕੇ ਕਤਲ ਕਰਵਾਉਣ ਦੀ ਇਸ ਸਾਜ਼ਿਸ਼ ਵਿੱਚ ਪੰਨੂ ਹੀ ਨਿਸ਼ਾਨੇ 'ਤੇ ਸੀ। ਅਮਰੀਕਾ ਦੇ



ਸਦਰਨ ਡਿਸਟ੍ਰਿਕਟ ਆਫ਼ ਨਿਊਯਾਰਕ ਦੀ ਜ਼ਿਲ੍ਹਾ ਅਦਾਲਤ ਵਿੱਚ ਦਾਖ਼ਲ ਇੱਕ ਪੱਤਰ ਵਿੱਚ ਸਰਕਾਰੀ ਵਕੀਲਾਂ ਨੇ ਦੱਸਿਆ ਕਿ ਪੀੜਤ ਸਜ਼ਾ ਸੁਣਾਏ ਜਾਣ ਦੀ ਕਾਰਵਾਈ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ। ਉਸ ਨੇ 25 ਸਤੰਬਰ ਦੀ ਸੁਣਵਾਈ ਮੁਲਤਵੀ ਕਰਨ ਦੀ ਮੰਗ ਕੀਤੀ ਸੀ ਕਿਉਂਕਿ ਉਸ ਸਮੇਂ ਉਹ ਦੇਸ਼ ਤੋਂ ਬਾਹਰ ਹੋਵੇਗਾ। ਜੱਜ ਵਿਕਟਰ ਮਾਰੇਰੋ ਨੇ ਇਸ ਬੇਨਤੀ ਨੂੰ ਪ੍ਰਵਾਨ ਕਰਦਿਆਂ ਗੁਪਤਾ ਨੂੰ ਸਜ਼ਾ ਸੁਣਾਉਣ ਦੀ ਨਵੀਂ ਤਾਰੀਖ਼ 20 ਨਵੰਬਰ ਸਵੇਰੇ 10 ਵਜੇ ਤੈਅ ਕੀਤੀ ਹੈ।

ਨਿਖਿਲ ਗੁਪਤਾ ਨੇ ਪੰਨੂ ਦੇ ਕਤਲ ਦੀ ਸਾਜ਼ਿਸ਼ ਨਾਲ ਜੁੜੇ ਤਿੰਨੋਂ ਦੋਸ਼ਾਂ ਸੁਪਾਰੀ ਦੇ ਕੇ ਕਤਲ ਕਰਵਾਉਣਾ, ਸੁਪਾਰੀ ਦੇ ਕੇ ਕਤਲ ਦੀ ਸਾਜ਼ਿਸ਼ ਰਚਣਾ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ 13 ਫ਼ਰਵਰੀ ਨੂੰ ਅਦਾਲਤ ਵਿੱਚ ਆਪਣਾ ਦੋਸ਼ ਕਬੂਲ ਕਰ ਲਿਆ ਸੀ। ਕਾਨੂੰਨ ਮੁਤਾਬਕ ਸੁਪਾਰੀ ਦੇ ਕੇ ਕਤਲ ਕਰਵਾਉਣ ਦੇ ਮਾਮਲੇ ਵਿੱਚ ਵੱਧ ਤੋਂ ਵੱਧ 10 ਸਾਲ ਦੀ ਜੇਲ੍ਹ, ਇਸ ਦੀ ਸਾਜ਼ਿਸ਼ ਰਚਣ ਦੇ ਅਪਰਾਧ ਵਿੱਚ ਵੱਧ ਤੋਂ ਵੱਧ 10 ਸਾਲ ਦੀ ਜੇਲ੍ਹ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਵੱਧ ਤੋਂ ਵੱਧ 20 ਸਾਲ ਦੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਗੁਪਤਾ ਨੂੰ 30 ਜੂਨ 2023 ਨੂੰ ਚੈੱਕ ਗਣਰਾਜ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇੱਕ ਸਾਲ ਬਾਅਦ ਅਮਰੀਕਾ ਹਵਾਲੇ ਕੀਤਾ ਗਿਆ ਸੀ।

## ਆਰ.ਟੀ. ਇੰਟਰਨੈਸ਼ਨਲ ਵਿੱਚ ਛਪੇ ਆਰਟੀਕਲ ਦਾ ਨਿਊਜ਼ ਵਿਸ਼ਲੇਸ਼ਣ

# ਵਾਮਪੰਥੀ ਉਗਰਵਾਦ ਖ਼ਿਲਾਫ਼ ਟਰੰਪ ਦੀ ਆਲਮੀ ਜੰਗ

### ਵਾਸ਼ਿੰਗਟਨ ਵਿੱਚ 65 ਤੋਂ ਵੱਧ ਦੇਸ਼ਾਂ ਦੀ ਹੰਗਾਮੀ ਬੈਠਕ ਹੋਈ

### ਅਮਰੀਕਾ ਵੱਲੋਂ ਯੂਰੋਪ ਦੇ 4 ਵਾਮਪੰਥੀ ਗਰੁੱਪ ਅੱਤਵਾਦੀ ਸੰਗਠਨ ਘੋਸ਼ਿਤ

ਲੰਬੇ ਸਮੇਂ ਤੋਂ ਪੱਛਮੀ ਦੇਸ਼ਾਂ ਵਿੱਚ ਇਹ ਮੰਨਿਆ ਜਾਂਦਾ ਸੀ ਕਿ ਵਾਮਪੰਥੀ ਉਗਰਵਾਦ ਕੋਈ ਵੱਡਾ ਖ਼ਤਰਾ ਨਹੀਂ ਹੈ ਅਤੇ ਇਹ ਸ਼ੀਤ ਯੁੱਧ ਦੇ ਨਾਲ ਹੀ ਖ਼ਤਮ ਹੋ ਚੁੱਕਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਦੁਨੀਆ ਦੀਆਂ ਸੁਰੱਖਿਆ ਏਜੰਸੀਆਂ ਦਾ ਧਿਆਨ ਮੁੱਖ ਤੌਰ ’ਤੇ ਧਾਰਮਿਕ ਕੱਟੜਪੰਥ ਅਤੇ ਅੰਤਿਮ-ਸੱਜੇਪੱਖੀ ਸਮੂਹਾਂ ’ਤੇ ਹੀ ਰਿਹਾ।

ਹਾਲਾਂਕਿ, ਲਾਡਿਸਲਾਵ ਜ਼ੇਮਾਨੇਕ ਦੇ ਆਰਟੀ ਇੰਟਰਨੈਸ਼ਨਲ ਵਿੱਚ ਛਪੇ ਲੇਖ ਵਿੱਚ ਪੇਸ਼ ਕੀਤੇ ਗਏ ਤੱਥ ਦਰਸਾਉਂਦੇ ਹਨ ਕਿ ਅਤਿ-ਵਾਮਪੰਥੀ ਹਿੰਸਾ ਹੁਣ ਸਿਰਫ਼ ਸੜਕਾਂ ’ਤੇ ਨਾਅਰੇਬਾਜ਼ੀ ਜਾਂ ਧਰਨੇ-ਪ੍ਰਦਰਸ਼ਨਾਂ ਤੱਕ ਸੀਮਤ ਨਹੀਂ ਰਹੀ। ਇਹ ਹੁਣ ਇੱਕ ਸੰਗਠਿਤ, ਹਿੰਸਕ ਅਤੇ ਅੰਤਰਰਾਸ਼ਟਰੀ ਨੈੱਟਵਰਕ ਬਣ ਚੁੱਕੀ ਹੈ, ਜੋ ਦੇਸ਼ਾਂ ਦੇ ਬੁਨਿਆਦੀ ਢਾਂਚੇ (ਬਿਜਲੀ, ਰੇਲਵੇ, ਊਰਜਾ) ਨੂੰ ਨਿਸ਼ਾਨਾ ਬਣਾ ਰਹੀ ਹੈ। ਵਾਸ਼ਿੰਗਟਨ ਵਿੱਚ ਅਮਰੀਕਾ ਦੀ ਅਗਵਾਈ ਹੇਠ 65 ਤੋਂ ਵੱਧ ਦੇਸ਼ਾਂ ਦਾ ਇੱਕਜੁੱਟ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਵਿਸ਼ਵ ਦੀਆਂ ਸਰਕਾਰਾਂ ਹੁਣ ਇਸ ਨੂੰ ਇੱਕ ਗੰਭੀਰ ਆਲਮੀ ਖ਼ਤਰਾ ਮੰਨਣ ਲੱਗੀਆਂ ਹਨ।

**ਯੂਰਪ ਵਿੱਚ ਤੋੜ-ਫੋੜ ਅਤੇ ਆਮ ਜੀਵਨ ’ਤੇ ਹਮਲੇ**

ਲੇਖ ਵਿੱਚ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਵਾਪਰੀਆਂ ਘਟਨਾਵਾਂ ਦੇ ਅੰਕੜੇ ਦੇ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਾਮਪੰਥੀ ਸਮੂਹ ਕਿਸ ਤਰ੍ਹਾਂ ਆਮ ਲੋਕਾਂ ਦੀ ਜ਼ਿੰਦਗੀ ਨੂੰ ਦਹਿਸ਼ਤ ਭਰਪੂਰ ਬਣਾ ਰਹੇ ਹਨ।

ਜਰਮਨੀ ਵਿੱਚ ਸਾਲ 2025 ਦੌਰਾਨ ਤੋੜ-ਫੋੜ ਦੇ 321 ਤੋਂ ਵੱਧ ਮਾਮਲੇ ਦਰਜ ਕੀਤੇ ਗਏ, ਜੋ ਕਿ ਜ਼ਿਆਦਾਤਰ ਫੌਜ, ਪੁਲਿਸ, ਰੇਲਵੇ ਅਤੇ ਊਰਜਾ ਗ੍ਰਿਡਾਂ ਨਾਲ ਸਬੰਧਿਤ ਸਨ। 2026 ਦੇ ਸ਼ੁਰੂ ਵਿੱਚ ‘ਵੋਲਕੇਨੋ ਗਰੁੱਪ’ ਨਾਮਕ ਵਾਮਪੰਥੀ ਸੰਗਠਨ ਨੇ ਬਰਲਿਨ ਵਿੱਚ ਪਾਵਰ ਕੇਬਲਾਂ ਨੂੰ ਅੱਗ ਲਗਾ ਦਿੱਤੀ ਸੀ, ਜਿਸ ਨਾਲ ਕੜਾਕੇ ਦੀ ਠੰਢ ਵਿੱਚ ਹਜ਼ਾਰਾਂ ਘਰਾਂ, ਹਸਪਤਾਲਾਂ ਅਤੇ ਰੇਲ ਸੇਵਾਵਾਂ ਦੀ ਬਿਜਲੀ ਕਈ ਦਿਨਾਂ ਲਈ ਗੁੱਲ ਹੋ ਗਈ ਸੀ।

ਇਟਲੀ ਵਿੱਚ ‘ਵਿੰਟਰ ਉਲੰਪਿਕ’ ਦੌਰਾਨ ਰੇਲਵੇ ਲਾਈਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਕਾਰਨ ਲਗਭਗ 40,000 ਟ੍ਰੇਨਾਂ ਰੱਦ ਕਰਨੀਆਂ ਪਈਆਂ। ਅੰਕੜੇ ਦੱਸਦੇ



ਹਨ ਕਿ ਇਟਲੀ ਵਿੱਚ ਰੇਲਵੇ ’ਤੇ ਹਮਲਿਆਂ ਵਿੱਚ 450% ਦਾ ਵਾਧਾ ਹੋਇਆ ਸੀ।

ਯੂਨਾਨ ਵਿੱਚ 80% ਤੋਂ ਵੱਧ ਸਿਆਸੀ ਹਿੰਸਾ ਅਤਿ-ਵਾਮਪੰਥੀ ਸਮੂਹਾਂ ਦੁਆਰਾ ਕੀਤੀ ਜਾ ਰਹੀ ਹੈ।

ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ ਵਾਤਾਵਰਣ ਬਚਾਉਣ ਜਾਂ ਪੂੰਜੀਵਾਦ-ਵਿਰੋਧ ਦੇ ਨਾਂਅ ’ਤੇ ਸ਼ੁਰੂ ਹੋਏ ਅੰਦੋਲਨ ਹੁਣ ਹਿੰਸਕ ਰੂਪ ਧਾਰਨ ਕਰ ਚੁੱਕੇ ਹਨ।

**ਮੀਡੀਆ ਅਤੇ ਉਦਾਰਵਾਦੀ ਸਥਾਪਤੀ ’ਤੇ ਦੋਹਰੇ ਮਾਪਦੰਡਾਂ ਦਾ ਦੋਸ਼**

ਇਸ ਲੇਖ ਦਾ ਇੱਕ ਮਹੱਤਵਪੂਰਨ ਪੱਖ ਪੱਛਮੀ ਦੇਸ਼ਾਂ ਦੇ ਮੀਡੀਆ ਅਤੇ ਸਿਆਸੀ ਨੇਤਾਵਾਂ ਦੇ ਦੋਹਰੇ ਮਾਪਦੰਡਾਂ ਨੂੰ ਨੰਗਾ ਕਰਨਾ ਹੈ: ਜਦੋਂ ਸੱਜੇਪੱਖੀ ਗਰੁੱਪ ਕੋਈ ਘਟਨਾ ਕਰਦੇ ਹਨ, ਤਾਂ ਮੀਡੀਆ ਉਸ ਨੂੰ ਤੁਰੰਤ ‘ਲੋਕਤੰਤਰ ਲਈ ਖ਼ਤਰਾ’ ਘੋਸ਼ਿਤ ਕਰ ਦਿੰਦਾ ਹੈ। ਪਰ ਜਦੋਂ ਵਾਮਪੰਥੀ ਗਰੁੱਪ ਬਿਜਲੀ ਗ੍ਰਿਡ ਫੂਕਦੇ ਹਨ ਜਾਂ ਰੇਲਵੇ ਲਾਈਨਾਂ ਤਬਾਹ ਕਰਦੇ ਹਨ, ਤਾਂ ਉਸ ਨੂੰ ‘ਸਮਾਜਿਕ ਵਿਰੋਧ’ ਜਾਂ ‘ਇਨਸਾਫ਼ ਦੀ ਲੜਾਈ’ ਕਹਿ ਕੇ ਟਾਲ ਦਿੱਤਾ ਜਾਂਦਾ ਹੈ।

ਲੇਖਕ ਅਨੁਸਾਰ ਇਸ ਅਣਗਹਿਲੀ ਕਾਰਨ ਹੀ ਇਹਨਾਂ ਉਗਰਵਾਦੀ ਗਰੁੱਪਾਂ ਦੇ ਹੌਸਲੇ ਬੁਲੰਦ ਹੋਏ ਹਨ। ਉਹਨਾਂ ਨੂੰ ਲੱਗਦਾ ਹੈ ਕਿ ਉਹ ਆਦਰਸ਼ਵਾਦ ਦੇ ਨਾਂਅ ’ਤੇ ਕੋਈ ਵੀ ਹਿੰਸਾ ਕਰ ਸਕਦੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਨਹੀਂ ਮਿਲੇਗੀ।

**ਫੰਡਿੰਗ ਨੈੱਟਵਰਕ ਅਤੇ ਸੰਸਥਾਗਤ ਮਦਦ**

ਵਾਮਪੰਥੀ ਉਗਰਵਾਦ ਸਿਰਫ਼ ਸੜਕਾਂ ਤੱਕ ਸੀਮਤ ਨਹੀਂ ਹੈ, ਇਸ ਦੇ ਪਿੱਛੇ ਇੱਕ ਵੱਡਾ ਵਿੱਤੀ ਅਤੇ ਬੌਧਿਕ ਨੈੱਟਵਰਕ ਕੰਮ ਕਰ ਰਿਹਾ ਹੈ:

ਲੇਖ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਜਾਰਜ ਸੋਰੋਸ ਦੀਆਂ ਸੰਸਥਾਵਾਂ ਅਤੇ ਜਰਮਨੀ ਦੀ ‘ਰੋਜ਼ਾ ਲਕਸਮਬਰਗ ਸਟਿਫਟੰਗ’ ਵਰਗੇ ਐਨ.ਜੀ.ਓ. ਅਸਿੱਧੇ ਤੌਰ ’ਤੇ ਇਹਨਾਂ ਰੈਡੀਕਲ ਗਰੁੱਪਾਂ ਨੂੰ ਪੈਸਾ ਅਤੇ ਕਾਨੂੰਨੀ ਮਦਦ ਮੁਹੱਈਆ ਕਰਵਾਉਂਦੇ ਹਨ। ਇਹਨਾਂ ਨੈੱਟਵਰਕਾਂ ਨੇ ਯੂਰੋਪੀਅਨ ਯੂਨੀਅਨ ਦੀਆਂ ਕਈ ਸਰਕਾਰੀ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਥਿੰਕ-ਟੈਂਕਾਂ ਵਿੱਚ ਆਪਣੇ ਵਿਚਾਰਧਾਰਕ ਪੈਰ ਪਸਾਰ ਲਏ ਹਨ, ਜਿਸ ਕਾਰਨ ਸਰਕਾਰਾਂ ਇਹਨਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਤੋਂ ਝਿਜਕਦੀਆਂ ਹਨ।

**ਟਰੰਪ ਪ੍ਰਸ਼ਾਸਨ ਦਾ ਆਲਮੀ ਐਕਸ਼ਨ ਪਲਾਨ**

ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਸਰਕਾਰ ਨੇ ਇਸ ਸਮੱਸਿਆ ਨਾਲ ਨਜਿੱਠਣ ਲਈ ਇੱਕ ਆਲਮੀ ਮੋਰਚਾ ਖੋਲ੍ਹਿਆ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਬੁਲਾਈ ਗਈ 65 ਦੇਸ਼ਾਂ ਦੀ ਬੈਠਕ ਵਿੱਚ ਤਿੰਨ ਮੁੱਖ ਫੈਸਲੇ ਲਏ ਗਏ:

ਜਰਮਨੀ, ਇਟਲੀ ਅਤੇ ਯੂਨਾਨ ਦੇ 4 ਹਿੰਸਕ ਵਾਮਪੰਥੀ ਸਮੂਹਾਂ ਨੂੰ ਅਮਰੀਕਾ ਨੇ ਅੱਤਵਾਦੀ ਸੰਗਠਨਾਂ ਦੀ ਸੂਚੀ ਵਿੱਚ ਪਾ ਦਿੱਤਾ ਹੈ।

(ਬਾਕੀ ਸਫ਼ਾ 26 ’ਤੇ)

## ਅਮਰੀਕਾ ਵੱਲੋਂ ਵੀਜ਼ਾਂ ਨਿਯਮ ਹੋਰ ਸਖ਼ਤ

# ਅਧੂਰੇ ਵੀਜ਼ਾ ਤੇ ਗ੍ਰੀਨ ਕਾਰਡ ਅਰਜ਼ੀਆਂ ਹੋਣਗੀਆਂ ਰੱਦ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਇਮੀਗ੍ਰੇਸ਼ਨ ਨਾਲ ਸਬੰਧਿਤ ਲਾਭਾਂ ਲਈ ਪ੍ਰਕਿਰਿਆ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਇਮੀਗ੍ਰੇਸ਼ਨ ਅਧਿਕਾਰੀ ਹੁਣ ਵੀਜ਼ਾ, ਗ੍ਰੀਨ ਕਾਰਡ, ਨਾਗਰਿਕਤਾ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਲਈ ਅਰਜ਼ੀਆਂ ਨੂੰ ਰੱਦ ਕਰ ਸਕਦੇ ਹਨ। ਜੇਕਰ ਉਹ ਅਧੂਰੇ ਹਨ ਜਾਂ ਲੋੜੀਂਦੇ ਦਸਤਾਵੇਜ਼ਾਂ ਦੀ ਘਾਟ ਬਿਨਾਂ ਵਾਧੂ ਸਬੂਤ ਦੀ



ਬੇਨਤੀ ਕੀਤੇ ਹੈ। ਇਹ ਬਦਲਾਅ ਤੁਰੰਤ ਪ੍ਰਭਾਵ ਵਿੱਚ ਆਇਆ ਹੈ ਅਤੇ ਅਮਰੀਕਾ ਵਿੱਚ ਪੜ੍ਹਾਈ, ਕੰਮ ਕਰਨ ਜਾਂ ਸੈਟਲ ਹੋਣ ਦੀ ਇੱਛਾ ਰੱਖਣ ਵਾਲੇ ਹਜ਼ਾਰਾਂ ਭਾਰਤੀ ਬਿਨੈਕਾਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਨੇ ਐਲਾਨ ਕੀਤਾ ਹੈ ਕਿ ਬਿਨੈਕਾਰਾਂ ਨੂੰ ਅਰਜ਼ੀ ਦਾਇਰ ਕਰਦੇ ਸਮੇਂ ਹੀ ਇਮੀਗ੍ਰੇਸ਼ਨ ਲਾਭ ਲਈ ਆਪਣੀ ਯੋਗਤਾ ਸਾਬਤ ਕਰਨੀ ਪਵੇਗੀ। ਨਵੇਂ ਨਿਯਮਾਂ ਦੇ ਤਹਿਤ ਜੇਕਰ ਕਿਸੇ ਅਰਜ਼ੀ ਵਿੱਚ ਲੋੜੀਂਦੇ ਸ਼ੁਰੂਆਤੀ ਸਬੂਤਾਂ ਦੀ ਘਾਟ ਹੈ ਜਾਂ ਯੋਗਤਾ ਸਥਾਪਤ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਅਧਿਕਾਰੀ ਸਬੂਤ ਲਈ ਬੇਨਤੀ ਜਾਂ ਇਨਕਾਰ ਕਰਨ ਦੇ ਇਰਾਦੇ ਦਾ ਨੋਟਿਸ ਜਾਰੀ ਕੀਤੇ ਬਿਨਾਂ ਬੇਨਤੀ ਨੂੰ ਰੱਦ ਕਰ ਸਕਦੇ ਹਨ। ਯੂ.ਐਸ.ਸੀ.ਆਈ.ਐਸ. ਨੇ ਕਿਹਾ, ‘ਇਹ ਪਟੀਸ਼ਨਕਰਤਾ ਦੀ ਜ਼ਿੰਮੇਵਾਰੀ ਹੈ ਕਿ ਉਹ ਫਾਈਲ ਕਰਨ ਦੇ ਸਮੇਂ ਲਾਭ ਲਈ ਯੋਗਤਾ ਸਥਾਪਤ ਕਰੇ ਅਤੇ ਨਿਰਣੇ ਦੇ ਸਮੇਂ ਤੱਕ ਉਸ ਯੋਗਤਾ ਨੂੰ ਬਣਾਈ ਰੱਖੇ।’ ਏਜੰਸੀ ਨੇ ਨੋਟ ਕੀਤਾ ਕਿ ਇਸਦੇ ਅਰਜ਼ੀ ਫਾਰਮ ਅਤੇ ਨਾਲ ਦੀਆਂ ਹਦਾਇਤਾਂ ਪਹਿਲਾਂ ਹੀ ਹਰੇਕ ਇਮੀਗ੍ਰੇਸ਼ਨ ਲਾਭ ਲਈ ਲੋੜੀਂਦੇ ਦਸਤਾਵੇਜ਼ਾਂ ਅਤੇ ਸਬੂਤਾਂ ਨੂੰ ਦਰਸਾਉਂਦੀਆਂ ਹਨ, ਜਿਸ ਨਾਲ ਬਿਨੈਕਾਰ ਫਾਈਲਿੰਗ ਦੇ ਸਮੇਂ ਪੂਰੀ ਜਾਣਕਾਰੀ ਅਤੇ ਦਸਤਾਵੇਜ਼ ਜਮ੍ਹਾਂ ਕਰ ਸਕਦੇ ਹਨ। ਅਮਰੀਕਾ ਪ੍ਰਸ਼ਾਸਨ ਨੇ ਕਿਹਾ ਕਿ ਇਹ ਨੀਤੀ ਆਪਣੇ ਕਾਰਜਾਂ ਨੂੰ ਲੰਬੇ ਸਮੇਂ ਤੋਂ ਚੱਲ ਰਹੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਨਿਯਮਾਂ ਨਾਲ ਬਿਹਤਰ ਢੰਗ ਨਾਲ ਇਕਸਾਰ ਕਰਦੀ ਹੈ, ਇਮੀਗ੍ਰੇਸ਼ਨ ਪ੍ਰਣਾਲੀ ਦੀ ਇਕਸਾਰਤਾ ਨੂੰ ਮਜ਼ਬੂਤ ਕਰਦੀ ਹੈ, ਅਤੇ ਉਹਨਾਂ ਲਾਭਾਂ ਲਈ ਬੇਨਤੀਆਂ ਦਾਇਰ ਕਰਨ ਨੂੰ ਨਿਰਾਸ਼ ਕਰਦੀ ਹੈ ਜਿਨ੍ਹਾਂ ਨੂੰ ਏਜੰਸੀ ‘ਬੇਤੁਕੀ’ ਸਮਝਦੀ ਹੈ।

ਨਵੇਂ ਦਿਸ਼ਾ-ਨਿਰਦੇਸ਼ ਬਿਡੇਨ ਪ੍ਰਸ਼ਾਸਨ ਦੌਰਾਨ ਅਪਣਾਈ ਗਈ ਨੀਤੀ ਤੋਂ ਇੱਕ ਤਬਦੀਲੀ ਨੂੰ ਦਰਸਾਉਂਦੇ ਹਨ। ਉਸ ਨੀਤੀ ਦੇ ਤਹਿਤ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਆਮ ਤੌਰ ’ਤੇ ਲਾਭ ਅਰਜ਼ੀ ਨੂੰ ਰੱਦ ਕਰਨ ਤੋਂ ਪਹਿਲਾਂ ‘ਸਬੂਤ ਲਈ ਬੇਨਤੀ’ ਜਾਰੀ ਕਰਨ ਦੀ ਸਲਾਹ ਦਿੱਤੀ ਜਾਂਦੀ ਸੀ, ਭਾਵੇਂ ਫਾਈਲਿੰਗ ਅਧੂਰੀ ਹੋਵੇ ਜਾਂ ਜਮ੍ਹਾਂ ਕਰਨ ਦੇ ਸਮੇਂ ਜ਼ਰੂਰੀ ਦਸਤਾਵੇਜ਼ਾਂ ਦੀ ਘਾਟ ਹੋਵੇ। ਟਰੰਪ ਪ੍ਰਸ਼ਾਸਨ ਦੇ ਅਨੁਸਾਰ, ਪਿਛਲੀ ਪਹੁੰਚ ਦਾ ਮਤਲਬ ਸੀ ਕਿ ਅਧੂਰੀਆਂ ਜਾਂ ਮਹੱਤਵਪੂਰਨ ਤੌਰ ’ਤੇ ਘਾਟ ਵਾਲੀਆਂ ਅਰਜ਼ੀਆਂ ਨੇ ਹੋਰ ਲੰਬਿਤ ਮਾਮਲਿਆਂ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੱਤਾ। ਏਜੰਸੀ ਨੇ ਇਹ ਵੀ ਨੋਟ ਕੀਤਾ ਕਿ ਇਸ ਨਾਲ ਕੁਝ ਬਿਨੈਕਾਰਾਂ ਨੂੰ ਆਪਣੀ ਪ੍ਰਾਇਮਰੀ ਬੇਨਤੀ ’ਤੇ ਫੈਸਲੇ ਦੀ ਉਡੀਕ ਕਰਦੇ ਹੋਏ ਸੰਬੰਧਿਤ

(ਬਾਕੀ ਸਫ਼ਾ 26 ’ਤੇ)

# ਗੌਤਮ ਅਡਾਨੀ ਵਿਰੁੱਧ ਅਮਰੀਕੀ ਅਦਾਲਤ ’ਚ ਬੰਦ ਹੋਇਆ ਅਪਰਾਧਿਕ ਮਾਮਲਾ



ਨਿਊਯਾਰਕ/ਏ.ਟੀ.ਨਿਊਜ਼: ਇੱਕ ਅਮਰੀਕੀ ਅਦਾਲਤ ਨੇ ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ, ਉਨ੍ਹਾਂ ਦੇ ਭਤੀਜੇ ਸਾਗਰ ਅਡਾਨੀ ਅਤੇ ਅਡਾਨੀ ਗ੍ਰੀਨ ਦੇ ਸਾਬਕਾ ਸੀ.ਈ.ਓ. ਵਿਨੀਤ ਜੈਨ ਵਿਰੁੱਧ ਚੱਲ ਰਹੇ ਕਥਿਤ ਧੋਖਾਧੜੀ ਅਤੇ ਰਿਸ਼ਵਤਖੋਰੀ ਦੇ ਅਪਰਾਧਿਕ ਮਾਮਲੇ ਨੂੰ ਖਾਰਜ ਕਰ ਦਿੱਤਾ ਹੈ। ਇਸ ਫੈਸਲੇ ਨਾਲ ਪਿਛਲੇ ਲਗਭਗ ਦੋ ਸਾਲਾਂ ਤੋਂ ਚੱਲ ਰਹੀ ਕਾਨੂੰਨੀ ਕਾਰਵਾਈ ਪੂਰੀ ਤਰ੍ਹਾਂ ਸਮਾਪਤ ਹੋ ਗਈ ਹੈ। ਈਸਟਰਨ ਡਿਸਟ੍ਰਿਕਟ ਆਫ਼ ਨਿਊਯਾਰਕ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਨਿਕੋਲਸ ਗਾਰੌਫਿਸ ਨੇ ਅਮਰੀਕੀ ਨਿਆਂ ਵਿਭਾਗ ਦੀ ਗ੍ਰਿਫ਼ਤਾਰੀ ਪੱਤਰ/ਦੋਸ਼ਾਂ ਨੂੰ ਵਾਪਸ ਲੈਣ ਦੀ ਪਟੀਸ਼ਨ ਨੂੰ ਪ੍ਰਵਾਨਗੀ ਦੇ ਦਿੱਤੀ। ਅਦਾਲਤ ਨੇ ਇਹ ਮਾਮਲਾ ਖਾਰਜ ਕੀਤਾ ਹੈ, ਜਿਸ ਦਾ ਮਤਲਬ ਹੈ ਕਿ ਇਹ ਅਪਰਾਧਿਕ ਕਾਰਵਾਈਆਂ ਪੱਕੇ ਤੌਰ ’ਤੇ ਬੰਦ ਹੋ ਗਈਆਂ ਹਨ ਅਤੇ ਇਹਨਾਂ ਦੋਸ਼ਾਂ ਨੂੰ ਦੁਬਾਰਾ ਦਰਜ ਨਹੀਂ ਕੀਤਾ ਜਾ ਸਕਦਾ। ਇਹ ਮਾਮਲਾ ਨਵੰਬਰ 2024 ਵਿੱਚ ਸ਼ੁਰੂ ਹੋਇਆ ਸੀ, ਜਦੋਂ ਅਮਰੀਕੀ ਸਰਕਾਰੀ ਵਕੀਲਾਂ ਨੇ ਦੋਸ਼ ਲਗਾਇਆ ਸੀ ਕਿ ਅਡਾਨੀ ਗਰੁੱਪ ਦੇ ਅਧਿਕਾਰੀਆਂ ਨੇ ਭਾਰਤ ਵਿੱਚ ਸੌਰ ਊਰਜਾ ਦੇ ਠੇਕੇ ਪ੍ਰਾਪਤ ਕਰਨ ਲਈ ਭਾਰਤੀ ਸਰਕਾਰੀ ਅਧਿਕਾਰੀਆਂ ਨੂੰ 250 ਮਿਲੀਅਨ ਅਮਰੀਕੀ ਡਾਲਰ ਦੀ ਰਿਸ਼ਵਤ ਦੇਣ ਦੀ ਸਾਜ਼ਿਸ਼ ਰਚੀ ਸੀ। ਅਡਾਨੀ ਗਰੁੱਪ ਨੇ ਸ਼ੁਰੂ ਤੋਂ ਹੀ ਇਹਨਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਖਾਰਜ ਕੀਤਾ ਸੀ। ਅਦਾਲਤ ਵਿੱਚ ਆਪਣੀ ਪਟੀਸ਼ਨ ਦੌਰਾਨ ਟਰੰਪ ਪ੍ਰਸ਼ਾਸਨ ਦੇ ਨਿਆਂ ਵਿਭਾਗ ਨੇ ਕਿਹਾ ਕਿ ਇਸ ਕੇਸ ਨੂੰ ਅੱਗੇ ਵਧਾਉਣਾ ਹੁਣ ਨਿਆਂ ਦੇ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਇਹ ਦਲੀਲ ਦਿੱਤੀ ਕਿ ਇਹ ਮਾਮਲਾ ਮੁੱਖ ਤੌਰ ’ਤੇ ਭਾਰਤ ਨਾਲ ਸਬੰਧਤ ਸੀ, ਜਿੱਥੇ ਭਾਰਤੀ ਅਧਿਕਾਰੀ ਪਹਿਲਾਂ ਹੀ ਇਸ ਦੀ ਸਮੀਖਿਆ ਕਰ ਚੁੱਕੇ ਹਨ।

(ਬਾਕੀ ਸਫ਼ਾ 26 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

### ਵਟਸਐਪ ਫਾਰਵਰਡਜ਼ ਦਾ ਬਦਲਿਆ ਰੁੱਖ

# ਪਰੰਪਰਾਗਤ ਵੋਟ ਬੈਂਕ ਭਾਜਪਾ ਦੇ ਵਿਰੋਧ ਵਿੱਚ

## ਭਾਜਪਾ ਨੂੰ ਦੇਣੇ ਪੈ ਰਹੇ ਨੇ ਸਪੱਸ਼ਟੀਕਰਨ ਵੀਡੀਓਜ਼

## 'ਕਾਕਰੋਚ ਜਨਤਾ ਪਾਰਟੀ' ਨੇ 4-ਸੂਤਰੀ ਏਜੰਡੇ ਨਾਲ ਭਾਜਪਾ ਲਈ ਖੜ੍ਹੀ ਕੀਤੀ ਨਵੀਂ ਰਾਜਨੀਤਿਕ ਚੁਣੌਤੀ

ਭਾਰਤੀ ਰਾਜਨੀਤੀ ਵਿੱਚ ਸੋਸ਼ਲ ਮੀਡੀਆ ਅਤੇ ਡਿਜੀਟਲ ਸੰਚਾਰ ਦਾ ਪ੍ਰਭਾਵ ਪਿਛਲੇ ਇੱਕ ਦਹਾਕੇ ਤੋਂ ਅਤਿਅੰਤ ਨਿਰਣਾਇਕ ਰਿਹਾ ਹੈ। ਸਾਲ 2014 ਤੋਂ ਬਾਅਦ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵਟਸਐਪ, ਫੇਸਬੁੱਕ ਅਤੇ ਐਕਸ (ਟਵਿੱਟਰ) ਵਰਗੇ ਪਲੇਟਫਾਰਮਾਂ ਦੀ ਵਰਤੋਂ ਰਾਹੀਂ ਆਪਣੇ ਰਾਜਨੀਤਿਕ ਸੁਨੇਹਿਆਂ, ਚੋਣ ਪ੍ਰਚਾਰ ਅਤੇ ਸੰਗਠਨਾਤਮਕ ਏਜੰਡੇ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਵਿੱਚ ਵਿਆਪਕ ਮੁਹਾਰਤ ਹਾਸਲ ਕੀਤੀ। ਇਸ ਡਿਜੀਟਲ ਨੈੱਟਵਰਕ ਰਾਹੀਂ ਵਿਰੋਧੀ ਧਿਰਾਂ 'ਤੇ ਸਿਆਸੀ ਨਿਸ਼ਾਨੇ ਲਗਾਏ ਗਏ ਅਤੇ ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕੀਤਾ ਗਿਆ। ਹਾਲਾਂਕਿ, ਹਾਲੀਆ ਘਟਨਾਕ੍ਰਮ ਇਹ ਸਾਫ਼ ਦਰਸਾਉਂਦੇ ਹਨ ਕਿ ਜਿਸ ਡਿਜੀਟਲ ਹਥਿਆਰ ਨੇ ਭਾਜਪਾ ਨੂੰ ਚੋਣਾਂ ਵਿੱਚ ਵੱਡਾ ਲਾਭ ਪਹੁੰਚਾਇਆ ਸੀ, ਅੱਜ ਉਹੀ ਮੈਸੇਜਿੰਗ ਐਪਸ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਪਾਰਟੀ ਲਈ ਇੱਕ ਵੱਡੀ ਚੁਣੌਤੀ ਅਤੇ ਚਿੰਤਾ ਦਾ ਵਿਸ਼ਾ ਬਣ ਰਹੇ ਹਨ।

**ਭਾਜਪਾ ਲਈ ਵਟਸਐਪ ਫਾਰਵਰਡਜ਼ ਅਤੇ ਨੈਰੇਟਿਵ ਦੀ ਚਿੰਤਾ**

ਭਾਜਪਾ ਲਈ ਸਭ ਤੋਂ ਵੱਡੀ ਪ੍ਰੇਸ਼ਾਨੀ ਇਹ ਬਣ ਚੁੱਕੀ ਹੈ ਕਿ ਹੁਣ ਵਟਸਐਪ ਵਰਗੇ ਗੁਪਤ ਕੋਡ ਵਿੱਚ ਮੈਸੇਜਿੰਗ ਪਲੇਟਫਾਰਮਾਂ 'ਤੇ ਸਰਕਾਰ ਦੀਆਂ ਨੀਤੀਆਂ ਅਤੇ ਫੈਸਲਿਆਂ ਵਿਰੁੱਧ ਸੁਨੇਹੇ ਤੇਜ਼ੀ ਨਾਲ ਵਾਇਰਲ ਹੋ ਰਹੇ ਹਨ। ਉਦਾਹਰਨ ਦੇ ਤੌਰ 'ਤੇ, ਈ-20 (ਇਥੇਨੌਲ ਮਿਸ਼ਰਤ ਪੈਟਰੋਲ) ਨੂੰ ਲੈ ਕੇ ਫੈਲ ਰਹੀਆਂ ਭਰਮਾਊ ਗੱਲਾਂ ਅਤੇ ਨਕਾਰਾਤਮਕ ਸੰਦੇਸ਼ਾਂ ਦੇ ਖੰਡਨ ਲਈ ਭਾਜਪਾ ਨੂੰ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲਾਂ ਤੋਂ ਵਿਸ਼ੇਸ਼ ਵੀਡੀਓ ਜਾਰੀ ਕਰਕੇ ਸਪੱਸ਼ਟੀਕਰਨ ਦੇਣਾ ਪਿਆ। ਇਸ ਤੋਂ ਇਲਾਵਾ, ਯੂਜੀਸੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਥਾਨਕ ਰਾਜਨੀਤਿਕ ਬਿਆਨਬਾਜ਼ੀ ਕਾਰਨ ਪੈਦਾ ਹੋਏ ਭਰਮ ਕਰਕੇ ਪਾਰਟੀ ਦੇ ਪਰੰਪਰਾਗਤ ਸਮਰਥਕ ਵਰਗਾਂ ਵਿੱਚ ਵੀ ਅਸੰਤੋਸ਼ ਦੇਖਣ ਨੂੰ ਮਿਲਿਆ ਹੈ। ਜੋ ਟੂਲ ਕਦੇ ਵਿਰੋਧੀਆਂ ਵਿਰੁੱਧ ਪ੍ਰਚਾਰ ਕਰਨ ਲਈ ਸਭ ਤੋਂ ਕਾਰਗਰ ਸੀ, ਹੁਣ ਉਹੀ ਮਾਸ-ਫਾਰਵਰਡਿੰਗ ਤਕਨੀਕ ਸਰਕਾਰ ਦੇ ਆਪਣੇ ਨੈਰੇਟਿਵ ਲਈ ਚੁਣੌਤੀ ਬਣਦੀ ਜਾ ਰਹੀ ਹੈ।

**'ਕਾਕਰੋਚ ਜਨਤਾ ਪਾਰਟੀ' ਦਾ 4-ਸੂਤਰੀ ਏਜੰਡਾ ਕੀ ਹੈ ?**

ਇਸੇ ਬਦਲਦੇ ਰਾਜਨੀਤਿਕ ਦ੍ਰਿਸ਼ਟੀਕੋਣ ਦੇ ਵਿਚਕਾਰ 'ਕਾਕਰੋਚ ਜਨਤਾ ਪਾਰਟੀ' ਅਤੇ ਇਸ ਦੇ 'ਕਿਆ ਬੋਲਤੀ ਪਬਲਿਕ' ਮੁਹਿੰਮ ਨੇ ਦੇਸ਼ ਭਰ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਅਭਿਜੀਤ ਦੀਪਕੇ ਅਤੇ ਸੌਰਵ ਦਾਸ ਵਰਗੇ ਆਗੂਆਂ ਦੇ ਸੰਚਾਲਨ ਹੇਠ ਸ਼ੁਰੂ ਹੋਏ ਇਸ ਅੰਦੋਲਨ ਨੇ ਆਪਣੇ ਆਪ ਨੂੰ



ਰਵਾਇਤੀ ਚੋਣ ਲੜਨ ਵਾਲੀ ਧਿਰ ਵਜੋਂ ਪੇਸ਼ ਕਰਨ ਦੀ ਬਜਾਏ ਇੱਕ 'ਪੀਪੁਲਸ ਪ੍ਰੈਸ਼ਰ ਗਰੁੱਪ' ਵਜੋਂ ਸਥਾਪਿਤ ਕੀਤਾ ਹੈ।

**ਸੀ.ਜੇ.ਪੀ. ਵੱਲੋਂ ਜਾਰੀ ਕੀਤੇ ਗਏ 4-ਸੂਤਰੀ ਏਜੰਡੇ ਵਿੱਚ ਹੇਠ ਲਿਖੇ ਮੁੱਖ ਨੁਕਤੇ ਸ਼ਾਮਲ ਹਨ**

ਮੁਢਲੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਤੱਕ ਦੀ ਪ੍ਰਣਾਲੀ ਵਿੱਚ ਵਿਆਪਕ ਅਤੇ ਪਾਰਦਰਸ਼ੀ ਸੁਧਾਰ ਕਰਨਾ। ਬਜ਼ਾਰ ਦੀ ਮੰਗ ਅਨੁਸਾਰ ਕਿੱਤਾਮੁਖੀ ਸਿਖਲਾਈ ਯਕੀਨੀ ਬਣਾਉਣਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਪੱਕੇ ਮੌਕੇ ਪੈਦਾ ਕਰਨਾ। ਚੋਣ ਕਮਿਸ਼ਨ ਅਤੇ ਮੀਡੀਆ ਵਰਗੀਆਂ ਸੰਵਿਧਾਨਕ ਅਤੇ ਲੋਕਤੰਤਰਿਕ ਸੰਸਥਾਵਾਂ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਨਿਸ਼ਚਿਤ ਕਰਨਾ।

ਵਿਦਿਆਰਥੀ ਸੰਗਠਨਾਂ, ਐਨ.ਜੀਓਜ਼ ਤੇ ਗ਼ੈਰ-ਸਿਆਸੀ ਨਾਗਰਿਕ ਸਮੂਹਾਂ ਨਾਲ ਮਿਲ ਕੇ ਜਨਤਕ ਮੁੱਦਿਆਂ 'ਤੇ ਲਾਮਬੰਦੀ ਕਰਨਾ।

**ਪੁਲਿਸ ਅੰਦੋਲਨ ਵਿਰੁੱਧ ਸਰਗਰਮ ਕਿਉਂ ?**

ਅੰਦੋਲਨਾਂ ਅਤੇ ਜਨਤਕ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪ੍ਰਸ਼ਾਸਨਿਕ ਅਤੇ ਪੁਲਿਸ ਤੰਤਰ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ 'ਤੇ ਵੀ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਅੰਦੋਲਨ ਵਿੱਚ ਸ਼ਾਮਲ ਨੌਜਵਾਨਾਂ ਅਤੇ ਖ਼ਾਸ ਕਰਕੇ ਕੁੜੀਆਂ ਨੂੰ ਸੋਸ਼ਲ ਮੀਡੀਆ 'ਤੇ ਜਿਸ ਤਰ੍ਹਾਂ ਦੀਆਂ ਧਮਕੀਆਂ, ਟ੍ਰੋਲਿੰਗ ਅਤੇ ਮਾਨਸਿਕ ਤਣਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਨੇ ਸਾਡੇ ਸਮਾਜਿਕ ਤਾਣੇ-ਬਾਣੇ, ਪ੍ਰਸ਼ਾਸਨਿਕ ਕਾਰਜਪ੍ਰਣਾਲੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਦਾਇਰੇ 'ਤੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਅੰਦੋਲਨ ਦੌਰਾਨ ਇੱਕ 15 ਸਾਲਾ ਸਕੂਲੀ ਵਿਦਿਆਰਥਣ ਵੱਲੋਂ ਪ੍ਰਧਾਨ ਮੰਤਰੀ ਖਿਲਾਫ ਵਰਤੀ ਗਈ ਗ਼ਲਤ ਭਾਸ਼ਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਜਿਸ ਤਰ੍ਹਾਂ ਦਾ ਭਗਵਿਆਂ ਵਿੱਚ ਰੋਸ ਦੇਖਣ ਨੂੰ ਮਿਲਿਆ, ਉਹ ਬਹੁਤ ਚਿੰਤਾਜਨਕ ਸੀ। ਭਾਵੇਂ ਉਸ ਬੱਚੀ ਨੇ ਜਨਤਕ ਤੌਰ 'ਤੇ ਆਪਣੀ ਗ਼ਲਤੀ ਕਬੂਲਦਿਆਂ ਦੇਸ਼ ਤੋਂ ਮੁਆਫ਼ੀ ਮੰਗੀ ਸੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਵੀ ਬੱਚਿਆਂ ਦੀਆਂ ਗ਼ਲਤੀਆਂ ਨੂੰ ਮਾਫ਼ ਕਰਨ ਦਾ ਸੁਨੇਹਾ ਦਿੱਤਾ ਸੀ, ਪਰ ਇਸ ਦੇ ਬਾਵਜੂਦ ਸੋਸ਼ਲ ਮੀਡੀਆ 'ਤੇ ਭਗਵਿਆਂ ਵੱਲੋਂ ਧਮਕੀਆਂ ਦਾ ਸਿਲਸਿਲਾ ਨਹੀਂ ਰੁਕਿਆ। 15 ਸਾਲ ਦੀ ਨਾਬਾਲਗ ਕੁੜੀ ਨੂੰ ਬਲਾਤਕਾਰ, ਤੇਜ਼ਾਬੀ ਹਮਲੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣਾ, ਉਸ ਦਾ ਨੰਬਰ ਲੀਕ ਹੋਣਾ ਅਤੇ ਪਰਿਵਾਰ ਨੂੰ ਘਰ ਛੱਡ ਕੇ ਲੁਕਣ ਲਈ ਮਜ਼ਬੂਰ ਹੋਣਾ ਇਹ ਦਰਸਾਉਂਦਾ ਹੈ ਕਿ ਪੁਲਿਸ ਬਚੀ ਤੇ ਉਸ ਪਰਿਵਾਰ ਦੀ ਸੁਰੱਖਿਆ ਨਹੀਂ ਕਰ ਰਹੀ।

ਜੰਤਰ-ਮੰਤਰ 'ਤੇ ਹੋਏ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਖਾਣਾ ਅਤੇ ਪਾਣੀ ਪਹੁੰਚਾਉਣ ਵਾਲੇ ਰੈਸਟੋਰੈਂਟਾਂ ਅਤੇ ਕੈਫੇ ਮਾਲਕਾਂ 'ਤੇ ਪੁਲਿਸ ਵੱਲੋਂ ਪੁੱਛਗਿੱਛ ਅਤੇ ਦਬਾਅ ਪਾਉਣ ਦੇ ਦੋਸ਼ ਲੱਗੇ ਹਨ। (ਬਾਕੀ ਸਫ਼ਾ 26 'ਤੇ)

# ਮੋਦੀ ਦੇ 2021 ਤੋਂ 2026 ਤੱਕ ਦੇ ਵਿਦੇਸ਼ੀ ਦੌਰਿਆਂ 'ਤੇ 557.51 ਕਰੋੜ ਖਰਚ

## ਰਾਜ ਸਭਾ ਵਿੱਚ ਵਿਦੇਸ਼ ਮੰਤਰਾਲੇ ਨੇ ਪੇਸ਼ ਕੀਤਾ ਪੂਰਾ ਵੇਰਵਾ

ਨਵੀਂ ਦਿੱਲੀ/ਏ.ਟੀ.ਨਿਊਜ਼: ਸਾਲ 2021 ਤੋਂ ਲੈ ਕੇ ਜੁਲਾਈ 2026 ਤੱਕ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਗਏ ਵਿਦੇਸ਼ੀ ਦੌਰਿਆਂ 'ਤੇ ਕੁੱਲ 557.51 ਕਰੋੜ ਰੁਪਏ ਦਾ ਖਰਚਾ ਆਇਆ ਹੈ। ਇਹ ਸਰਕਾਰੀ ਅੰਕੜਾ 6 ਅਗਸਤ 2026 ਨੂੰ ਵਿਦੇਸ਼ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਇੱਕ ਲਿਖਤੀ ਜਵਾਬ ਦੌਰਾਨ ਜਨਤਕ ਕੀਤਾ ਗਿਆ। ਇਹ ਜਾਣਕਾਰੀ ਰਾਜ ਸਭਾ ਮੈਂਬਰ ਸੰਜੇ ਸਿੰਘ ਅਤੇ ਡਾ. ਵੀ. ਸਿਵਾਦਾਸਨ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸਾਂਝੀ ਕੀਤੀ ਗਈ, ਜਿਸ ਦਾ ਜਵਾਬ ਵਿਦੇਸ਼ ਮਾਮਲਿਆਂ ਦੇ ਰਾਜ ਮੰਤਰੀ ਪਬਿੱਤਰਾ ਮਾਰਗਰੇਟਾ ਨੇ ਸੰਸਦ ਵਿੱਚ ਪੇਸ਼ ਕੀਤਾ।

ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਦੀਆਂ ਵਿਦੇਸ਼ੀ ਯਾਤਰਾਵਾਂ ਨਾਲ ਸਬੰਧਿਤ ਤਿੰਨ ਮੁੱਖ ਪਹਿਲੂਆਂ 'ਤੇ ਜਾਣਕਾਰੀ ਮੰਗੀ ਸੀ। ਇਸ ਵਿੱਚ ਸਾਲ 2021 ਤੋਂ ਹੁਣ ਤੱਕ ਕੀਤੀਆਂ ਗਈਆਂ ਯਾਤਰਾਵਾਂ ਦਾ ਦੇਸ਼-ਵਾਰ ਵੇਰਵਾ, ਸਾਲ-ਵਾਰ ਅਤੇ ਯਾਤਰਾ-ਵਾਰ ਹੋਇਆ ਕੁੱਲ ਖਰਚਾ, ਅਤੇ ਇਨ੍ਹਾਂ ਦੌਰਿਆਂ ਦੌਰਾਨ ਹੋਏ ਦੁਵੱਲੇ ਸਮਝੌਤਿਆਂ, ਨਿਵੇਸ਼ ਘੋਸ਼ਣਾਵਾਂ ਅਤੇ ਇਸ ਦੇ ਨਤੀਜੇ ਵਜੋਂ ਭਾਰਤ ਵਿੱਚ ਆਏ ਅਸਲ ਵਿਦੇਸ਼ੀ ਸਿੱਧੇ ਨਿਵੇਸ਼ ਦੇ ਵੇਰਵੇ ਸ਼ਾਮਲ ਸਨ। ਵਿਦੇਸ਼ ਮੰਤਰਾਲੇ ਅਨੁਸਾਰ ਪ੍ਰਧਾਨ ਮੰਤਰੀ ਨੇ 2021 ਤੋਂ 2026 ਦੇ ਵਿਚਕਾਰ ਏਸ਼ੀਆ, ਯੂਰੋਪ, ਉੱਤਰੀ ਅਮਰੀਕਾ, ਅਫਰੀਕਾ ਅਤੇ ਪੈਸੀਫਿਕ ਖੇਤਰ ਦੇ ਕਈ ਦੇਸ਼ਾਂ ਦਾ ਵਿਆਪਕ ਦੌਰਾ ਕੀਤਾ ਸੀ।

ਪ੍ਰਧਾਨ ਮੰਤਰੀ ਦੇ ਸਭ ਤੋਂ ਮਹਿੰਗੇ ਦੌਰਿਆਂ ਵਿੱਚ ਫਰਵਰੀ 2025 ਵਿੱਚ ਕੀਤਾ ਗਿਆ ਫਰਾਂਸ ਦਾ ਦੌਰਾ ਸਭ ਤੋਂ ਉੱਪਰ ਰਿਹਾ, ਜਿਸ 'ਤੇ ਕੁੱਲ 25.59 ਕਰੋੜ ਰੁਪਏ (25,59,82,902 ਰੁਪਏ) ਖਰਚ ਹੋਏ। ਇਸ ਤੋਂ ਇਲਾਵਾ ਜੂਨ 2023 ਵਿੱਚ ਕੀਤਾ ਗਿਆ ਅਮਰੀਕਾ ਦੌਰਾ ਦੂਜਾ ਸਭ ਤੋਂ ਮਹਿੰਗਾ ਦੌਰਾ ਸੀ, ਜਿਸ ਦਾ ਖਰਚਾ 22.89 ਕਰੋੜ ਰੁਪਏ (22,89,68,509 ਰੁਪਏ) ਸੀ। ਹੋਰ ਮੁੱਖ ਮਹਿੰਗੀਆਂ ਯਾਤਰਾਵਾਂ ਵਿੱਚ ਜੁਲਾਈ 2025 ਦਾ ਬ੍ਰਾਜ਼ੀਲ ਦੌਰਾ (17.72 ਕਰੋੜ ਰੁਪਏ), ਮਈ 2023 ਦਾ ਜਪਾਨ ਦੌਰਾ (17.19 ਕਰੋੜ ਰੁਪਏ), 2025 ਦਾ ਅਮਰੀਕਾ ਦੌਰਾ (16.54 ਕਰੋੜ ਰੁਪਏ), ਅਪ੍ਰੈਲ 2025 ਦਾ ਸਾਊਦੀ ਅਰਬ ਦੌਰਾ (15.54 ਕਰੋੜ ਰੁਪਏ), ਸਤੰਬਰ 2024 ਦਾ ਅਮਰੀਕਾ ਦੌਰਾ (15.33 ਕਰੋੜ ਰੁਪਏ) ਅਤੇ ਜੂਨ 2024 ਦਾ ਇਟਲੀ ਦੌਰਾ (14.36 ਕਰੋੜ ਰੁਪਏ) ਸ਼ਾਮਲ ਹਨ।

ਸਾਲ 2026 ਵਿੱਚ ਜੁਲਾਈ ਤੱਕ ਪ੍ਰਧਾਨ ਮੰਤਰੀ ਨੇ ਮਲੇਸ਼ੀਆ, ਇਜ਼ਰਾਇਲ, ਯੂਏਈ, ਨੀਦਰਲੈਂਡ, ਸਵੀਡਨ, ਨੌਰਵੇ, ਇਟਲੀ, ਫਰਾਂਸ, ਸਲੋਵਾਕ ਗਣਰਾਜ, ਸੇਸ਼ੇਲਸ, ਇੰਡੋਨੇਸ਼ੀਆ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਦੀ ਯਾਤਰਾ ਕੀਤੀ। 7-8 ਫਰਵਰੀ 2026 ਨੂੰ ਮਲੇਸ਼ੀਆ ਦੌਰੇ 'ਤੇ 5.57 ਕਰੋੜ ਰੁਪਏ (5,57,17,369 ਰੁਪਏ) ਅਤੇ 25-26 ਫਰਵਰੀ ਨੂੰ ਇਜ਼ਰਾਇਲ ਦੌਰੇ 'ਤੇ 11.92 ਕਰੋੜ ਰੁਪਏ (11,92,25,938 ਰੁਪਏ) ਖਰਚ ਆਏ। ਮਈ 2026 ਵਿੱਚ ਯੂ.ਏ.ਈ. (1.97 ਕਰੋੜ ਰੁਪਏ), ਨੀਦਰਲੈਂਡ (3.59 ਕਰੋੜ ਰੁਪਏ), ਸਵੀਡਨ (6.32 ਕਰੋੜ ਰੁਪਏ), ਨੌਰਵੇ (17.46 ਕਰੋੜ ਰੁਪਏ) ਅਤੇ ਇਟਲੀ (4.23 ਕਰੋੜ ਰੁਪਏ) ਦੇ ਦੌਰੇ ਕੀਤੇ ਗਏ ਸਨ, ਹਾਲਾਂਕਿ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ 2026 ਦੇ ਬਹੁਤ ਸਾਰੇ ਖਰਚੇ ਅਜੇ ਆਰਜ਼ੀ ਹਨ, ਕਿਉਂਕਿ ਕਈ ਬਿੱਲਾਂ ਦਾ ਨਿਪਟਾਰਾ ਚੱਲ ਰਿਹਾ ਹੈ। ਜੂਨ ਵਿੱਚ ਸਲੋਵਾਕ ਗਣਰਾਜ 'ਤੇ 4.77 ਕਰੋੜ ਰੁਪਏ, ਸੇਸ਼ੇਲਸ 'ਤੇ 8.22 ਕਰੋੜ ਰੁਪਏ, ਅਤੇ ਜੁਲਾਈ ਵਿੱਚ ਇੰਡੋਨੇਸ਼ੀਆ 'ਤੇ 3.87 ਕਰੋੜ ਰੁਪਏ, ਆਸਟ੍ਰੇਲੀਆ 'ਤੇ 1.18 ਕਰੋੜ ਰੁਪਏ



ਅਤੇ ਨਿਊਜ਼ੀਲੈਂਡ ਦੌਰੇ 'ਤੇ 5.43 ਕਰੋੜ ਰੁਪਏ ਦਾ ਆਰਜ਼ੀ ਖਰਚ ਦਰਜ ਕੀਤਾ ਗਿਆ।

ਸਾਲ 2025 ਦੌਰਾਨ ਪ੍ਰਧਾਨ ਮੰਤਰੀ ਨੇ ਰਿਕਾਰਡ ਗਿਣਤੀ ਵਿੱਚ ਮੁਲਕਾਂ ਦਾ ਦੌਰਾ ਕੀਤਾ, ਜਿਨ੍ਹਾਂ ਵਿੱਚ ਫਰਾਂਸ, ਅਮਰੀਕਾ, ਮਾਰੀਸ਼ਸ (3.06 ਕਰੋੜ ਰੁਪਏ), ਥਾਈਲੈਂਡ (4.92 ਕਰੋੜ ਰੁਪਏ), ਸ਼੍ਰੀਲੰਕਾ (4.46 ਕਰੋੜ ਰੁਪਏ), ਸਾਊਦੀ ਅਰਬ (15.54 ਕਰੋੜ ਰੁਪਏ), ਸਾਈਪ੍ਰਸ (7.18 ਕਰੋੜ ਰੁਪਏ), ਕੈਨੇਡਾ (5.31 ਕਰੋੜ ਰੁਪਏ), ਕਰੋਏਸ਼ੀਆ (4.64 ਕਰੋੜ ਰੁਪਏ), ਘਾਨਾ (4.69 ਕਰੋੜ ਰੁਪਏ), ਟ੍ਰਿਨੀਡੈਡ ਅਤੇ ਟੋਬੇਗੋ (4.80 ਕਰੋੜ ਰੁਪਏ), ਅਰਜਨਟੀਨਾ (6.64 ਕਰੋੜ ਰੁਪਏ), ਬ੍ਰਾਜ਼ੀਲ (17.72 ਕਰੋੜ ਰੁਪਏ), ਨਾਮੀਬੀਆ (4.20 ਕਰੋੜ ਰੁਪਏ), ਯੂਕੇ (9.91 ਕਰੋੜ ਰੁਪਏ), ਮਾਲਦੀਵ (8.63 ਕਰੋੜ ਰੁਪਏ), ਭੂਟਾਨ (4.44 ਕਰੋੜ ਰੁਪਏ), ਦੱਖਣੀ ਅਫਰੀਕਾ (7.70 ਕਰੋੜ ਰੁਪਏ), ਜੌਰਡਨ (4.94 ਕਰੋੜ ਰੁਪਏ), ਓਮਾਨ (4.57 ਕਰੋੜ ਰੁਪਏ) ਅਤੇ ਈਥੋਪੀਆ (3.11 ਕਰੋੜ ਰੁਪਏ) ਸ਼ਾਮਲ ਸਨ।

ਸਾਲ 2024 ਵਿੱਚ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ 16 ਵਿਦੇਸ਼ੀ ਦੌਰਿਆਂ ਵਿੱਚ ਯੂ.ਏ.ਈ. (5.31 ਕਰੋੜ ਰੁਪਏ), ਕਤਰ (3.14 ਕਰੋੜ ਰੁਪਏ), ਭੂਟਾਨ (4.50 ਕਰੋੜ ਰੁਪਏ), ਇਟਲੀ (14.36 ਕਰੋੜ ਰੁਪਏ), ਪੋਲੈਂਡ (10.10 ਕਰੋੜ ਰੁਪਏ), ਯੂਕਰੇਨ (2.52 ਕਰੋੜ ਰੁਪਏ), ਬਰੂਨਈ (5.02 ਕਰੋੜ ਰੁਪਏ), ਸਿੰਗਾਪੁਰ (7.75 ਕਰੋੜ ਰੁਪਏ), ਅਮਰੀਕਾ (15.33 ਕਰੋੜ ਰੁਪਏ), ਲਾਓਸ (3.00 ਕਰੋੜ ਰੁਪਏ), ਰੂਸ (10.74 ਕਰੋੜ ਰੁਪਏ), ਨਾਈਜੀਰੀਆ (4.46 ਕਰੋੜ ਰੁਪਏ), ਬ੍ਰਾਜ਼ੀਲ (5.51 ਕਰੋੜ ਰੁਪਏ), ਗੁਯਾਨਾ (5.45 ਕਰੋੜ ਰੁਪਏ) ਅਤੇ ਕੁਵੈਤ (2.54 ਕਰੋੜ ਰੁਪਏ) ਦੇ ਦੌਰੇ ਪ੍ਰਮੁੱਖ ਸਨ।

ਇਸ ਤੋਂ ਪਹਿਲਾਂ ਸਾਲ 2023 ਵਿੱਚ ਜਪਾਨ, ਆਸਟ੍ਰੇਲੀਆ (6.06 ਕਰੋੜ ਰੁਪਏ), ਪਾਪੂਆ ਨਿਊ ਗਿਨੀ (8.58 ਕਰੋੜ ਰੁਪਏ), ਅਮਰੀਕਾ (22.89 ਕਰੋੜ ਰੁਪਏ), ਮਿਸਰ (2.69 ਕਰੋੜ ਰੁਪਏ), ਫਰਾਂਸ (13.74 ਕਰੋੜ ਰੁਪਏ), ਯੂਏਈ (1.45 ਕਰੋੜ ਰੁਪਏ), ਦੱਖਣੀ ਅਫਰੀਕਾ (6.11 ਕਰੋੜ ਰੁਪਏ), ਗ੍ਰੀਸ (6.97 ਕਰੋੜ ਰੁਪਏ) ਅਤੇ ਇੰਡੋਨੇਸ਼ੀਆ (3.62 ਕਰੋੜ ਰੁਪਏ) ਦੀਆਂ ਯਾਤਰਾਵਾਂ ਕੀਤੀਆਂ ਗਈਆਂ। ਸਾਲ 2022 ਵਿੱਚ ਜਰਮਨੀ, ਡੈਨਮਾਰਕ (5.47 ਕਰੋੜ ਰੁਪਏ), ਫਰਾਂਸ (1.95 ਕਰੋੜ ਰੁਪਏ), ਨੇਪਾਲ (80.01 ਲੱਖ ਰੁਪਏ), ਜਪਾਨ (8.68 ਕਰੋੜ ਰੁਪਏ), ਯੂ.ਏ.ਈ. (14.47 ਕਰੋੜ ਰੁਪਏ), ਉਜ਼ਬੇਕਿਸਤਾਨ (1.57 ਕਰੋੜ ਰੁਪਏ) ਅਤੇ ਇੰਡੋਨੇਸ਼ੀਆ (4.69 ਕਰੋੜ ਰੁਪਏ) ਸ਼ਾਮਲ ਸਨ। ਜਦਕਿ ਕੋਵਿਡ ਮਹਾਂਮਾਰੀ ਵਾਲੇ ਸਾਲ 2021 ਵਿੱਚ ਪ੍ਰਧਾਨ ਮੰਤਰੀ ਨੇ ਚਾਰ ਦੇਸ਼ਾਂ ਦੀ ਯਾਤਰਾ ਕੀਤੀ ਸੀ, ਜਿਨ੍ਹਾਂ ਵਿੱਚ ਬੰਗਲਾਦੇਸ਼ (1.00 ਕਰੋੜ ਰੁਪਏ), ਅਮਰੀਕਾ (19.63 ਕਰੋੜ ਰੁਪਏ), ਇਟਲੀ (6.90 ਕਰੋੜ ਰੁਪਏ) ਅਤੇ ਯੂਕੇ (8.57 ਕਰੋੜ ਰੁਪਏ) ਸ਼ਾਮਲ ਸਨ।

ਇਸੇ ਜਵਾਬ ਵਿੱਚ ਵਿਦੇਸ਼ ਮੰਤਰਾਲੇ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕੁੱਝ ਮੁੱਖ ਦੌਰਿਆਂ ਦੇ ਅੰਕੜੇ ਵੀ ਸਾਂਝੇ ਕੀਤੇ, ਜਿਵੇਂ ਕਿ ਅਮਰੀਕਾ ਦੌਰਾ 2011 (10.74 ਕਰੋੜ ਰੁਪਏ), ਰੂਸ 2013 (9.95 ਕਰੋੜ ਰੁਪਏ), ਫਰਾਂਸ 2011 (8.33 ਕਰੋੜ ਰੁਪਏ) ਅਤੇ ਜਰਮਨੀ 2013 (6.02 ਕਰੋੜ ਰੁਪਏ)। ਮੰਤਰਾਲੇ ਨੇ ਦੱਸਿਆ ਕਿ ਇਨ੍ਹਾਂ ਅੰਕੜਿਆਂ ਵਿੱਚ ਮਹਿੰਗਾਈ ਜਾਂ ਕਰੰਸੀ ਦੇ ਬਦਲਾਅ ਦਾ ਕੋਈ ਫੇਰਬਦਲ ਨਹੀਂ ਕੀਤਾ ਗਿਆ, ਇਹ ਸਿਰਫ਼ ਹੋਇਆ ਅਸਲ ਖਰਚਾ ਹੈ।

ਯਾਤਰਾਵਾਂ ਦੇ ਮਹੱਤਵ ਅਤੇ ਲਾਭ ਬਾਰੇ ਬੋਲਦਿਆਂ ਵਿਦੇਸ਼ ਮੰਤਰਾਲੇ ਨੇ ਆਪਣੀ ਵੈੱਬਸਾਈਟ 'ਤੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਇਹ ਉੱਚ-ਪੱਧਰੀ ਦੌਰੇ ਵਿਦੇਸ਼ੀ ਦੇਸ਼ਾਂ ਨਾਲ ਨਜ਼ਦੀਕੀ ਸਬੰਧਾਂ ਨੂੰ ਉਤਸ਼ਾਹਿਤ ਕਰਨ ਅਤੇ ਦੁਵੱਲੇ, ਖੇਤਰੀ ਤੇ ਵਿਸ਼ਵ ਪੱਧਰ 'ਤੇ ਭਾਰਤ ਦੀ ਸ਼ਮੂਲੀਅਤ ਨੂੰ ਵਧਾਉਣ ਦਾ ਇੱਕ ਸਥਾਪਿਤ ਸਾਧਨ ਹਨ। ਮੰਤਰਾਲੇ ਅਨੁਸਾਰ ਇਹ ਦੌਰੇ ਤਕਨਾਲੋਜੀ, ਨਵੀਨਤਾ, ਵਪਾਰ ਅਤੇ ਨਿਵੇਸ਼, ਰੱਖਿਆ, ਊਰਜਾ ਸਹਿਯੋਗ ਅਤੇ ਮਜ਼ਬੂਤ ਗਲੋਬਲ ਸਪਲਾਈ ਚੇਨਾਂ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਆਰਥਿਕ ਨਤੀਜਿਆਂ ਦਾ ਜ਼ਿਕਰ ਕਰਦਿਆਂ ਮੰਤਰਾਲੇ ਨੇ ਦੱਸਿਆ ਕਿ ਅਪ੍ਰੈਲ 2021 ਤੋਂ ਦਸੰਬਰ 2025 ਤੱਕ ਦੀ ਮਿਆਦ ਦੌਰਾਨ ਭਾਰਤ ਨੂੰ ਕੁੱਲ 381.8 ਬਿਲੀਅਨ ਅਮਰੀਕੀ ਡਾਲਰ ਦਾ ਅਸਲ ਵਿਦੇਸ਼ੀ ਸਿੱਧਾ ਨਿਵੇਸ਼ ਪ੍ਰਾਪਤ ਹੋਇਆ ਹੈ।

**ਕੀ ਇਹ ਯਾਤਰਾਵਾਂ ਜ਼ਰੂਰੀ ਹਨ ਜਾਂ ਗ਼ੈਰ ਜ਼ਰੂਰੀ ?**

ਅੱਜ ਦੇ ਦੌਰ ਵਿੱਚ ਕਿਸੇ ਵੀ ਦੇਸ਼ ਲਈ ਦੂਜੇ ਮੁਲਕਾਂ ਨਾਲ ਮਜ਼ਬੂਤ ਸਬੰਧ ਬਣਾਉਣਾ ਜ਼ਰੂਰੀ ਹੈ। ਉੱਚ-ਪੱਧਰੀ ਮੁਲਾਕਾਤਾਂ ਨਾਲ ਨੀਤੀਗਤ

(ਬਾਕੀ ਸਫ਼ਾ 26 'ਤੇ)

# ਕੈਨੇਡਾ ਦੀਆਂ ਬਦਲੀਆਂ ਇਮੀਗ੍ਰੇਸ਼ਨ ਨੀਤੀਆਂ ਦੀ ਬਲੀ ਚੜ੍ਹਿਆ ਪੰਜਾਬੀ ਨੌਜਵਾਨਾਂ ਦਾ ਭਵਿੱਖ

## ਕੈਲਗਰੀ ਤੇ ਐਡਮਿੰਟਨ ਵਿੱਚ ਧਰਨੇ ਜਾਰੀ

## ਲੱਖਾਂ ਫ਼ੀਸਾਂ ਭਰਨ ਦੇ ਬਾਵਜੂਦ ਸਰਕਾਰ ਵੱਲੋਂ ਵਰਕ ਪਰਮਿਟ ਤੋਂ ਇਨਕਾਰ










ਕੈਨੇਡਾ ਦੇ ਅਲਬਰਟਾ ਸੂਬੇ ਦੇ ਦੋ ਪ੍ਰਮੁੱਖ ਸ਼ਹਿਰਾਂ 'ਕੈਲਗਰੀ ਅਤੇ ਐਡਮਿੰਟਨ' ਦੀਆਂ ਸੜਕਾਂ 'ਤੇ ਹੁਣ ਜੋ ਦ੍ਰਿਸ਼ ਦੇਖਣ ਨੂੰ ਮਿਲ ਰਿਹਾ ਹੈ, ਉਹ ਕੇਵਲ ਇੱਕ ਵਿਰੋਧ ਪ੍ਰਦਰਸ਼ਨ ਨਹੀਂ, ਸਗੋਂ ਹਜ਼ਾਰਾਂ ਨੌਜਵਾਨਾਂ ਦੇ ਸੁਪਨਿਆਂ ਦੇ ਚਕਨਾਚੂਰ ਹੋਣ ਦੀ ਦਰਦਨਾਕ ਦਾਸਤਾਨ ਹੈ। ਪੜ੍ਹਾਈ ਪੂਰੀ ਕਰ ਚੁੱਕੇ ਸੈਂਕੜੇ ਕੌਮਾਂਤਰੀ ਵਿਦਿਆਰਥੀ, ਜਿਨ੍ਹਾਂ ਵਿੱਚੋਂ ਬਹੁਗਿਣਤੀ ਪੰਜਾਬ ਅਤੇ ਹਰਿਆਣਾ ਦੇ ਸਾਧਾਰਨ ਅਤੇ ਕਿਸਾਨ ਪਰਿਵਾਰਾਂ ਨਾਲ ਸਬੰਧਤ ਹਨ, ਹਾਈਵੇਅ ਦੇ ਕਿਨਾਰੇ ਖੁੱਲ੍ਹੇ ਆਸਮਾਨ ਹੇਠ ਧਰਨੇ 'ਤੇ ਬੈਠੇ ਹਨ। ਲੱਖਾਂ ਰੁਪਏ ਦੀਆਂ ਫ਼ੀਸਾਂ ਭਰਨ, ਰਾਤ-ਦਿਨ ਮਿਹਨਤ ਕਰਨ ਅਤੇ ਆਪਣੀ ਜ਼ਿੰਦਗੀ ਦੇ ਸਭ ਤੋਂ ਕੀਮਤੀ ਵਰ੍ਹੇ ਲਗਾਉਣ ਤੋਂ ਬਾਅਦ ਜਦੋਂ ਇਹਨਾਂ ਵਿਦਿਆਰਥੀਆਂ ਨੂੰ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ, ਤਾਂ ਉਨ੍ਹਾਂ ਕੋਲ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਬਚਿਆ।

ਜਿਹੜੇ ਪਰਿਵਾਰਾਂ ਨੇ ਆਪਣੀਆਂ ਜ਼ਮੀਨਾਂ ਗਹਿਣੇ ਧਰ ਕੇ, ਬੈਂਕਾਂ ਤੋਂ ਮੋਟੇ ਕਰਜ਼ੇ ਲੈ ਕੇ ਆਪਣੇ ਧੀ-ਪੁੱਤਾਂ ਨੂੰ ਚੰਗੇ ਭਵਿੱਖ ਦੀ ਆਸ ਵਿੱਚ ਵਿਦੇਸ਼ ਭੇਜਿਆ ਸੀ, ਅੱਜ ਉਹ ਡੂੰਘੇ ਮਾਨਸਿਕ ਅਤੇ ਆਰਥਿਕ ਸੰਕਟ ਵਿੱਚ ਹਨ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਵਰਕ ਪਰਮਿਟ ਦੀਆਂ ਅਰਜ਼ੀਆਂ ਨੂੰ ਥੋਕ ਦੇ ਭਾਅ ਰੱਦ ਕੀਤੇ ਜਾਣ ਨਾਲ ਨਾ ਕੇਵਲ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋ ਗਿਆ ਹੈ, ਸਗੋਂ ਕੈਨੇਡਾ ਦੀ ਅੰਤਰਰਾਸ਼ਟਰੀ ਸਿੱਖਿਆ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਨੈਤਿਕਤਾ 'ਤੇ ਵੀ ਬਹੁਤ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

**ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਅਰਜ਼ੀਆਂ ਰੱਦ ਕਰਨ ਲਈ ਥੋਥੀ ਦਲੀਲ**

ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਅਰਜ਼ੀਆਂ ਰੱਦ ਕਰਨ ਲਈ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ 'ਨਾਨ-ਕਰੈਡਿਟ' ਪ੍ਰੋਗਰਾਮਾਂ ਤਹਿਤ ਜਾਂ 'ਪ੍ਰਾਈਵੇਟ-ਪਬਲਿਕ ਪਾਰਟਨਰਸ਼ਿਪ' ਅਧੀਨ ਆਉਂਦੇ ਕਾਲਜਾਂ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਯੋਗ ਨਹੀਂ ਹਨ। ਉਦਾਹਰਨ ਵਜੋਂ, ਕੈਲਗਰੀ ਦੇ 'ਪੋਰਟੇਜ ਕਾਲਜ' ਅਧੀਨ ਚੱਲ ਰਹੇ ਪ੍ਰਾਈਵੇਟ ਪਾਰਟਨਰਸ਼ਿਪ ਕਾਲਜਾਂ ਜਿਵੇਂ ਕਿ ਸੀ.ਆਈ.ਓ.ਟੀ. ਅਤੇ ਕੈਪਬੈੱਲ ਕਾਲਜ ਤੋਂ ਪੜ੍ਹਾਈ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇੱਥੇ ਸਭ ਤੋਂ ਅਹਿਮ ਸਵਾਲ ਇਹ ਉੱਠਦਾ ਹੈ ਕਿ ਧੋਖਾ ਕਿਸ ਨਾਲ ਹੋਇਆ ਅਤੇ ਕਿਸ ਨੇ ਕੀਤਾ?

ਜਦੋਂ ਇਹਨਾਂ ਵਿਦਿਆਰਥੀਆਂ ਨੇ 2023 ਜਾਂ 2024 ਵਿੱਚ ਇਹਨਾਂ ਕਾਲਜਾਂ ਵਿੱਚ ਦਾਖਲਾ ਲਿਆ ਸੀ, ਉਸ ਸਮੇਂ ਅਜਿਹੀ ਕਿਸੇ ਸ਼ਰਤ ਦਾ ਕੋਈ ਜ਼ਿਕਰ ਨਹੀਂ ਸੀ। ਕਾਲਜ ਪ੍ਰਬੰਧਕਾਂ, ਸਿੱਖਿਆ ਏਜੰਟਾਂ ਅਤੇ ਵੀਜ਼ਾ ਪ੍ਰਕਿਰਿਆ ਦੌਰਾਨ ਇਹ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਦੋ ਸਾਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਤਿੰਨ ਸਾਲ ਦੇ ਵਰਕ ਪਰਮਿਟ ਲਈ ਪੂਰੀ ਤਰ੍ਹਾਂ ਯੋਗ ਹੋਣਗੇ।

ਜਨਵਰੀ 2024 ਵਿੱਚ ਇਮੀਗ੍ਰੇਸ਼ਨ ਵਿਭਾਗ ਨੇ ਨਵੇਂ ਨਿਯਮਾਂ ਦਾ ਐਲਾਨ ਕੀਤਾ ਅਤੇ ਮਈ 2024 ਤੋਂ ਬਾਅਦ ਪ੍ਰਾਈਵੇਟ-ਪਬਲਿਕ ਪਾਰਟਨਰਸ਼ਿਪ ਅਧੀਨ ਆਉਂਦੇ ਕੋਰਸਾਂ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਖ਼ਤਮ ਕਰਨ ਦੀ ਗੱਲ ਕਹੀ ਪਰ ਦੁਖਾਂਤ ਇਹ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਇਸ ਐਲਾਨ ਤੋਂ ਪਹਿਲਾਂ ਹੀ ਦਾਖਲੇ ਲੈ ਲਏ ਸਨ ਅਤੇ ਲੱਖਾਂ ਰੁਪਏ ਫ਼ੀਸਾਂ ਵਜੋਂ ਜਮ੍ਹਾਂ ਕਰਵਾ ਚੁੱਕੇ ਸਨ, ਉਨ੍ਹਾਂ ਦੀਆਂ ਅਰਜ਼ੀਆਂ ਨੂੰ ਵੀ ਰੱਦ ਕੀਤਾ ਜਾ ਰਿਹਾ ਹੈ।

ਵਿਦਿਆਰਥੀਆਂ ਨੇ ਕਾਲਜ ਦੇ ਤੈਅ ਪ੍ਰੋਗਰਾਮ ਮੁਤਾਬਕ ਪੂਰੀਆਂ ਕਲਾਸਾਂ ਲਗਾਈਆਂ ਅਤੇ ਡਿਪਲੋਮੇ ਹਾਸਲ ਕੀਤੇ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਅਚਾਨਕ ਕੋਰਸ ਨੂੰ 'ਨਾਨ-ਕ੍ਰੈਡਿਟ' ਦੱਸ ਕੇ ਜ਼ਿੰਮੇਵਾਰੀ ਤੋਂ ਪੱਲਾ ਝਾੜ ਲੈਣਾ ਵਿਦਿਆਰਥੀਆਂ ਦੇ ਭਵਿੱਖ ਨਾਲ ਕੀਤਾ ਗਿਆ ਸਿੱਧਾ ਖਿਲਵਾੜ ਹੈ।

ਇਸ ਪੂਰੇ ਸੰਕਟ ਦੌਰਾਨ ਅਲਬਰਟਾ ਦੀ ਪ੍ਰੀਮੀਅਰ (ਮੁੱਖ ਮੰਤਰੀ) ਡੈਨੀਅਲ ਸਮਿਥ ਵੱਲੋਂ ਦਿੱਤਾ ਗਿਆ ਬਿਆਨ ਕੈਨੇਡੀਅਨ ਪ੍ਰਸ਼ਾਸਨ ਦੀ ਅਸੰਵੇਦਨਸ਼ੀਲਤਾ ਨੂੰ ਜਗ-ਜ਼ਾਹਿਰ ਕਰਦਾ ਹੈ। ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ ਕਿਹਾ ਸੀ ਕਿ 'ਜੇਕਰ ਵਿਦਿਆਰਥੀਆਂ ਕੋਲ ਪੀਆਰ (ਪਰਮਾਨੈਂਟ ਰੈਜ਼ੀਡੈਂਸੀ) ਨਹੀਂ ਹੈ ਅਤੇ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਖ਼ਤਮ ਹੋ ਰਹੀ ਹੈ ਤਾਂ ਉਹ ਦੇਸ਼ ਛੱਡ ਦੇਣ।'

ਮੁੱਖ ਮੰਤਰੀ ਦਾ ਇਹ ਬਿਆਨ ਕੇਵਲ ਨਿਰਾਸ਼ਾਜਨਕ ਹੀ ਨਹੀਂ, ਸਗੋਂ ਇੱਕ ਚੁਣੀ ਹੋਈ ਸਰਕਾਰ ਦੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਦੀ ਨੀਤੀ ਨੂੰ ਵੀ ਦਰਸਾਉਂਦਾ ਹੈ।

ਪੰਥਕ ਆਗੂ ਬਲਕਰਨ ਸਿੰਘ ਗਿੱਲ ਦਾ ਕਹਿਣਾ ਹੈ ਕਿ ਜੇਕਰ ਅਲਬਰਟਾ ਸੂਬੇ ਵਿੱਚ ਚੱਲ ਰਹੇ ਪ੍ਰਾਈਵੇਟ ਪਾਰਟਨਰਸ਼ਿਪ ਕਾਲਜ ਕੌਮਾਂਤਰੀ ਵਿਦਿਆਰਥੀਆਂ ਨੂੰ ਗੁੰਮਰਾਹ ਕਰ ਰਹੇ ਸਨ, ਤਾਂ ਸਰਕਾਰ ਨੇ ਉਨ੍ਹਾਂ 'ਤੇ ਲਗਾਮ ਕਿਉਂ ਨਹੀਂ ਲਗਾਈ?

ਉਨ੍ਹਾਂ ਕਿਹਾ ਕਿ ਕੌਮਾਂਤਰੀ ਵਿਦਿਆਰਥੀ ਕੈਨੇਡਾ ਦੀ ਅਰਥਵਿਵਸਥਾ ਵਿੱਚ ਅਰਬਾਂ ਡਾਲਰ ਦਾ ਯੋਗਦਾਨ ਪਾਉਂਦੇਹਨ। ਉਨ੍ਹਾਂ ਤੋਂ ਸਥਾਨਕ ਵਿਦਿਆਰਥੀਆਂ ਨਾਲੋਂ 3 ਤੋਂ 4 ਗੁਣਾ ਵੱਧ ਫ਼ੀਸਾਂ ਵਸੂਲੀਆਂ ਜਾਂਦੀਆਂ ਹਨ। ਜਦੋਂ ਸਰਕਾਰ ਅਤੇ ਕਾਲਜਾਂ ਨੂੰ ਫ਼ੀਸਾਂ ਦੇ ਰੂਪ ਵਿੱਚ ਪੈਸੇ ਦੀ ਲੋੜ ਸੀ, ਉਦੋਂ ਸਭ ਕਾਨੂੰਨ ਸ਼ਾਂਤ ਸਨ; ਪਰ ਜਦੋਂ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਦੀ ਵਾਰੀ ਆਈ, ਤਾਂ ਉਨ੍ਹਾਂ ਨੂੰ ਦੇਸ਼ ਛੱਡਣ ਦਾ ਫ਼ਰਮਾਨ ਸੁਣਾ ਦਿੱਤਾ ਗਿਆ।ਪੋਰਟੇਜ ਕਾਲਜ ਅਤੇ ਹੋਰ ਸਬੰਧਿਤ ਅਦਾਰਿਆਂ ਨੇ ਵੈੱਬਸਾਈਟਾਂ 'ਤੇ ਬਿਆਨ ਜਾਰੀ ਕਰਕੇ ਇਹ ਕਹਿ ਦਿੱਤਾ ਹੈ ਕਿ ਵਰਕ ਪਰਮਿਟ ਦੇ ਫ਼ੈਸਲੇ ਸਿਰਫ਼ ਇਮੀਗ੍ਰੇਸ਼ਨ ਵਿਭਾਗ ਦੇ ਹੱਥ ਵਿੱਚ ਹਨ ਅਤੇ ਉਹ ਕੋਈ 'ਸਪੋਰਟ ਲੈਟਰ' ਜਾਰੀ ਨਹੀਂ ਕਰ ਸਕਦੇ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕਾਲਜ ਪ੍ਰਬੰਧਕਾਂ ਦਾ ਇਹ ਰਵੱਈਆ ਉਨ੍ਹਾਂ ਦੀ ਚਲਾਕੀ ਨੂੰ ਨੰਗਾ ਕਰਦਾ ਹੈ।

ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਨੂੰ ਹੁਣ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਮੁੜ ਤੋਂ ਕਿਸੇ ਹੋਰ ਕੋਰਸ ਵਿੱਚ ਦਾਖਲਾ ਲੈਣ ਜਾਂ ਆਪਣਾ ਵੀਜ਼ਾ 'ਟੂਰਿਸਟ/ਵਿਜ਼ਿਟਰ ਵੀਜ਼ਾ' ਵਿੱਚ ਤਬਦੀਲ ਕਰਵਾਉਣ। ਇਹ ਸਲਾਹਾਂ ਵਿਦਿਆਰਥੀਆਂ ਦੀ ਮਦਦ ਕਰਨ ਲਈ ਨਹੀਂ, ਸਗੋਂ ਉਨ੍ਹਾਂ ਦਾ ਹੋਰ ਵਿੱਤੀ ਸ਼ੋਸ਼ਣ ਕਰਨ ਲਈ ਦਿੱਤੀਆਂ ਜਾ ਰਹੀਆਂ ਹਨ:

**ਮੁੜ ਦਾਖਲੇ ਦਾ ਬੋਝ:** ਮੁੜ ਦਾਖਲਾ ਲੈਣ ਦਾ ਮਤਲਬ ਹੈ ਲੱਖਾਂ ਰੁਪਏ ਦੀਆਂ ਫ਼ੀਸਾਂ ਦਾ ਮੁੜ ਪ੍ਰਬੰਧ ਕਰਨਾ। ਇੱਕ ਵਿਦਿਆਰਥੀ ਜੋ ਪਹਿਲਾਂ ਹੀ 20 ਤੋਂ 25 ਲੱਖ ਰੁਪਏ ਖ਼ਰਚ ਚੁੱਕਾ ਹੈ, ਉਹ ਹੋਰ ਪੈਸੇ ਕਿੱਥੋਂ ਲਿਆਵੇਗਾ?

ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਦਿਆਰਥੀ ਮੁੜ ਪੜ੍ਹਾਈ ਸ਼ੁਰੂ ਕਰ ਵੀ ਲੈਂਦਾ ਹੈ, ਤਾਂ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਭਵਿੱਖ ਵਿੱਚ ਕੈਨੇਡਾ ਸਰਕਾਰ ਆਪਣੇ ਨਿਯਮ ਫਿਰ ਨਹੀਂ ਬਦਲੇਗੀ।

**ਕੰਮ ਕਰਨ ਦਾ ਅਧਿਕਾਰ ਨਹੀਂ:** ਵੀਜ਼ਾ ਸੈਲਾਨੀ ਵੀਜ਼ੇ ਵਿੱਚ ਬਦਲਣ ਨਾਲ ਵਿਦਿਆਰਥੀਆਂ ਨੂੰ ਕੰਮ ਕਰਨ ਦਾ ਅਧਿਕਾਰ ਨਹੀਂ ਮਿਲੇਗਾ, ਜਿਸ ਨਾਲ ਉਹ ਆਪਣੇ ਰਹਿਣ-ਸਹਿਣ ਦੇ ਖ਼ਰਚੇ ਤੱਕ ਪੂਰੇ ਨਹੀਂ ਕਰ ਸਕਣਗੇ।

**ਕੈਨੇਡਾ ਦੀ ਬਦਲਦੀ ਇਮੀਗ੍ਰੇਸ਼ਨ ਨੀਤੀ ਅਤੇ ਅੰਕੜਿਆਂ ਦੀ ਹਕੀਕਤ**

ਕੈਨੇਡਾ ਦੇ ਆਡੀਟਰ ਜਨਰਲ ਵੱਲੋਂ ਮਾਰਚ 2026 ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਦੇ ਅੰਕੜੇ ਬਹੁਤ ਹੀ ਹੈਰਾਨਕੁਨ ਹਨ। ਰਿਪੋਰਟ ਅਨੁਸਾਰ ਕੌਮਾਂਤਰੀ ਵਿਦਿਆਰਥੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ 2023 ਵਿੱਚ 51.6% ਸੀ, ਜੋ ਕਿ 2025 ਵਿੱਚ ਘੱਟ ਕੇ ਮਹਿਜ਼ 8.1% ਰਹਿ ਗਈ।

(ਬਾਕੀ ਸਫ਼ਾ 26 'ਤੇ)

# ਕੈਨੇਡਾ ਦੇ ਪਾਰਕਾਂ ਵਿੱਚ ਭਾਰਤੀਆਂ ਵਿਰੁੱਧ ਲਿਖੀਆਂ ਨਫ਼ਰਤ ਭਰੀਆਂ ਲਿਖਤਾਂ

## ਬਹੁ-ਸਭਿਆਚਾਰਕ ਅਤੇ ਸ਼ਾਂਤਮਈ ਭਾਈਚਾਰੇ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ : ਜੈਸਮੀਨ ਬਰਾੜ




ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਦੇ ਸ਼ਹਿਰ ਵਿਨੀਪੈੱਗ ਦੇ ਦੱਖਣੀ ਇਲਾਕਿਆਂ ਪ੍ਰੇਰੀਂ ਪੁਆਇੰਟ ਅਤੇ ਬ੍ਰਿਜ ਵਾਟਰ ਦੇ ਪਾਰਕਾਂ ਵਿੱਚ ਭਾਰਤੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਨਫ਼ਰਤ ਭਰੀਆਂ ਲਿਖਤਾਂ ਸਾਹਮਣੇ ਆਉਣ ਤੋਂ ਬਾਅਦ ਸਥਾਨਕ ਭਾਈਚਾਰੇ ਵਿੱਚ ਚਿੰਤਾ ਅਤੇ ਰੋਸ ਪਾਇਆ ਜਾ ਰਿਹਾ ਹੈ। ਪਾਰਕਾਂ ਦੇ ਰਾਹ, ਸੜਕਾਂ ਅਤੇ ਜਨਤਕ ਥਾਵਾਂ ਉੱਤੇ ਸਪਰੇਅ ਪੇਂਟ ਨਾਲ ਲਿਖੇ ਸੁਨੇਹਿਆਂ ਵਿੱਚ ਭਾਰਤ ਵਿਰੁੱਧ ਅਸ਼ਲੀਲ ਨਾਅਰੇ, ਸਮਲਿੰਗੀ ਭਾਈਚਾਰੇ ਵਿਰੁੱਧ ਗਾਲ੍ਹਾਂ ਅਤੇ ਹਿੰਸਾ ਨੂੰ ਉਕਸਾਉਣ ਵਾਲੇ ਸ਼ਬਦ ਸ਼ਾਮਲ ਸਨ।

ਸਭ ਤੋਂ ਵੱਧ ਗ੍ਰੈਫ਼ਿਟੀ ਈਗਲਵੁੱਡ ਪਾਰਕ ਵਿੱਚ ਮਿਲੀ, ਜਿੱਥੇ ਘੱਟੋ-ਘੱਟ 20 ਨਫ਼ਰਤ ਭਰੇ ਸੁਨੇਹੇ ਅਤੇ ਸੰਕੇਤ ਲਿਖੇ ਹੋਏ ਸਨ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਨੇੜਲੇ ਹੋਰ ਦੋ ਪਾਰਕਾਂ ਨੂੰ ਵੀ ਇਸੇ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਣ ਉਪਰੰਤ ਵਿਨੀਪੈੱਗ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰੇਰੀਂ ਪੁਆਇੰਟ ਨੇਬਰਹੁੱਡ ਐਸੋਸੀਏਸ਼ਨ ਦੀ ਮੈਂਬਰ ਅਤੇ ਵੇਵਰਲੀ ਵੈਸਟ ਵਾਰਡ ਤੋਂ ਸਿਟੀ ਕੌਂਸਲਰ ਉਮੀਦਵਾਰ ਜੈਸਮੀਨ ਬਰਾੜ ਨੇ ਇਸ ਘਟਨਾ ਦੀ ਤਿੱਖੀ ਨਿੰਦਾ ਕਰਦਿਆਂ ਕਿਹਾ ਕਿ ਬਹੁ-ਸਭਿਆਚਾਰਕ ਅਤੇ ਸ਼ਾਂਤਮਈ ਭਾਈਚਾਰੇ ਵਿੱਚ ਇਸ ਕਿਸਮ ਦੀ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਗੈਫ਼ਿਟੀ ਵਿੱਚ ਭਾਰਤ ਪ੍ਰਤੀ ਇਤਰਾਜ਼ਯੋਗ ਸ਼ਬਦਾਂ ਨਾਲ ਨਫ਼ਰਤ ਭਰਿਆ ਸੁਨੇਹਾ ਵੀ ਲਿਖਿਆ ਗਿਆ ਸੀ, ਜਿਸ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ, 'ਇਹ ਸਿਰਫ਼ ਕੰਧਾਂ ਉੱਤੇ ਲਿਖੇ ਸ਼ਬਦ ਨਹੀਂ, ਸਗੋਂ ਇੱਕ ਭਾਈਚਾਰੇ ਨੂੰ ਡਰਾਉਣ ਅਤੇ ਵੰਡਣ ਦੀ ਕੋਸ਼ਿਸ਼ਾਂ ਹਨ।'

ਭਾਰਤੀ ਮੂਲ ਦੇ ਸਥਾਨਕ ਵਸਨੀਕ ਵਿਪੁਲ ਪਰਜਾਪਤੀ ਨੇ ਕਿਹਾ ਕਿ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਅਤੇ ਹੋਰ ਦੱਖਣੀ ਏਸ਼ੀਆਈ ਪਰਿਵਾਰ ਰਹਿੰਦੇ ਹਨ। ਉਨ੍ਹਾਂ ਦੇ ਅਨੁਸਾਰ ਅਜਿਹੇ ਸੁਨੇਹੇ ਕਿਸੇ ਮਜ਼ਾਕ ਦਾ ਹਿੱਸਾ ਨਹੀਂ ਹੋ ਸਕਦੇ, ਸਗੋਂ ਇਹ ਸਮਾਜ ਵਿੱਚ ਨਫ਼ਰਤ ਫੈਲਾਉਣ ਵਾਲੀ ਸੋਚ ਨੂੰ ਦਰਸਾਉਂਦੇ ਹਨ। ਉਨ੍ਹਾਂ ਕਿਹਾ ਕਿ ਸ਼ਬਦਾਂ ਦਾ ਡੂੰਘਾ ਅਸਰ ਹੁੰਦਾ ਹੈ ਅਤੇ ਅਜਿਹੀਆਂ ਹਰਕਤਾਂ ਨੂੰ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ।

ਇਲਾਕਾ ਵਾਸੀ ਕੈਰਿਸਾ ਰੇਏਸ ਨੇ ਕਿਹਾ ਕਿ ਹਰ ਰੋਜ਼ ਦਰਜਨਾਂ ਬੱਚੇ ਇਨ੍ਹਾਂ ਪਾਰਕਾਂ ਵਿੱਚ ਖੇਡਣ ਆਉਂਦੇ ਹਨ ਅਤੇ ਨਫ਼ਰਤ ਭਰੇ ਸੁਨੇਹੇ ਉਨ੍ਹਾਂ ਦੇ ਮਨਾਂ 'ਤੇ ਪ੍ਰਭਾਵ ਪਾਉਂਦੇ ਹਨ।


ਵੇਵਰਲੀ ਵੈਸਟ ਦੀ ਕੌਂਸਲਰ ਜੈਨਿਸ ਲੂਕਸ ਨੇ ਦੱਸਿਆ ਕਿ ਸ਼ਹਿਰੀ ਪ੍ਰਸ਼ਾਸਨ ਨੂੰ ਗ੍ਰਾਫ਼ਿਟੀ ਹਟਾਉਣ ਲਈ ਕਿਹਾ ਗਿਆ ਹੈ, ਹਾਲਾਂਕਿ ਲੰਬੇ ਵੀਕ ਐਂਡ ਕਾਰਨ ਇਸ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਨਸਲੀ ਅਤੇ ਨਫ਼ਰਤ ਭਰੇ ਸੁਨੇਹੇ ਲਿਖਣਾ ਬਿਲਕੁਲ ਸਵੀਕਾਰਯੋਗ ਨਹੀਂ ਹੈ।


ਵੇਵਰਲੀ ਦੇ ਐਮ.ਐਲ.ਏ. ਡੇਵਿਡ ਪੈਂਕਰੈਟਜ਼ ਨੇ ਕਿਹਾ ਕਿ ਮੈਨੀਟੋਬਾ ਵਿੱਚ ਨਫ਼ਰਤ ਅਤੇ ਨਸਲਵਾਦ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਬਹੁਤ ਵੱਡੀ ਗਿਣਤੀ ਵਿੱਚ ਵਿਨੀਪੈੱਗ ਅਤੇ ਮੈਨੀਟੋਬਾ ਦੇ ਲੋਕ ਪ੍ਰਭਾਵਿਤ ਭਾਈਚਾਰਿਆਂ ਦੇ ਨਾਲ ਖੜ੍ਹੇ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਕੈਨੇਡਾ ਵਰਗੇ ਬਹੁ-ਸਭਿਆਚਾਰਕ ਸਮਾਜ ਵਿੱਚ ਨਸਲੀ ਨਫ਼ਰਤ ਵਰਗੇ ਅਪਰਾਧਾਂ ਨੂੰ ਰੋਕਣ ਲਈ ਸਖ਼ਤ ਕਾਰਵਾਈ ਦੀ ਲੋੜ ਨੂੰ ਉਜਾਗਰ ਕਰ ਦਿੱਤਾ ਹੈ।

# ਮਾਰਕਸਵਾਦੀ ਤੇ ਫੂਕੋ ਦੇ ਚਿੰਤਨ ਦਾ ਗ਼ੁਲਾਮ ਬੰਦਾ ਬਨਾਮ ਗੁਰਬਾਣੀ ਦਾ ਅਜ਼ਾਦ ਮਨੁੱਖ



ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
99142-58142







ਮਾਨਵਤਾਵਾਦੀ ਚਿੰਤਨ ਦੇ ਢਾਂਚੇ ਵਿੱਚ ਇਹ ਸਵਾਲ ਹਮੇਸ਼ਾ ਕੇਂਦਰੀ ਰਿਹਾ ਹੈ ਕਿ ਮਨੁੱਖ ਅਜ਼ਾਦ ਹੈ ਜਾਂ ਗੁਲਾਮ? ਅਠਾਰਵੀਂ ਤੋਂ ਵੀਹਵੀਂ ਸਦੀ ਤੱਕ ਪੱਛਮੀ ਦਰਸ਼ਨ ਨੇ ਸਮਾਜ, ਰਾਜ, ਆਰਥਿਕਤਾ ਅਤੇ ਗਿਆਨ ਦੇ ਬੌਧਿਕ ਢਾਂਚਿਆਂ ਦਾ ਵਿਸ਼ਲੇਸ਼ਣ ਕਰਦਿਆਂ ਮਨੁੱਖੀ ਆਜ਼ਾਦੀ ਦੇ ਕਈ ਦਾਅਵੇ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਦੋ ਸਭ ਤੋਂ ਪ੍ਰਭਾਵਸ਼ਾਲੀ ਸਿਧਾਂਤ—ਕਾਰਲ ਮਾਰਕਸ ਦਾ ਇਤਿਹਾਸਕ ਭੌਤਿਕਤਾਵਾਦ ਅਤੇ ਮਿਸ਼ੇਲ ਫੂਕੋ ਦਾ ਸੱਤਾ/ਗਿਆਨ ਦਾ ਸਿਧਾਂਤ—ਅੱਜ ਦੇ ਬੌਧਿਕ ਜਗਤ ਦੀ ਬੁਨਿਆਦ ਮੰਨੇ ਜਾਂਦੇ ਹਨ। ਪਰ ਜਦੋਂ ਇਨ੍ਹਾਂ ਦੋਵਾਂ ਸਿਧਾਂਤਾਂ ਦੀ ਡੂੰਘੀ ਸਮੀਖਿਆ ਕੀਤੀ ਜਾਂਦੀ ਹੈ, ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਮਨੁੱਖ ਨੂੰ ਕਿਸੇ ਨਾ ਕਿਸੇ ਬਾਹਰੀ ਜਾਂ ਅੰਦਰੂਨੀ ਬਣਤਰ ਦਾ ਗੁਲਾਮ ਸਵੀਕਾਰ ਕਰ ਲੈਂਦੇ ਹਨ, ਜਿੱਥੋਂ ਮੁਕਤੀ ਦਾ ਕੋਈ ਅਸਲ ਮਾਰਗ ਨਹੀਂ ਲੱਭਦਾ। ਇਸ ਦੇ ਉਲਟ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਲੌਕਿਕ ਫਲਸਫਾ ਮਨੁੱਖ ਨੂੰ ਹਰ ਪ੍ਰਕਾਰ ਦੀ ਵਾਸਤਵਿਕ ਅਤੇ ਬੌਧਿਕ ਗੁਲਾਮੀ ਤੋਂ ਮੁਕਤ ਕਰਕੇ ਇੱਕ ਪੂਰਨ ਅਜ਼ਾਦ, ਨਿਰਭਉ ਅਤੇ ਸਵੈ-ਅਭਿਮਾਨੀ ਇਨਸਾਨ ਦੀ ਘੜਤ ਘੜਦਾ ਹੈ।

ਕਾਰਲ ਮਾਰਕਸ ਦੇ ਭੌਤਿਕਤਾਵਾਦੀ ਸਿਧਾਂਤ ਨੇ ਸਮਾਜ ਨੂੰ ਆਰਥਿਕਤਾ ਅਤੇ ਉਤਪਾਦਨ ਦੇ ਸਾਧਨਾਂ ਦੇ ਆਧਾਰ ’ਤੇ ਦੇਖਿਆ। ਮਾਰਕਸ ਦਾ ਮੰਨਣਾ ਸੀ ਕਿ ਮਨੁੱਖੀ ਚੇਤਨਾ, ਸੱਭਿਆਚਾਰ, ਸੋਚ ਅਤੇ ਰਿਸ਼ਤੇ ਸਭ ਆਰਥਿਕ ਢਾਂਚੇ ਦੀ ਹੀ ਉਪਜ ਹਨ। ਉਸ ਅਨੁਸਾਰ ਪੂੰਜੀਵਾਦੀ ਨਿਜ਼ਾਮ ਵਿੱਚ ਮਨੁੱਖ ਇੱਕ ‘ਮਸ਼ੀਨ ਦਾ ਪੁਰਜ਼ਾ’ ਬਣ ਕੇ ਰਹਿ ਜਾਂਦਾ ਹੈ ਅਤੇ ਆਪਣੀ ਕਿਰਤ, ਆਪਣੇ ਆਪ ਅਤੇ ਸਮਾਜ ਤੋਂ ਬੇਗਾਨਾ ਹੋ ਜਾਂਦਾ ਹੈ। ਹਾਲਾਂਕਿ ਮਾਰਕਸ ਨੇ ਇਨਕਲਾਬ ਰਾਹੀਂ ਸ਼ੋਸ਼ਣ ਨੂੰ ਖਤਮ ਕਰਨ ਦਾ ਸੁਪਨਾ ਦਿਖਾਇਆ ਸੀ, ਪਰ ਉਸ ਦੀ ਸੋਚ ਮਨੁੱਖ ਨੂੰ ਸਿਰਫ਼ ਇੱਕ ‘ਭੌਤਿਕ ਜੀਵ’ ਮੰਨਣ ਤੱਕ ਸੀਮਤ ਰਹੀ। ਮਾਰਕਸਵਾਦ ਅਨੁਸਾਰ ਮਨੁੱਖ ਪੂਰੀ ਤਰ੍ਹਾਂ ਆਪਣੇ ਸਮਾਜਿਕ ਅਤੇ ਆਰਥਿਕ ਹਾਲਾਤਾਂ ਦਾ ਉਤਪਾਦ ਹੈ। ਇਸ ਦ੍ਰਿਸ਼ਟੀਕੋਣ ਵਿੱਚ ਮਨੁੱਖੀ ਮਨ ਦੀ ਆਤਮਿਕ ਸੁਤੰਤਰਤਾ ਅਤੇ ਸਵੈ-ਇੱਛਾ ਲਈ ਕੋਈ ਥਾਂ ਨਹੀਂ ਬਚਦੀ। ਇਸ ਵਿਚਾਰ ਅਨੁਸਾਰ ਵਿਅਕਤੀ ਸਿਰਫ ਆਰਥਿਕ ਸ਼੍ਰੇਣੀਆਂ ਅਤੇ ਵਰਗ-ਸੰਘਰਸ਼ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ।

ਦੂਜੇ ਪਾਸੇ, ਫ਼ਰਾਂਸੀਸੀ ਉੱਤਰ-ਆਧੁਨਿਕਤਾਵਾਦੀ ਚਿੰਤਕ ਮਿਸ਼ੇਲ ਫੂਕੋ ਨੇ ਸੱਤਾ ਨੂੰ ਹੋਰ ਵੀ ਡਰਾਉਣੇ ਅਤੇ ਅਦ੍ਰਿਸ਼ਟ ਰੂਪ ਵਿੱਚ ਪੇਸ਼ ਕੀਤਾ। ਫੂਕੋ ਅਨੁਸਾਰ ਸੱਤਾ ਸਿਰਫ਼ ਸਰਕਾਰ ਜਾਂ ਪੁਲਿਸ ਕੋਲ ਨਹੀਂ, ਸਗੋਂ ਸਮਾਜ ਦੇ ਰੋਜ਼ਾਨਾ ਦੇ ਅਭਿਆਸਾਂ, ਭਾਸ਼ਾ, ਗਿਆਨ, ਹਸਪਤਾਲਾਂ, ਸਕੂਲਾਂ ਅਤੇ ਅਦਾਲਤਾਂ ਵਿੱਚ ਸਮਾਈ ਹੋਈ ਹੈ। ਫੂਕੋ ਦਾ ਮੰਨਣਾ ਸੀ ਕਿ ਗਿਆਨ ਅਤੇ ‘ਸੱਚ’ ਦੇ ਨਿਯਮ ਹੀ ਸੱਤਾ ਦੁਆਰਾ ਘੜੇ ਜਾਂਦੇ ਹਨ। ਮਨੁੱਖ ਜੋ ਸੋਚਦਾ ਹੈ, ਜੋ ਪਹਿਨਦਾ ਹੈ, ਅਤੇ ਜੋ ਵਿਵਹਾਰ ਕਰਦਾ ਹੈ, ਉਹ ਅਸਲ ਵਿੱਚ ਸੱਤਾ ਦੁਆਰਾ ਚਲਾਈ ਗਈ ‘ਅਨੁਸ਼ਾਸਨੀ ਸ਼ਕਤੀ’ ਦਾ ਹੀ ਨਤੀਜਾ ਹੈ। ਮਨੁੱਖ ਸਵੈ-ਨਿਗਰਾਨੀ ਰਾਹੀਂ ਆਪ ਹੀ ਆਪਣੇ ਆਪ ਦਾ ਜੇਲ੍ਹਰ ਬਣ ਜਾਂਦਾ ਹੈ। ਫੂਕੋ ਦੀ ਸੋਚ ਵਿੱਚ ਮੁਕਤੀ ਦਾ ਕੋਈ ਸਪੱਸ਼ਟ ਰਸਤਾ ਹੀ ਨਹੀਂ ਹੈ, ਕਿਉਂਕਿ ਸੱਤਾ ਦਾ ਵਿਰੋਧ ਵੀ ਉਸੇ ਸੱਤਾ ਦੁਆਰਾ ਤੈਅ ਕੀਤੀ ਭਾਸ਼ਾ ਅਤੇ ਢਾਂਚੇ ਦੇ ਅੰਦਰੋਂ ਹੁੰਦਾ ਹੈ। ਇਸ ਤਰ੍ਹਾਂ ਫੂਕੋ ਦਾ ਸਿਧਾਂਤ ਮਨੁੱਖ ਨੂੰ ਇੱਕ ਅਜਿਹੇ ਅਦ੍ਰਿਸ਼ਟ ਜਾਲ ਵਿੱਚ ਕੈਦ ਕਰ ਦਿੰਦਾ ਹੈ ਜਿੱਥੋਂ ਆਜ਼ਾਦੀ ਇੱਕ ਭਰਮ ਮਾਤਰ ਬਣ ਕੇ ਰਹਿ ਜਾਂਦੀ ਹੈ।

ਇਨ੍ਹਾਂ ਦੋਵਾਂ ਪੱਛਮੀ ਵਿਚਾਰਾਂ ਦੀਆਂ ਸੀਮਾਵਾਂ ਇਹ ਹਨ ਕਿ ਇਹ ਮਨੁੱਖ ਨੂੰ ਬਿਨਾਂ ਕਿਸੇ ਸਮਰੱਥਾ ਵਾਲਾ ਇੱਕ ਲਾਚਾਰ ਅੰਗ ਮੰਨ ਲੈਂਦੀਆਂ ਹਨ। ਮਾਰਕਸਵਾਦ ਜਿੱਥੇ ਆਰਥਿਕਤਾ ਦੀ ਗੁਲਾਮੀ ਤੋਂ ਸ਼ੁਰੂ ਹੋ ਕੇ ਸਤਾ ਤਕ ਪਹੁੰਚਦਾ ਹੈ ਤੇ ਰਾਜਸੀ ਤਾਨਾਸ਼ਾਹੀ ’ਤੇ ਖਤਮ ਹੋ ਜਾਂਦਾ ਹੈ, ਉੱਥੇ ਫੂਕੋ ਦਾ ਵਿਚਾਰ ਨਿਰਾਸ਼ਾਵਾਦ ਦੇ ਅਜਿਹੇ ਹਨੇਰੇ ਵਿੱਚ ਧੱਕਦਾ ਹੈ ਜਿੱਥੇ ਵਿਰੋਧ ਦੀ ਆਸ ਵੀ ਸਮਾਪਤ ਹੋ ਜਾਂਦੀ ਹੈ। ਇਹ ਦੋਵੇਂ ਚਿੰਤਨ ਮਨੁੱਖ ਨੂੰ ਅੰਦਰੋਂ ਅਜ਼ਾਦ ਕਰਨ ਦੀ ਬਜਾਏ, ਉਸ ਨੂੰ ਬਾਹਰੀ ਬਣਤਰਾਂ ਦੀ ਕਠਪੁਤਲੀ ਸਿੱਧ ਕਰਦੇ ਹਨ। ਇਹ ਸਿਧਾਂਤ ਸਮਝਾਉਂਦੇਤਾਂ ਬਹੁਤ ਕੁਝ ਹਨ, ਪਰ ਮਨੁੱਖੀ ਆਤਮਾ ਨੂੰ ਨਿਰਭੈਅਤਾ ਅਤੇ ਮੁਕਤੀ ਪ੍ਰਦਾਨ ਕਰਨ ਵਿੱਚ ਪੂਰੀ ਤਰ੍ਹਾਂ ਅਸਮਰੱਥ ਰਹਿੰਦੇ ਹਨ।

ਇਸ ਬੌਧਿਕ ਅਤੇ ਅਸਤਿਤਵਵਾਦੀ ਘੁੰਮਣਘੇਰੀ ਦੇ ਉਲਟ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਲਾਸਫੀ ਮਨੁੱਖੀ ਮੁਕਤੀ ਦਾ ਇੱਕ ਬੇਮਿਸਾਲ ਅਤੇ ਜੀਵੰਤ ਮਾਰਗ ਪੇਸ਼ ਕਰਦੀ ਹੈ। ਗੁਰਮਤਿ ਦਰਸ਼ਨ ਬਾਹਰੀ ਹਾਲਾਤਾਂ ਨੂੰ ਮੰਨਦਿਆਂ ਹੋਇਆਂ ਵੀ ਮਨੁੱਖ ਨੂੰ ਸਿਰਫ਼ ਹਾਲਾਤਾਂ ਦੀ ‘ਉਪਜ’ ਨਹੀਂ ਮੰਨਦਾ, ਸਗੋਂ ਉਸ ਅੰਦਰਲੀ ‘ਜੋਤਿ’ (ਆਤਮਿਕ ਸ਼ਕਤੀ) ਨੂੰ ਜਗਾਉਂਦਾ ਹੈ। ਗੁਰਬਾਣੀ ਅਨੁਸਾਰ ਮਨੁੱਖ ਦੀ ਸਭ ਤੋਂ ਵੱਡੀ ਗੁਲਾਮੀ ਬਾਹਰੀ ਨਹੀਂ, ਸਗੋਂ ਅੰਦਰਲੀ ‘ਹਉਮੈਂ’ ਅਤੇ ‘ਅਗਿਆਨਤਾ’ ਦੀ ਹੈ। ਜਦੋਂ ਤੱਕ ਮਨੁੱਖ ਆਪਣੇ ਮਨ ਦੇ ਹੰਕਾਰ, ਤ੍ਰਿਸ਼ਨਾ ਅਤੇ ਲੋਭ ਦਾ ਗੁਲਾਮ ਹੈ, ਉਹ ਬਾਹਰੋਂ ਕਦੇ ਵੀ ਮੁਕਤ ਨਹੀਂ ਹੋ ਸਕਦਾ। ਫੂਕੋ ਜਿਸ ਅਦ੍ਰਿਸ਼ਟ ਨਿਯੰਤਰਣ ਦੀ ਗੱਲ ਕਰਦਾ ਹੈ, ਗੁਰੂ ਸਾਹਿਬ ਉਸ ਦਾ ਤੋੜ ਮਨੁੱਖ ਅੰਦਰਲੇ ਆਤਮਿਕ ਗਿਆਨ ਰਾਹੀਂ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਦੀ 38ਵੀਂ ਪਉੜੀ ਵਿੱਚ ਅਜ਼ਾਦ ਇਨਸਾਨ ਦੀ ਘੜਤ ਦੀ ਪ੍ਰਕਿਰਿਆ ਨੂੰ ਬਹੁਤ ਹੀ ਅਲੌਕਿਕ ਢੰਗ ਨਾਲ ਬਿਆਨ ਕਰਦੇ ਹਨ:

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥

ਇਹ ‘ਸੱਚੀ ਟਕਸਾਲ’ ਕੋਈ ਭੌਤਿਕ ਜਾਂ ਆਰਥਿਕ ਕਾਰਖਾਨਾ ਨਹੀਂ ਹੈ, ਸਗੋਂ ਇਹ ‘ਸ਼ਬਦ’ ਦੀ ਉਹ ਗਿਆਨ-ਸ਼ਾਲਾ ਹੈ ਜਿੱਥੇ ਮਨੁੱਖੀ ਮਨ ਦੀ ਘੜਤ ਘੜੀ ਜਾਂਦੀ ਹੈ। ਇੱਥੇ ਜਤ (ਸੰਯਮ), ਧੀਰਜ, ਉੱਚੀ ਮਤਿ (ਗਿਆਨ), ਵਾਹਿਗੁਰੂ ਜੀ ਦਾ ਭੈਅ ਇਖਲਾਕੀ ਅਨੁਸ਼ਾਸਨ) ਅਤੇ ਪ੍ਰੇਮ ਦੇ ਭਾਂਡੇ ਵਿੱਚ ‘ਸ਼ਬਦ’ ਰਾਹੀਂ ਇਨਸਾਨ ਦਾ ਆਚਰਣ ਘੜਿਆ ਜਾਂਦਾ ਹੈ। ਇਹ ਟਕਸਾਲ ਅਜਿਹਾ ‘ਸਚਿਆਰ’ ਇਨਸਾਨ ਤਿਆਰ ਕਰਦੀ ਹੈ ਜੋ ਕਿਸੇ ਭੌਤਿਕਤਾ, ਰਾਜਸੀ ਡਰ ਜਾਂ ਸਮਾਜਿਕ ਬਣਤਰ ਦਾ ਗੁਲਾਮ ਨਹੀਂ ਹੁੰਦਾ, ਸਗੋਂ ਆਪਣੇ ਆਪ ਵਿੱਚ ਪੂਰਨ ਤੌਰ ’ਤੇ ਮੁਕਤ ਹੁੰਦਾ ਹੈ।ਗੁਰਮਤਿ ਦਰਸ਼ਨ ਅਨੁਸਾਰ ਅਸਲੀ ਸੱਤਾ ਸਿਰਫ਼ ਇੱਕ ਅਕਾਲ ਪੁਰਖ ਦੇ ‘ਹੁਕਮੁ’ ਦੀ ਹੈ। ਜਦੋਂ ਮਨੁੱਖ ਇਸ ਪਰਮ-ਸੱਤਾ ਨੂੰ ਪਛਾਣ ਲੈਂਦਾ ਹੈ, ਤਾਂ ਦੁਨੀਆ ਦੇ ਸ਼ਾਸਕਾਂ, ਪੂੰਜੀਪਤੀਆਂ ਜਾਂ ਸਮਾਜਿਕ ਨਿਯਮਾਂ ਦਾ ਡਰ ਉਸ ਦੇ ਮਨ ਤੋਂ ਪੂਰੀ ਤਰ੍ਹਾਂ ਮਿਟ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮੁਕਤੀ-ਸਿਧਾਂਤ ਅਜ਼ਾਦ ਮਨੁੱਖ ਦੀ ਸਰਵਉੱਚ ਤਸਵੀਰ ਪੇਸ਼ ਕਰਦਾ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

ਇਹ ਸਿਧਾਂਤ ਫੂਕੋ ਅਤੇ ਮਾਰਕਸ ਦੋਵਾਂ ਤੋਂ ਬਹੁਤ ਅੱਗੇ ਲੰਘ ਜਾਂਦਾ ਹੈ। ਗੁਰੂ ਸਾਹਿਬ ਅਜਿਹਾ ਬੰਦਾ ਘੜਦੇ ਹਨ ਜੋ ਨਾ ਤਾਂ ਤਾਕਤ ਦੇ ਹੰਕਾਰ ਵਿੱਚ ਆ ਕੇ ਕਿਸੇ ਹੋਰ ਉੱਤੇ ਆਪਣੀ ਸੱਤਾ ਦਾ ਡਰ ਠੋਸਦਾ ਹੈ (ਜੋ ਮਾਰਕਸਵਾਦੀ ਰਾਜਾਂ ਵਿੱਚ ਦੇਖਣ ਨੂੰ ਮਿਲਿਆ) ਅਤੇ ਨਾ ਹੀ ਕਿਸੇ ਜਾਲਮ ਸੱਤਾ ਅੱਗੇ ਝੁਕਦਾ ਹੈ (ਜਿਸ ਨਿਰਾਸ਼ਾ ਵਿੱਚ ਫੂਕੋ ਦਾ ਸਿਧਾਂਤ ਛੱਡਦਾ ਹੈ)। ਇਹ ਇਨਸਾਨ ਅੰਦਰੋਂ ‘ਨਿਰਭਉ’ ਅਤੇ ‘ਨਿਰਵੈਰ’ ਹੁੰਦਾ ਹੈ।

ਇਸ ਤੋਂ ਵੀ ਅੱਗੇ, ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਸਿਰਫ਼ ਵਿਅਕਤੀਗਤ ਮੁਕਤੀ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਇਹ ਇੱਕ ਮੁਕਤ ਸਮਾਜ ਦੀ ਸਿਰਜਣਾ ਕਰਦਾ ਹੈ। ਸੰਤ ਗੁਰ ਰਵਿਦਾਸ ਜੀ ਦਾ ‘ਬੇਗਮਪੁਰਾ’ ਅਤੇ ਗੁਰੂ ਅਰਜਨ ਦੇਵ ਜੀ ਦਾ ‘ਹਲੇਮੀ ਰਾਜ’ ਅਜਿਹੇ ਸਮਾਜਿਕ-ਰਾਜਸੀ ਨਿਜ਼ਾਮ ਦੀ ਤਸਵੀਰ ਹਨ ਜਿੱਥੇ ਕੋਈ ਸ਼ੋਸ਼ਣ ਨਹੀਂ, ਕੋਈ ਟੈਕਸ ਦਾ ਬੋਝ ਨਹੀਂ, ਕੋਈ ਭੈਅ ਨਹੀਂ ਅਤੇ ਕੋਈ ਕਿਸੇ ’ਤੇ ਹੁਕਮ ਨਹੀਂ ਚਲਾਉਂਦਾ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥

ਇਹ ‘ਹਲੇਮੀ ਰਾਜ’ ਨਿਮਰਤਾ, ਪ੍ਰੇਮ, ਸੇਵਾ ਅਤੇ ਸਰਬੱਤ ਦੇ ਭਲੇ ’ਤੇ ਆਧਾਰਿਤ ਹੈ। ਜਿੱਥੇ ਪੱਛਮੀ ਫਿਲਾਸਫੀ ਸਮਾਜ ਨੂੰ ਹਮੇਸ਼ਾ ਇੱਕ ਸ਼੍ਰੇਣੀ-ਸੰਘਰਸ਼ ਜਾਂ ਸੱਤਾ ਦੀ ਖੇਡ ਵਜੋਂ ਦੇਖਦੀ ਹੈ, ਉੱਥੇ ਗੁਰੂ ਗ੍ਰੰਥ ਸਾਹਿਬ ਜੀ ਸਮਾਜ ਨੂੰ ਪ੍ਰੇਮ ਅਤੇ ਆਤਮਿਕ ਸਾਂਝ ਦੇ ਢਾਂਚੇ ਵਿੱਚ ਬਦਲਣ ਦੀ ਸ਼ਕਤੀ ਦਿੰਦੇ ਹਨ।

ਨਤੀਜੇ ਵਜੋਂ, ਮਾਰਕਸ ਅਤੇ ਫੂਕੋ ਵਰਗੇ ਪੱਛਮੀ ਵਿਚਾਰਕਾਂ ਨੇ ਸਮਾਜਿਕ ਅਤੇ ਬੌਧਿਕ ਗੁਲਾਮੀ ਦੇ ਜਾਲਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਬੌਧਿਕ ਯੋਗਦਾਨ ਤਾਂ ਦਿੱਤਾ, ਪਰ ਉਹ ਮਨੁੱਖ ਨੂੰ ਉਸ ਜਾਲ ਵਿੱਚੋਂ ਕੱਢਣ ਵਿੱਚ ਅਸਫਲ ਰਹੇ। ਉਹ ਮਨੁੱਖ ਨੂੰ ਸਿਰਫ਼ ਬਾਹਰੀ ਢਾਂਚਿਆਂ ਦੀ ਗੁਲਾਮ ਕਠਪੁਤਲੀ ਬਣਾ ਕੇ ਛੱਡ ਦਿੰਦੇ ਹਨ। ਇਸ ਦੇ ਉਲਟ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਲਾਸਫੀ ‘ਸਬਦੁ ਸੱਚੀ ਟਕਸਾਲ’ ਰਾਹੀਂ ਮਨੁੱਖ ਨੂੰ ਅੰਦਰੋਂ ਆਤਮਿਕ ਤੌਰ ’ਤੇ ਜਗਾ ਕੇ ਹਉਮੈ ਤੋਂ ਮੁਕਤ ਕਰਦੀ ਹੈ, ਉਸ ਨੂੰ ਬਾਹਰੀ ਧੱਕੇਸ਼ਾਹੀ ਵਿਰੁੱਧ ‘ਨਿਰਭਉ’ ਬਣਾ ਕੇ ਖੜ੍ਹਾ ਕਰਦੀ ਹੈ, ਅਤੇ ਇੱਕ ਅਜਿਹਾ ਪੂਰਨ ਅਜ਼ਾਦ ਇਨਸਾਨ ਘੜਦੀ ਹੈ ਜੋ ਆਤਮ-ਸਮਾਨ ਅਤੇ ਸਰਬੱਤ ਦੇ ਭਲੇ ਦਾ ਪ੍ਰਤੀਕ ਬਣਦਾ ਹੈ। ਗੁਰਬਾਣੀ ਦਾ ਇਹ ਮਾਰਗ ਹੀ ਮਾਨਵਤਾ ਦੀ ਸੱਚੀ ਅਤੇ ਸਦੀਵੀ ਸੁਤੰਤਰਤਾ ਦਾ ਚਾਨਣ-ਮੁਨਾਰਾ ਹੈ।

# ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਪੁਸਤਕ ਲੋਕ ਅਰਪਣ





ਰਾਜਪੁਰਾ/ਏ.ਟੀ.ਨਿਊਜ਼: ਲੋਕ ਸਾਹਿਤ ਸੰਗਮ ਰਾਜਪੁਰਾ ਦੀ ਇੱਕਤਰਤਾ ਸੀਨੀਅਰ ਸਿਟੀਜ਼ਨ ਕੌਂਸਲ ਵਿਖੇ ਡਾਕਟਰ ਗੁਰਵਿੰਦਰ ਸਿੰਘ ਅਮਨ ਦੀ ਪ੍ਰਧਾਨਗੀ ਹੇਠ ਹੋਈ। ਪ੍ਰਸਿੱਧ ਕਵੀ ਸੰਪਾਦਕ ਤੇ ਅਨੁਵਾਦਕ ਡਾ. ਅਮਰਜੀਤ ਸਿੰਘ ਕੌਂਕੇ ਵੱਲੋਂ ਅਨੁਵਾਦਕ ਹਿੰਦੀ ਦੀ ਬਹੁਪੱਖੀ ਲੇਖਿਕਾ ਡਾ. ਸੁਧਾ ਓਮ ਢੀਂਗਰਾ ਦੀ ਪੁਸਤਕ ‘ਖਿੜਕੀਆਂ ’ਚੋਂ ਝਾਕਦੀਆਂ ਅੱਖਾਂ’ ਲੋਕ ਅਰਪਣ ਹੋਈ। ਡਾ. ਗੁਰਵਿੰਦਰ ਸਿੰਘ ਅਮਨ ਵੱਲੋਂ ਸਮੂਹ ਹਾਜ਼ਰੀਨ ਦਾ ਸਵਾਗਤ ਕਰਦਿਆਂ ਕਾਵਿਕ ਲਹਿਜ਼ੇ ਨਾਲ ਪ੍ਰਧਾਨਗੀ ਮੰਡਲ ਨੂੰ ਸੱਦਾ ਦਿੱਤਾ, ਜਿਸ ਵਿੱਚ ਡਾ. ਅਮਰਜੀਤ ਸਿੰਘ ਕੌਂਕੇ, ਮੁੱਖ ਮਹਿਮਾਨ ਡਾ. ਅਮਰਜੀਤ ਸਿੰਘ ਮੁਖੀ ਪੰਜਾਬੀ ਵਿਭਾਗ, ਜਗਤ ਗੁਰੂ ਨਾਨਕ ਦੇਵ ਪੰਜਾਬ ਓਪਨ ਯੂਨੀਵਰਸਿਟੀ ਪਟਿਆਲਾ, ਇੱਕਬਾਲ ਸਿੰਘ ਸਭਰਵਾਲ, ਸ਼ਾਇਰਾ ਸੰਦੀਪ ਜਸਵਾਲ ਅਤੇ ਨਵਦੀਪ ਸਿੰਘ ਮੁੰਡੀ ਸਾਮਲ ਸਨ। ਇਹਨਾਂ ਸਭਨਾਂ ਵੱਲੋਂ ਪੁਸਤਕ ਲੋਕ ਅਰਪਣ ਕੀਤੀ ਗਈ।

ਡਾ. ਅਮਰਜੀਤ ਸਿੰਘ ਕੌਂਕੇ ਨੇ ਪੁਸਤਕ ’ਤੇ ਵਿਚਾਰਾ ਰੱਖਦਿਆਂ ਕਿਹਾ ਕਿ ਇਹ ਕਹਾਣੀਆਂ, ਪ੍ਰਵਾਸੀ ਸਾਹਿਤ ਦੇ ਪ੍ਰਸੰਗ ਵਿੱਚ ਬਹੁਤ ਹੀ ਵਿਸ਼ੇਸ਼ ਮਹੱਤਵ ਦੀਆਂ ਧਾਰਨੀ ਹਨ, ਕਿਉਂਕਿ ਪੁਸਤਕ ਵਿੱਚ ਲੇਖਿਕਾ ਨੇ ਪ੍ਰਵਾਸੀ ਧਰਤੀ ’ਤੇ ਰਹਿ ਰਹੇ ਬਜ਼ੁਰਗਾਂ ਦੀਆਂ ਸਮੱਸਿਆਵਾਂ , ਦੇਸ਼ ਵਿਦੇਸ਼ ਦੇ ਸਭਿਆਚਾਰ ਵਿਚਾਲੇ ਟਕਰਾਟ ਤੇ ਤਣਾਅ, ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਦੇ ਫ਼ਾਸਲੇ ਨੂੰ ਬਹੁਤ ਸੁੱਚਜੇ ਢੰਗ ਨਾਲ ਉਜਾਗਰ ਕੀਤਾ ਹੈ। ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਸਾਹਿਤ ਵਿੱਚ ਇੱਕ ਬਹੁਤ ਵੱਡੀ ਆਮਦ ਹੈ। ਡਾ. ਹਰਜੀਤ ਸਿੰਘ ਸੱਧਰ ਨੇ ਕਿਹਾ ਕਿ ਇੱਕ ਭਾਸ਼ਾ ਦੇ ਮੁਹਾਵਰੇ ਨੂੰ ਦੂਜੀ ਭਾਸ਼ਾ ਦੇ ਮੁਹਾਵਰੇ ਵਿੱਚ ਢਾਲਣਾ, ਬਹੁਤ ਹੀ ਜਟਿਲ ਕਾਰਜ ਹੈ। ਮੰਚ ਸੰਚਾਲਨ ਹਮੇਸ਼ਾ ਦੀ ਤਰ੍ਹਾਂ ਬਲਦੇਵ ਸਿੰਘ ਖੁਰਾਣਾ ਵੱਲੋਂ ਨਿਭਾਇਆ ਗਿਆ।

ਕਵੀ ਦਰਬਾਰ ਦੇ ਦੌਰ ਵਿੱਚ ਕਰਮ ਸਿੰਘ ਹਕੀਰ, ਹਰਪਾਲ ਸਿੰਘ ਪਾਲ, ਸੁਨੀਤਾ ਦੇਸ ਰਾਜ, ਰਣਜੀਤ ਸਿੰਘ ਫਤਹਿਗੜ੍ਹ ਸਾਹਿਬ, ਮਦਨ ਲਾਲ ਸੇਠੀ, ਇੰਦਰਜੀਤ ਸਿੰਘ ਲਾਂਬਾ, ਗੁਰਵਿੰਦਰ ਦੀਪ, ਜੀ.ਪੀ. ਸਿੰਘ, ਰਾਕੇਸ਼ ਨਾਦਾਨ ਨੇ ਰਚਨਾਵਾਂ ਸੁਣਾ ਕੇ ਵਾਹ ਵਾਹ ਖੱਟੀ। ਬੁਲੰਦ ਆਵਾਜ਼ ਦੀ ਮਲਿਕਾ ਸੁਰਿੰਦਰ ਕੌਰ ਬਾੜਾ, ਪ੍ਰੋਫੈਸਰ ਸਤਵੰਤ ਕੌਰ ਅਤੇ ਨਵਨੀਤ ਕੌਰ ਨੇ ਗੀਤ ਸੁਣਾ ਕੇ ਸਰੋਤੇ ਕੀਲ ਦਿੱਤੇ। ਦਲਜੀਤ ਸਿੰਘ ਸੈਦਾਖੇੜੀ, ਹਰੀ ਸਿੰਘ ਚਮਕ, ਸੰਦੀਪ ਜਸਵਾਲ ਤੇ ਨਵਦੀਪ ਸਿੰਘ ਮੁੰਡੀ ਨੇ ਕਵਿਤਾਵਾਂ ਸੁਣਾ ਕੇ ਨਿਹਾਲ ਕੀਤਾ। ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਅਮਨ ਨੇ ‘ਕਬਰਾਂ ਬੋਲ ਪਈਆਂ’ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਉਪਰੰਤ ਰਤਨ ਸਿੰਘ ਸ਼ਰਮਾ, ਓ.ਪੀ. ਮਦਾਨ, ਭੀਮ ਸੈਨ ਝੂਲੇ ਲਾਲ, ਇਕਬਾਲ ਸਿੰਘ ਸਬਰਵਾਲ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

## ਦਰਪਣ ਝੂਠ ਨਹੀਂ ਬੋਲਦਾ

# ਭਾਰਤ-ਕੈਨੇਡਾ ਸਬੰਧਾਂ ਵਿੱਚ ਨਵੀਂ ਤਲਖ਼ੀ: ਸੰਘ 'ਤੇ ਪਾਬੰਦੀ ਲਗਾਓ ਅਤੇ ਮੋਹਨ ਭਾਗਵਤ ਦੇ ਦੌਰੇ ਨੂੰ ਰੋਕੋ

## ਐਨ.ਡੀ.ਪੀ. ਵੱਲੋਂ ਪਾਬੰਦੀ ਦੀ ਵਕਾਲਤ, ਪੰਥਕ ਜਥੇਬੰਦੀਆਂ ਵੱਲੋਂ ਪੂਰਨ ਸਮਰਥਨ, 200 ਸੰਸਥਾਵਾਂ ਲਾਮਬੰਦ

ਭਾਰਤ ਅਤੇ ਕੈਨੇਡਾ ਵਿਚਾਲੇ ਬੀਤੇ ਕੁਝ ਸਮੇਂ ਤੋਂ ਚੱਲ ਰਹੇ ਕੂਟਨੀਤਕ ਤਣਾਅ ਅਤੇ ਸਿਆਸੀ ਖੜੋਤ ਵਿੱਚ ਇੱਕ ਵਾਰ ਫ਼ਿਰ ਨਵਾਂ ਉਬਾਲ ਆ ਗਿਆ ਹੈ। ਦੋਹਾਂ ਦੇਸ਼ਾਂ ਦੇ ਸਬੰਧ ਪਹਿਲਾਂ ਹੀ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਏ ਦੋਸ਼-ਪ੍ਰਤੀਦੋਸ਼ ਅਤੇ ਕੂਟਨੀਤਕਾਂ ਦੀ ਵਾਪਸੀ ਕਾਰਨ ਕਾਫ਼ੀ ਨਾਜ਼ੁਕ ਮੋੜ 'ਤੇ ਸਨ। ਹੁਣ ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਦੋ ਪ੍ਰਮੁੱਖ ਮੈਂਬਰ ਪਾਰਲੀਮੈਂਟਾਂ ਵੱਲੋਂ ਭਾਰਤ ਦੇ ਸ਼ਕਤੀਸ਼ਾਲੀ ਸੰਗਠਨ ਰਾਸ਼ਟਰੀ ਸਵੈਮ-ਸੇਵਕ ਸੰਘ 'ਤੇ ਪਾਬੰਦੀ ਲਗਾਉਣ ਅਤੇ ਸੰਘ ਮੁਖੀ ਮੋਹਨ ਭਾਗਵਤ ਦੀ ਕੈਨੇਡਾ ਫ਼ੇਰੀ 'ਤੇ ਰੋਕ ਲਗਾਉਣ ਦੀ ਕੀਤੀ ਗਈ ਸਰਕਾਰੀ ਮੰਗ ਨੇ ਇਸ ਵਿਵਾਦ ਨੂੰ ਹੋਰ ਹਵਾ ਦੇ ਦਿੱਤੀ ਹੈ। ਇਸ ਘਟਨਾਕ੍ਰਮ ਨੇ ਨਾ ਸਿਰਫ਼ ਅੰਤਰਰਾਸ਼ਟਰੀ ਕੂਟਨੀਤਕ ਹਲਕਿਆਂ ਵਿੱਚ ਹਲਚਲ ਮਚਾਈ ਹੈ, ਬਲਕਿ ਕੈਨੇਡਾ ਵਿੱਚ ਰਹਿੰਦੇ ਲੱਖਾਂ ਭਾਰਤੀਆਂ ਅਤੇ ਪੰਜਾਬੀ ਭਾਈਚਾਰੇ ਵਿੱਚ ਵੀ ਨਵੀਂ ਚਿੰਤਾ ਪੈਦਾ ਕਰ ਦਿੱਤੀ ਹੈ।

ਇਸ ਵਿਵਾਦ ਦੀ ਸ਼ੁਰੂਆਤ ਕੈਨੇਡਾ ਦੀ ਐੱਨ.ਡੀ.ਪੀ. ਦੀ ਵਿਦੇਸ਼ ਮਾਮਲਿਆਂ ਦੀ ਤਰਜਮਾਨ ਹੀਥਰ ਮੈਕਫ਼ਰਸਨ ਅਤੇ ਇਮੀਗ੍ਰੇਸ਼ਨ ਤੇ ਪਬਲਿਕ ਸੇਫ਼ਟੀ ਤਰਜਮਾਨ ਜੈਨੀ ਕੁਆਨ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਕਾਰਤ ਪੱਤਰ ਨਾਲ ਹੋਈ। ਇਹ ਪੱਤਰ ਕੈਨੇਡਾ ਦੇ ਵਿਦੇਸ਼ ਮੰਤਰਾਲੇ, ਜਨਤਕ ਸੁਰੱਖਿਆ ਮੰਤਰਾਲੇ ਅਤੇ ਇਮੀਗ੍ਰੇਸ਼ਨ ਮੰਤਰਾਲੇ ਨੂੰ ਸੌਂਪਿਆ ਗਿਆ ਸੀ। ਇਸ ਪੱਤਰ ਵਿੱਚ 31 ਅਗਸਤ ਤੋਂ 1 ਸਤੰਬਰ ਤੱਕ ਪ੍ਰਸਤਾਵਿਤ ਮੋਹਨ ਭਾਗਵਤ ਦੇ ਕੈਨੇਡਾ ਦੌਰੇ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ, ਐੱਨ.ਡੀ.ਪੀ. ਆਗੂਆਂ ਨੇ ਇਹ ਵੀ ਮੰਗ ਕੀਤੀ ਹੈ ਕਿ ਆਰ.ਐੱਸ.ਐੱਸ. ਨੂੰ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸੁਰੱਖਿਆ ਕਾਨੂੰਨਾਂ ਦੀ ਧਾਰਾ 35(1)(ਬੀ) ਤਹਿਤ ਗ਼ੈਰ-ਪ੍ਰਵਾਨਿਤ ਜਾਂ ਪਾਬੰਦੀਸ਼ੁਦਾ ਸੰਗਠਨਾਂ ਦੀ ਸੂਚੀ ਵਿੱਚ ਦਰਜ ਕੀਤਾ ਜਾਵੇ। ਇਸ ਮੁਹਿੰਮ ਨੂੰ ਕੈਨੇਡਾ ਦੀਆਂ 200 ਤੋਂ ਵੱਧ ਸਿਵਲ ਸੋਸਾਇਟੀ ਸੰਸਥਾਵਾਂ, ਮਨੁੱਖੀ ਅਧਿਕਾਰ ਸਮੂਹਾਂ ਅਤੇ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸੰਗਠਨਾਂ ਦਾ ਵਿਆਪਕ ਸਮਰਥਨ ਹਾਸਲ ਹੋਇਆ ਹੈ, ਜਿਸ ਨਾਲ ਇਹ ਮੁੱਦਾ ਸਿਰਫ਼ ਇੱਕ ਸਿਆਸੀ ਬਿਆਨ ਤੱਕ ਸੀਮਤ ਨਹੀਂ ਰਿਹਾ ਬਲਕਿ ਇੱਕ ਵੱਡੇ ਵਿਵਾਦ ਦਾ ਰੂਪ ਧਾਰਨ ਕਰ ਗਿਆ ਹੈ।ਪੰਥਕ ਜਥੇਬੰਦੀਆਂ, ਸਿੱਖ ਸੰਸਥਾਵਾਂ ਅਤੇ ਵਿਦੇਸ਼ਾਂ ਵਿੱਚ ਸਰਗਰਮ ਘੱਟ-ਗਿਣਤੀ ਅਧਿਕਾਰ ਜਥੇਬੰਦੀਆਂ ਨੇ ਇਸ ਕਦਮ ਦਾ ਪੂਰਨ ਸਮਰਥਨ ਕੀਤਾ ਹੈ ਅਤੇ ਇਸ 'ਤੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਪੰਥਕ ਧਿਰਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਘੱਟ-ਗਿਣਤੀਆਂ—ਵਿਸ਼ੇਸ਼ ਤੌਰ 'ਤੇ ਸਿੱਖ, ਮੁਸਲਿਮ ਅਤੇ ਈਸਾਈ ਭਾਈਚਾਰੇ—ਵਿਰੁੱਧ ਵਧ ਰਹੀ ਕੱਟੜਤਾ ਅਤੇ ਨਫ਼ਰਤ ਪਿੱਛੇ ਹਿੰਦੂਤਵੀ ਸੋਚ ਦਾ ਵੱਡਾ ਹੱਥ ਹੈ। ਪੰਥਕ



ਆਗੂਆਂ ਦਾ ਤਰਕ ਹੈ ਕਿ ਜੇਕਰ ਆਰ.ਐੱਸ.ਐੱਸ. ਦੇ ਆਗੂਆਂ ਨੂੰ ਕੈਨੇਡਾ ਵਰਗੇ ਲੋਕਤੰਤਰੀ ਦੇਸ਼ਾਂ ਵਿੱਚ ਖੁੱਲ੍ਹ ਕੇ ਪ੍ਰਚਾਰ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਇਸ ਨਾਲ ਸਥਾਨਕ ਭਾਈਚਾਰਿਆਂ ਵਿੱਚ ਆਪਸੀ ਧੜੇਬੰਦੀ, ਤਣਾਅ ਅਤੇ ਨਫ਼ਰਤ ਫ਼ੈਲਣ ਦਾ ਗੰਭੀਰ ਖ਼ਤਰਾ ਬਣਿਆ ਰਹੇਗਾ। ਇਸ ਤੋਂ ਇਲਾਵਾ, ਵਿਦੇਸ਼ੀ ਧਰਤੀ 'ਤੇ ਸਿੱਖ ਸਰਗਰਮੀਆਂ ਅਤੇ ਆਗੂਆਂ ਦੀ ਸੁਰੱਖਿਆ ਨੂੰ ਲੈ ਕੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਿਰਾਂ ਵੱਲੋਂ ਜਾਰੀ ਕੀਤੀਆਂ ਗਈਆਂ ਚਿਤਾਵਨੀਆਂ ਦਾ ਹਵਾਲਾ ਦਿੰਦਿਆਂ, ਪੰਥਕ ਜਥੇਬੰਦੀਆਂ ਨੇ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਧਰਤੀ 'ਤੇ ਅਜਿਹੀਆਂ ਫ਼ਿਰਕੂ ਸ਼ਕਤੀਆਂ ਨੂੰ ਪ੍ਰਭਾਵ ਵਧਾਉਣ ਤੋਂ ਰੋਕੇ।

ਦੂਜੇ ਪਾਸੇ, ਮੋਦੀ ਸਰਕਾਰ, ਭਾਰਤੀ ਵਿਦੇਸ਼ ਮੰਤਰਾਲੇ ਅਤੇ ਰਾਸ਼ਟਰਵਾਦੀ ਹਲਕਿਆਂ ਵੱਲੋਂ ਇਸ ਕਾਰਵਾਈ ਦਾ ਬੇਹੱਦ ਸਖ਼ਤ ਵਿਰੋਧ ਕੀਤਾ ਗਿਆ ਹੈ। ਭਾਰਤੀ ਪੱਖ ਇਸ ਪੂਰੇ ਘਟਨਾਕ੍ਰਮ ਨੂੰ ਕੈਨੇਡਾ ਦੀ ਅੰਦਰੂਨੀ 'ਵੋਟ-ਬੈਂਕ ਰਾਜਨੀਤੀ' ਦਾ ਨਤੀਜਾ ਕਰਾਰ ਦੇ ਰਿਹਾ ਹੈ। ਭਾਰਤੀ ਕੂਟਨੀਤਕਾਂ ਅਨੁਸਾਰ, ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਨੂੰ ਟਿਕਾਈ ਰੱਖਣ ਲਈ ਐੱਨ.ਡੀ.ਪੀ. ਵਰਗੀਆਂ ਪਾਰਟੀਆਂ ਦਾ ਸਮਰਥਨ ਜ਼ਰੂਰੀ ਹੈ, ਅਤੇ ਇਹ ਪਾਰਟੀਆਂ ਕੈਨੇਡਾ ਵਿੱਚ ਸਰਗਰਮ ਭਾਰਤ-ਵਿਰੋਧੀ ਅਤੇ ਵੱਖਵਾਦੀ ਅਨਸਰਾਂ ਨੂੰ ਖੁਸ਼ ਕਰਨ ਲਈ ਅਜਿਹੇ ਅਤਿ-ਸੰਵੇਦਨਸ਼ੀਲ ਕਦਮ ਚੁੱਕ ਰਹੀਆਂ ਹਨ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਆਰ.ਐੱਸ.ਐੱਸ. ਇੱਕ ਵਿਸ਼ਾਲ ਸਮਾਜਿਕ ਅਤੇ ਸੱਭਿਆਚਾਰਕ ਸੰਗਠਨ ਹੈ ਜੋ ਦੇਸ਼ ਨਿਰਮਾਣ ਵਿੱਚ ਯੋਗਦਾਨ ਪਾਉਂਦਾਹੈ। ਭਾਰਤੀ ਪੱਖ ਅਨੁਸਾਰ, ਇੱਕ ਸੁਤੰਤਰ ਅਤੇ ਲੋਕਤੰਤਰੀ ਦੇਸ਼ ਦੇ ਪ੍ਰਮੁੱਖ ਸੱਭਿਆਚਾਰਕ ਆਗੂ 'ਤੇ ਪਾਬੰਦੀ ਦੀ ਮੰਗ ਕਰਨਾ ਅੰਤਰਰਾਸ਼ਟਰੀ ਕੂਟਨੀਤਕ ਸ਼ਿਸ਼ਟਾਚਾਰ ਦੇ ਬਿਲਕੁਲ ਉਲਟ ਹੈ ਅਤੇ ਇਹ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਹੋਰ ਵਿਗਾੜਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ।ਇਸ ਨਵੇਂ ਸਿਆਸੀ ਤਣਾਅ ਦਾ ਪ੍ਰਭਾਵ ਬਹੁਤ ਡੂੰਘਾ ਅਤੇ ਬਹੁਪੱਖੀ ਹੋਣ ਦੀ ਸੰਭਾਵਨਾ ਹੈ। ਸਭ ਤੋਂ ਪਹਿਲਾਂ, ਦੋਹਾਂ ਦੇਸ਼ਾਂ ਵਿਚਾਲੇ ਪਹਿਲਾਂ ਤੋਂ ਹੀ ਠੱਪ ਪਈ ਕੂਟਨੀਤਕ ਵਾਰਤਾ ਅਤੇ ਮੁਫ਼ਤ ਵਪਾਰ ਸਮਝੌਤੇ ਦੀਆਂ ਗੱਲਬਾਤਾਂ ਹੋਰ ਲੰਮੇ ਸਮੇਂ ਲਈ ਪੱਛੜ ਸਕਦੀਆਂ ਹਨ। ਦੂਜਾ ਅਤੇ ਸਭ ਤੋਂ ਚਿੰਤਾਜਨਕ ਅਸਰ ਕੈਨੇਡਾ ਵਿੱਚ ਰਹਿ ਰਹੇ ਵਿਸ਼ਾਲ ਭਾਰਤੀ ਭਾਈਚਾਰੇ, ਨਵੇਂ ਪ੍ਰਵਾਸੀਆਂ ਅਤੇ ਲੱਖਾਂ ਭਾਰਤੀ ਵਿਦਿਆਰਥੀਆਂ 'ਤੇ ਪਵੇਗਾ। ਵੀਜ਼ਾ ਪ੍ਰਕਿਰਿਆ ਵਿੱਚ ਦੇਰੀ, ਡਿਪੋਰਟੇਸ਼ਨ ਦੇ ਖ਼ਦਸ਼ੇ ਅਤੇ ਦੋਹਾਂ ਦੇਸ਼ਾਂ ਵਿਚਾਲੇ ਵਿਗੜਦੇ ਰਿਸ਼ਤਿਆਂ ਕਾਰਨ ਆਮ ਨਾਗਰਿਕਾਂ ਲਈ ਅਨਿਸ਼ਚਿਤਤਾ ਦਾ ਮਾਹੌਲ ਬਣ ਰਿਹਾ ਹੈ।

ਕੈਨੇਡਾ ਸਰਕਾਰ ਲਈ ਵੀ ਇਹ ਇਮਤਿਹਾਨ ਦੀ ਘੜੀ ਹੈ ਕਿ ਉਹ ਸਿਆਸੀ ਦਬਾਅ ਤੋਂ ਮੁਕਤ ਹੋ ਕੇ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਨਫ਼ਰਤ ਨੂੰ ਰੋਕਣ ਲਈ ਸੰਘ ਵਰਗੀਆਂ ਫ਼ਿਰਕੂ ਜਥੇਬੰਦੀਆਂ ਵਿਰੁੱਧ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਕਾਰਵਾਈ ਕਰੇ, ਤਾਂ ਕਿ ਅੰਤਰਰਾਸ਼ਟਰੀ ਪੱਧਰ 'ਤੇ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਬਰਕਰਾਰ ਰਹਿ ਸਕੇ।

# ਪੈਂਟਾਗਨ ਵੱਲੋਂ ਯੂ.ਐੱਫ਼.ਓ. ਫ਼ਾਈਲਾਂ ਦੀ 5ਵੀਂ ਕਿਸ਼ਤ ਜਾਰੀ; ਰਹੱਸਮਈ ਉੱਡਦੀਆਂ ਚੀਜ਼ਾਂ ਦੇ ਵੀਡੀਓ ਆਏ ਸਾਹਮਣੇ

## ਟਰੰਪ ਦੇ ਹੁਕਮਾਂ ਤੋਂ ਬਾਅਦ ਯੂ.ਐੱਫ਼.ਓ. ਨਾਲ ਜੁੜੇ 41 ਨਵੇਂ ਦਸਤਾਵੇਜ਼ ਅਤੇ ਵੀਡੀਓਜ਼ ਜਨਤਕ

## ਚੰਦਰਮਾ 'ਤੇ ਚੀਨ ਦਾ ਵੱਡਾ ਧਮਾਕਾ: ਖਗੋਲ ਖੋਜ ਲਈ ਤਿਆਰ ਕੀਤਾ ਨਵਾਂ ਰੋਬੋਟਿਕ ਬਲੂਪ੍ਰਿੰਟ

ਅਮਰੀਕੀ ਰੱਖਿਆ ਮੰਤਰਾਲੇ (ਪੈਂਟਾਗਨ) ਵੱਲੋਂ ਅਣਪਛਾਤੀਆਂ ਉੱਡਦੀਆਂ ਵਸਤੂਆਂ ਨਾਲ ਜੁੜੀਆਂ ਖੁਫ਼ੀਆ ਫ਼ਾਈਲਾਂ ਦੀ 5ਵੀਂ ਕਿਸ਼ਤ ਜਾਰੀ ਕਰਨ ਅਤੇ ਦੂਜੇ ਪਾਸੇ ਚੀਨ ਵੱਲੋਂ ਚੰਦਰਮਾ 'ਤੇ ਆਪਣੇ ਰੋਬੋਟਿਕ ਮਿਸ਼ਨ ਦਾ ਨਵਾਂ ਬਲੂਪ੍ਰਿੰਟ ਪੇਸ਼ ਕਰਨ ਨਾਲ ਵਿਸ਼ਵ ਪੱਧਰ 'ਤੇ ਅੰਤਰਿਕਸ਼ ਵਿਗਿਆਨ, ਗਲੋਬਲ ਰਾਜਨੀਤੀ ਅਤੇ ਏਲੀਅਨਜ਼ ਬਾਰੇ ਚਰਚਾ ਇੱਕ ਵਾਰ ਫ਼ਿਰ ਸ਼ਿਖਰ 'ਤੇ ਪਹੁੰਚ ਗਈ ਹੈ। ਇਹ ਦੋਵੇਂ ਘਟਨਾਕ੍ਰਮ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਬ੍ਰਹਿਮੰਡ ਦੇ ਅਣਸੁਲਝੇ ਰਹੱਸਾਂ ਨੂੰ ਸੁਲਝਾਉਣ ਅਤੇ ਸਪੇਸ ਵਿੱਚ ਆਪਣੀ ਪ੍ਰਭੁਤਾ ਮਜ਼ਬੂਤ ਕਰਨ ਲਈ ਦੁਨੀਆ ਦੀਆਂ ਵੱਡੀਆਂ ਮਹਾਸ਼ਕਤੀਆਂ ਕਿਸ ਤਰ੍ਹਾਂ ਨਵੇਂ ਰੂਪ ਸਿਰਜ ਰਹੀਆਂ ਹਨ। ਇੱਕ ਪਾਸੇ ਜਿੱਥੇ ਅਮਰੀਕਾ ਅਸਮਾਨ ਵਿੱਚ ਦੇਖੀਆਂ ਗਈਆਂ ਅਣਪਛਾਤੀਆਂ ਵਸਤੂਆਂ ਦੇ ਅੰਕੜੇ ਜਨਤਕ ਕਰਕੇ ਪਾਰਦਰਸ਼ਤਾ ਲਿਆਉਣ ਅਤੇ ਆਪਣੀ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਦਾ ਦਾਅਵਾ ਕਰ ਰਿਹਾ ਹੈ, ਉੱਥੇ ਹੀ ਚੀਨ ਚੰਦਰਮਾ 'ਤੇ ਇਨਸਾਨਾਂ ਦੇ ਨਾਲ-ਨਾਲ ਰੋਬੋਟਿਕ ਤਕਨਾਲੋਜੀ ਦੀ ਵਰਤੋਂ ਕਰਕੇ ਖਗੋਲ ਖੋਜ ਦੇ ਖੇਤਰ ਵਿੱਚ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕਰ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਰੀ ਹੁਕਮਾਂ ਤੋਂ ਬਾਅਦ ਜਾਰੀ ਕੀਤੀਆਂ ਗਈਆਂ 41 ਨਵੀਆਂ ਫ਼ਾਈਲਾਂ, ਤਸਵੀਰਾਂ ਅਤੇ ਦਰਜਨ ਦੇ ਲਗਭਗ ਵੀਡੀਓਜ਼ ਨੇ ਧਰਤੀ ਤੋਂ ਬਾਹਰਲੀ ਜ਼ਿੰਦਗੀ ਅਤੇ ਰਹੱਸਮਈ ਉੱਡਦੀਆਂ ਚੀਜ਼ਾਂ ਬਾਰੇ ਪੂਰੀ ਦੁਨੀਆ ਵਿੱਚ ਉਤਸੁਕਤਾ ਨੂੰ ਹੋਰ ਵਧਾ ਦਿੱਤਾ ਹੈ।

ਜਾਰੀ ਕੀਤੇ ਗਏ ਦਸਤਾਵੇਜ਼ਾਂ ਵਿੱਚੋਂ ਸਭ ਤੋਂ ਪੁਰਾਣਾ ਰਿਕਾਰਡ ਸਾਲ 1953 ਦਾ ਹੈ, ਜੋ ਇਹ ਸਾਬਤ ਕਰਦਾ ਹੈ ਕਿ ਅਮਰੀਕੀ ਪ੍ਰਸ਼ਾਸਨ ਅਤੇ ਗੁਪਤਚਰ ਏਜੰਸੀਆਂ ਦਹਾਕਿਆਂ ਤੋਂ ਇਨ੍ਹਾਂ ਅਣਪਛਾਤੀਆਂ ਘਟਨਾਵਾਂ 'ਤੇ ਗੰਭੀਰਤਾ ਨਾਲ ਨਜ਼ਰ ਰੱਖ ਰਹੀਆਂ ਹਨ। ਇਨ੍ਹਾਂ ਫ਼ਾਈਲਾਂ ਵਿੱਚ ਸ਼ਾਮਲ ਵੀਡੀਓਜ਼ ਅਤੇ ਰਿਪੋਰਟਾਂ ਅਸਮਾਨ ਵਿੱਚ ਵਾਪਰਨ ਵਾਲੀਆਂ ਅਜਿਹੀਆਂ ਹਰਕਤਾਂ ਨੂੰ ਬਿਆਨ ਕਰਦੀਆਂ ਹਨ, ਜਿਨ੍ਹਾਂ ਨੂੰ ਮੌਜੂਦਾ ਮਾਨਵੀ ਤਕਨਾਲੋਜੀ ਜਾਂ ਭੌਤਿਕ ਵਿਗਿਆਨ ਦੇ ਨਿਯਮਾਂ ਨਾਲ ਆਸਾਨੀ ਨਾਲ ਸਮਝਾਉਣਾ ਸੰਭਵ ਨਹੀਂ ਹੈ।

?ਇਨ੍ਹਾਂ ਨਵੀਆਂ ਫ਼ਾਈਲਾਂ ਵਿੱਚ ਸ਼ਾਮਲ ਸਭ ਤੋਂ ਚਰਚਿਤ ਵੀਡੀਓ 2025 ਦਾ ਹੈ, ਜਿਸ ਵਿੱਚ ਅਮਰੀਕੀ ਫ਼ੌਜੀ ਸੈਂਸਰਾਂ ਦੁਆਰਾ ਮੱਧ ਪੂਰਬ ਦੇ ਇੱਕ ਰਿਹਾਇਸ਼ੀ ਇਲਾਕੇ ਉੱਪਰ ਇੱਕ ਗੋਲਾਕਾਰ ਵਸਤੂ ਨੂੰ ਅਤਿ-ਤੇਜ਼ ਰਫ਼ਤਾਰ ਨਾਲ ਸਿੱਧੀ ਰੇਖਾ ਵਿੱਚ ਉੱਡਦੇ ਹੋਏ ਰਿਕਾਰਡ ਕੀਤਾ ਗਿਆ ਹੈ। ਇਸੇ ਤਰ੍ਹਾਂ 2021 ਦੇ ਇੱਕ ਵੀਡੀਓ ਵਿੱਚ ਓਮਾਨ ਦੀ ਖਾੜੀ ਉੱਪਰ ਲਗਭਗ 4 ਫ਼ੁੱਟ ਵਿਆਸ ਦਾ ਇੱਕ ਕਾਲੇ ਰੰਗ ਦਾ ਗੋਲਾ ਅਜੀਬ ਅਤੇ ਅਣਪਛਾਤੇ ਤਰੀਕੇ ਨਾਲ ਘੁੰਮਦਾ ਦਿਖਾਈ ਦਿੰਦਾ ਹੈ। ਇਸ ਤੋਂ ਇਲਾਵਾ ਪ੍ਰਸ਼ਾਂਤ ਮਹਾਸਾਗਰ ਉੱਪਰ ਵੀ ਇੱਕ ਗੋਲਾਕਾਰ ਵਸਤੂ ਮੰਡਰਾਉਂਦੀਅਤੇ ਅਚਾਨਕ ਗਾਇਬ ਹੁੰਦੀ ਨਜ਼ਰ ਆਈ ਹੈ, ਜਿਸ ਨੇ



ਅਮਰੀਕੀ ਰੱਖਿਆ ਵਿਗਿਆਨੀਆਂ ਨੂੰ ਵੀ ਹੈਰਾਨੀ ਵਿੱਚ ਪਾ ਦਿੱਤਾ ਹੈ।

?ਐੱਫ਼ਬੀਆਈ ਦੁਆਰਾ ਜਾਰੀ ਕੀਤੇ ਗਏ ਇੱਕ ਦਸਤਾਵੇਜ਼ ਵਿੱਚ ਪ੍ਰਤੱਖਦਰਸ਼ੀ ਪਾਇਲਟਾਂ ਦੇ ਅਨੁਭਵ ਦਰਜ ਕੀਤੇ ਗਏ ਹਨ। ਇੱਕ ਸਾਬਕਾ ਫ਼ੌਜੀ ਪਾਇਲਟ ਨੇ ਦੱਸਿਆ ਕਿ ਅਕਤੂਬਰ 2023 ਵਿੱਚ ਬੋਸਟਨ ਤੋਂ ਡਬਲਿਨ ਦੀ ਉਡਾਣ ਦੌਰਾਨ ਉਨ੍ਹਾਂ ਨੇ ਅਸਮਾਨ ਵਿੱਚ ਅਜੀਬ ਅਤੇ ਚਮਕਦਾਰ ਰੋਸ਼ਨੀਆਂ ਦੇਖੀਆਂ। ਇਸ ਤੋਂ ਬਾਅਦ ਕਈ ਹੋਰ ਕਮਰਸ਼ੀਅਲ ਪਾਇਲਟਾਂ ਨੇ ਵੀ ਅੱਧੀ ਰਾਤ ਤੋਂ ਸਵੇਰੇ 3 ਵਜੇ ਦੇ ਵਿਚਕਾਰ ਅਜਿਹੀਆਂ ਰੋਸ਼ਨੀਆਂ ਦੇਖਣ ਦੀ ਪੁਸ਼ਟੀ ਕੀਤੀ, ਜੋ ਬਹੁਤ ਹੀ ਅਸਾਧਾਰਨ ਰਫ਼ਤਾਰ ਨਾਲ ਆਪਣੀ ਦਿਸ਼ਾ ਬਦਲ ਰਹੀਆਂ ਸਨ। ਇਨ੍ਹਾਂ ਘਟਨਾਵਾਂ ਨੇ ਅਮਰੀਕੀ ਸਰਕਾਰ ਨੂੰ ਆਪਣੀ ਨੀਤੀ ਬਦਲਣ ਲਈ ਮਜ਼ਬੂਰ ਕੀਤਾ ਹੈ, ਜਿਸ ਦੇ ਨਤੀਜੇ ਵਜੋਂ 2022 ਵਿੱਚ ਅਮਰੀਕੀ ਕਾਂਗਰਸ ਨੇ ਪੰਜ ਦਹਾਕਿਆਂ ਵਿੱਚ ਪਹਿਲੀ ਵਾਰ ਇਸ ਮੁੱਦੇ 'ਤੇ ਜਨਤਕ ਸੁਣਵਾਈ ਕੀਤੀ। ਪੈਂਟਾਗਨ ਦੇ ਬੁਲਾਰੇ ਸ਼ੋਨ ਪਾਰਨੈਲ ਅਨੁਸਾਰ ਫ਼ੌਜ ਇਸ ਵਿਸ਼ੇ 'ਤੇ ਪਾਰਦਰਸ਼ਤਾ ਬਣਾਏ ਰੱਖਣ ਲਈ ਵਚਨਬੱਧ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਖੁਫ਼ੀਆ ਦਸਤਾਵੇਜ਼ ਜਨਤਕ ਕੀਤੇ ਜਾਣਗੇ।

ਦੂਜੇ ਪਾਸੇ, ਚੀਨ ਵੱਲੋਂ ਆਪਣੇ 'ਇੰਟਰਨੈਸ਼ਨਲ ਲੂਨਰ ਰਿਸਰਚ ਸਟੇਸ਼ਨ' ਲਈ ਤਿਆਰ ਕੀਤਾ ਗਿਆ ਨਵਾਂ ਬਲੂਪ੍ਰਿੰਟ ਇਹ ਸਪੱਸ਼ਟ ਕਰਦਾ ਹੈ ਕਿ ਭਵਿੱਖ ਦੀ ਅੰਤਰਿਕਸ਼ ਖੋਜ ਹੁਣ ਸਿਰਫ਼ ਮਨੁੱਖੀ ਸਾਹਸ ਤੱਕ ਸੀਮਤ ਨਹੀਂ ਰਹੇਗੀ। ਚੀਨ ਚੰਦਰਮਾ ਦੀ ਸਤਹਿ 'ਤੇ ਇਨਸਾਨਾਂ ਦੇ ਨਾਲ-ਨਾਲ ਰੋਬੋਟਿਕ ਕੁੱਤਿਆਂ ਅਤੇ ਆਟੋਮੇਟਿਡ ਮਸ਼ੀਨਾਂ ਦੀ ਤਾਇਨਾਤੀ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਹ ਸੰਕਲਪ ਮਾਨਵੀ ਫ਼ੈਸਲਿਆਂ ਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦਾ ਇੱਕ ਅਨੋਖਾ ਮਿਸ਼ਰਣ ਪੇਸ਼ ਕਰਦਾ ਹੈ, ਜੋ ਅੰਤਰਿਕਸ਼ ਵਿਗਿਆਨ ਦੇ ਖੇਤਰ ਵਿੱਚ ਇੱਕ ਵੱਡੀ ਤਕਨਾਲੋਜੀਕਲ ਕ੍ਰਾਂਤੀ ਦਾ ਸੰਕੇਤ ਹੈ।

ਚੀਨ ਦੀ ਇਸ ਯੋਜਨਾ ਦਾ ਸਭ ਤੋਂ ਮਹੱਤਵਪੂਰਨ ਵਿਗਿਆਨਕ ਪਹਿਲੂ ਅੰਤਰਿਕਸ਼ ਯਾਤਰੀਆਂ ਦੇ ਜਾਨੀ ਜੋਖਮ ਨੂੰ ਘਟਾਉਣਾ ਹੈ। ਚੰਦਰਮਾ ਦਾ ਵਾਤਾਵਰਨ ਬਹੁਤ ਹੀ ਕਠਿਨ, ਖਤਰਨਾਕ ਅਤੇ ਅਨਿਸ਼ਚਿਤਤਾਵਾਂ ਨਾਲ ਭਰਿਆ ਹੋਇਆ ਹੈ। ਅਜਿਹੇ ਪ੍ਰਤੀਕੂਲ ਮਾਹੌਲ ਵਿੱਚ ਖਤਰਨਾਕ ਰਸਤਿਆਂ ਦਾ ਪਤਾ ਲਗਾਉਣ, ਕੀਮਤੀ ਚੱਟਾਨਾਂ ਦੇ ਨਮੂਨੇ ਇਕੱਠੇ ਕਰਨ ਅਤੇ ਰੋਜ਼ਾਨਾ ਗਸ਼ਤ ਵਰਗੇ ਜੋਖਮ ਭਰੇ ਕੰਮਾਂ ਲਈ ਰੋਬੋਟਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਨਾਲ ਮਾਨਵ ਅੰਤਰਿਕਸ਼ ਯਾਤਰੀਆਂ ਦਾ ਧਿਆਨ ਜੋਖਮ ਵਾਲੇ ਕੰਮਾਂ ਤੋਂ ਹਟ ਕੇ ਵਧੇਰੇ ਜਟਿਲ ਅਤੇ ਗੰਭੀਰ ਵਿਗਿਆਨਕ ਖੋਜਾਂ 'ਤੇ ਕੇਂਦਰਿਤ ਹੋ ਸਕੇਗਾ।

?ਇਸ ਤੋਂ ਇਲਾਵਾ, ਚੰਦਰਮਾ 'ਤੇ ਲੰਬੇ ਸਮੇਂ ਤੱਕ ਮਾਨਵ ਮੌਜੂਦਗੀ ਨੂੰ ਸੰਭਵ ਬਣਾਉਣ ਲਈ ਚੀਨ ਦੀਆਂ ਆਟੋਮੇਟਿਡ ਮਸ਼ੀਨਾਂ ਬਰਫ਼ ਤੋਂ ਪਾਣੀ ਕੱਢਣ, ਖਣਿਜਾਂ ਦੀ ਮਾਈਨਿੰਗ ਕਰਨ ਅਤੇ ਰਹਿਣ ਯੋਗ ਬੇਸਿਸ ਤਿਆਰ ਕਰਨ ਵਰਗੇ ਅਹਿਮ ਕਾਰਜ ਸੰਭਾਲਣਗੀਆਂ। ਇਸ ਖੋਜ ਦਾ ਇੱਕ ਹੋਰ ਅਨੋਖਾ ਅਤੇ ਸੰਵੇਦਨਸ਼ੀਲ ਪਹਿਲੂ ਰੋਬੋਟਾਂ ਦੁਆਰਾ ਦਿੱਤੀ ਜਾਣ ਵਾਲੀ 'ਮਾਨਸਿਕ ਸਹਾਇਤਾ' ਹੈ। ਅੰਤਰਿਕਸ਼ ਦੇ ਬਿਲਕੁਲ ਅਲੱਗ-ਥਲੱਗ ਮਾਹੌਲ ਵਿੱਚ ਲੰਬੇ ਸਮੇਂ ਤੱਕ ਰਹਿਣ ਨਾਲ ਪੈਦਾ ਹੋਣ ਵਾਲੇ ਮਨੋਵਿਗਿਆਨਕ ਤਣਾਅ ਅਤੇ ਇਕੱਲੇਪਣ ਨੂੰ ਘਟਾਉਣ ਲਈ ਰੋਬੋਟਾਂ ਨੂੰ ਇੱਕ 'ਸਾਥੀ' ਵਜੋਂ ਤਿਆਰ ਕੀਤਾ ਜਾ ਰਿਹਾ ਹੈ, ਜੋ ਵਿਗਿਆਨਕ ਸੋਚ ਦੇ ਇੱਕ ਮਨੁੱਖੀ ਪੱਖ ਨੂੰ ਉਜਾਗਰ ਕਰਦਾ ਹੈ।

ਚੀਨ ਦਾ 2030 ਤੋਂ ਪਹਿਲਾਂ ਚੰਦਰਮਾ 'ਤੇ ਇਨਸਾਨ ਭੇਜਣ ਅਤੇ 2035 ਤੱਕ ਇੱਕ ਪੂਰਨ ਬੁਨਿਆਦੀ ਰਿਸਰਚ ਸਟੇਸ਼ਨ ਸਥਾਪਤ ਕਰਨ ਦਾ ਲਕਸ਼ ਇਹ ਸਾਫ਼ ਕਰਦਾ ਹੈ ਕਿ ਵਿਸ਼ਵ ਪੱਧਰ 'ਤੇ 'ਸਪੇਸ ਰੇਸ' ਬਹੁਤ ਤੇਜ਼ ਹੋ ਚੁੱਕੀ ਹੈ। 'ਚਾਂਗ-ਈ-7' ਵਰਗੇ ਮਿਸ਼ਨਾਂ ਰਾਹੀਂ ਚੰਦਰਮਾ ਦੇ ਦੱਖਣੀ ਧਰੁਵ 'ਤੇ ਬਰਫ਼ ਦੀ ਖੋਜ ਕਰਨਾ ਇਸ ਵੱਡੀ ਯੋਜਨਾ ਦਾ ਪਹਿਲਾ ਅਹਿਮ ਪੜਾਅ ਹੈ।

(ਬਾਕੀ ਸਫ਼ਾ 27 'ਤੇ)

# ਕੀ ਪਾਕਿਸਤਾਨ 'ਚ ਮਿਟਾਇਆ ਜਾ ਰਿਹੈ ਸਿੱਖ ਇਤਿਹਾਸ ?

## ਮਹਾਰਾਣੀ ਮੋਰਾਂ ਦੀ ਸਮਾਧ ਦੀ ਦੁਰਦਸ਼ਾ ਨੇ ਚੁੱਕੇ ਗੰਭੀਰ ਸਵਾਲ

## ਪਾਕਿਸਤਾਨ 'ਚ 400 ਤੋਂ ਵੱਧ ਇਤਿਹਾਸਕ ਗੁਰਦੁਆਰੇ ਹੋਏ ਖੰਡਰ





ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ, ਮਹਾਰਾਣੀ ਮੋਰਾਂ ਦੀ ਲਾਹੌਰ ਸਥਿਤ ਸਮਾਧ ਦੀ ਮੌਜੂਦਾ ਖਸਤਾ ਹਾਲਤ ਨੇ ਪਾਕਿਸਤਾਨ ਵਿੱਚ ਸਿੱਖ ਇਤਿਹਾਸਿਕ ਅਤੇ ਧਾਰਮਿਕ ਵਿਰਾਸਤ ਦੇ ਹੋ ਰਹੇ ਭਾਰੀ ਨਿਘਾਰ ਨੂੰ ਇੱਕ ਵਾਰ ਫਿਰ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਮੁੱਦਾ ਬਣਾ ਦਿੱਤਾ ਹੈ। ਢਹਿ-ਢੇਰੀ ਹੋ ਰਹੀਆਂ ਕੰਧਾਂ, ਚਾਰੇ ਪਾਸੇ ਉੱਗਿਆ ਜੰਗਲੀ ਘਾਹ-ਫੂਸ ਅਤੇ ਦਹਾਕਿਆਂ ਦੀ ਸਰਕਾਰੀ ਅਣਦੇਖੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਸਿੱਖ ਇਤਿਹਾਸ ਦੀ ਸਹੀ ਢੰਗ ਨਾਲ ਸੰਭਾਲ ਨਹੀਂ ਕੀਤੀ ਜਾ ਰਹੀ।

**ਮੀਆਣੀ ਸਾਹਿਬ ਕਬਰਸਤਾਨ ਵਿੱਚ ਰੁਲ ਰਹੀ ਮਹਾਰਾਣੀ ਮੋਰਾਂ ਦੀ ਸਮਾਧ**

ਮਹਾਰਾਣੀ ਮੋਰਾਂ, ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਇੱਕ ਅਹਿਮ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਸਨ, ਦਾ ਦੇਹਾਂਤ ਸਾਲ 1867 ਵਿੱਚ ਹੋਇਆ ਸੀ। ਉਨ੍ਹਾਂ ਦੀ ਅੰਤਿਮ ਯਾਦਗਾਰ/ਸਮਾਧ ਲਾਹੌਰ ਦੇ ਇਤਿਹਾਸਕ ਮੀਆਣੀ ਸਾਹਿਬ ਕਬਰਸਤਾਨ ਵਿੱਚ ਸਥਿਤ ਹੈ।

ਇੱਕ ਤਾਜ਼ਾ ਖੋਜ ਰਿਪੋਰਟ ਅਨੁਸਾਰ, ਇਹ ਮਹੱਤਵਪੂਰਨ ਯਾਦਗਾਰ ਇਸ ਵੇਲੇ ਬੇਹੱਦ ਤਰਸਯੋਗ ਹਾਲਤ ਵਿੱਚ ਹੈ। ਸਥਾਨਕ ਪ੍ਰਸ਼ਾਸਨ ਦੀ ਬੇਰੁਖੀ ਕਾਰਨ ਇਹ ਸਮਾਧ ਹੌਲੀ-ਹੌਲੀ ਮਿੱਟੀ ਵਿੱਚ ਮਿਲ ਰਹੀ ਹੈ। ਇਹ ਸਿਰਫ਼ ਇੱਕ ਇਕੱਲੀ ਇਮਾਰਤ ਦਾ ਉਜਾੜਾ ਨਹੀਂ ਹੈ, ਸਗੋਂ ਇਹ ਉਸ ਵਿਸ਼ਾਲ ਸੰਕਟ ਦੀ ਝਲਕ ਹੈ ਜਿਸ ਦਾ ਸਾਹਮਣਾ ਪਾਕਿਸਤਾਨ ਵਿੱਚ ਸਿੱਖ ਸਾਮਰਾਜ ਨਾਲ ਜੁੜੀਆਂ ਸੈਂਕੜੇ ਥਾਵਾਂ ਕਰ ਰਹੀਆਂ ਹਨ।

**400 ਤੋਂ ਵੱਧ ਇਤਿਹਾਸਕ ਗੁਰਦੁਆਰੇ, ਪਰ ਜ਼ਿਆਦਾਤਰ ਖੰਡਰ ਜਾਂ ਗਾਇਬ**

ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ 400 ਤੋਂ ਵੱਧ ਇਤਿਹਾਸਕ ਗੁਰਦੁਆਰੇ ਮੌਜੂਦ ਹਨ। ਇਸ ਤੋਂ ਇਲਾਵਾ, ਸਿੱਖ ਰਾਜ ਨੂੰ ਸਥਾਪਿਤ ਕਰਨ ਅਤੇ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਦੇਣ ਵਾਲੇ ਮਹਾਨ ਜੋਧਿਆਂ— ਜਿਵੇਂ ਕਿ ਜਰਨਲ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ—ਨਾਲ ਜੁੜੀਆਂ ਕਈ ਯਾਦਗਾਰਾਂ ਵੀ ਇਸੇ ਧਰਤੀ 'ਤੇ ਹਨ।

ਪਰ ਅਫਸੋਸਜਨਕ ਪਹਿਲੂ ਇਹ ਹੈ ਕਿ ਬਲੋਚਿਸਤਾਨ, ਸਿੰਧ, ਅਤੇ ਖ਼ੈਬਰ ਪਖਤੂਨਖਵਾ ਵਰਗੇ ਦੂਰ-ਦੁਰਾਡੇ ਸੂਬਿਆਂ ਵਿੱਚ ਸਥਿਤ ਜ਼ਿਆਦਾਤਰ ਇਤਿਹਾਸਕ ਗੁਰਦੁਆਰੇ ਅਤੇ ਸਮਾਰਕ ਜਾਂ ਤਾਂ ਪੂਰੀ ਤਰ੍ਹਾਂ ਨਸ਼ਟ ਹੋ ਚੁੱਕੇ ਹਨ ਜਾਂ ਫਿਰ ਨਜਾਇਜ਼ ਕਬਜ਼ਿਆਂ, ਗੈਰ-ਕਾਨੂੰਨੀ ਉਸਾਰੀਆਂ ਅਤੇ ਸਮੇਂ ਦੀ ਮਾਰ ਕਾਰਨ ਖੰਡਰ ਬਣ ਚੁੱਕੇ ਹਨ।

ਈਵੈਕਿਊਈ ਟਰੱਸਟ ਪ੍ਰਾਪਰਟੀ ਬੋਰਡ ਦੀ ਨਾਕਾਮੀ ਅਤੇ ਦਿਖਾਵੇ ਦੀ ਰਾਜਨੀਤੀ

ਪਾਕਿਸਤਾਨ ਸਰਕਾਰ ਅੰਤਰਰਾਸ਼ਟਰੀ ਮੰਚਾਂ 'ਤੇ ਅਕਸਰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦਾ ਹਵਾਲਾ ਦੇ ਕੇ ਆਪਣੇ ਆਪ ਨੂੰ ਧਾਰਮਿਕ ਵਿਰਾਸਤਾਂ ਦਾ ਵੱਡਾ ਰੱਖਿਅਕ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਹਾਲਾਂਕਿ, ਅਸਲ ਸੱਚਾਈ ਇਹ ਹੈ ਕਿ ਇਨ੍ਹਾਂ ਕੁਝ ਚੁਣੇ ਹੋਏ ਗੁਰਦੁਆਰਿਆਂ ਤੋਂ ਬਾਹਰ ਬਾਕੀ ਸਾਰੇ ਢਾਂਚੇ ਅਣਦੇਖੀ ਦਾ ਸ਼ਿਕਾਰ ਹਨ। ਹਰ ਸਾਲ ਪਾਕਿਸਤਾਨੀ ਸਿੱਖ ਆਗੂਆਂ ਅਤੇ ਸੰਸਥਾਵਾਂ ਨੂੰ ਦੇਸ਼-ਵਿਦੇਸ਼ ਵਿੱਚ ਬੈਠੀ ਸਿੱਖ ਸੰਗਤ (ਗਲੋਬਲ ਡਾਇਸਪੋਰਾ) ਤੋਂ ਫੰਡ ਇਕੱਠੇ ਕਰਨੇ ਪੈਂਦੇ ਹਨ। ਇਨ੍ਹਾਂ ਧਰੋਹਰਾਂ ਦੀ ਦੇਖਭਾਲ ਕੀਤੀ ਜਾ ਸਕੇ। ਪਾਕਿਸਤਾਨ ਦਾ 'ਈਵੈਕਿਊਈ ਟਰੱਸਟ ਪ੍ਰਾਪਰਟੀ ਬੋਰਡ', ਜੋ ਕਿ ਘੱਟ-ਗਿਣਤੀਆਂ ਦੀਆਂ ਧਾਰਮਿਕ ਜਾਇਦਾਦਾਂ ਦੀ ਸੁਰੱਖਿਆ ਲਈ ਬਣਾਇਆ ਗਿਆ ਸੀ, ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਬੁਰੇ ਤਰੀਕੇ ਨਾਲ ਨਾਕਾਮ ਰਿਹਾ ਹੈ।



**ਫਾਰੂਕਾਬਾਦ ਵਿੱਚ 125 ਸਾਲ ਪੁਰਾਣਾ ਗੁਰਦੁਆਰਾ ਢਾਹਿਆ: ਸਿੱਖਾਂ ਵੱਲੋਂ ਜ਼ਬਰਦਸਤ ਰੋਸ**

ਵਿਰਾਸਤ ਦੇ ਇਸ ਉਜਾੜੇ ਦਾ ਇੱਕ ਖ਼ਤਰਨਾਕ ਨਮੂਨਾ ਇਸੇ ਸਾਲ ਜੂਨ ਮਹੀਨੇ ਵਿੱਚ ਦੇਖਣ ਨੂੰ ਮਿਲਿਆ, ਜਦੋਂ ਪਾਕਿਸਤਾਨ ਦੇ ਫਾਰੂਕਾਬਾਦ ਵਿੱਚ ਸਥਿਤ 125 ਸਾਲ ਪੁਰਾਣੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਾਹਿਬ ਨੂੰ ਢਾਹ ਦਿੱਤਾ ਗਿਆ ਸੀ।

24 ਜੂਨ ਦੀ ਰਾਤ ਨੂੰ ਇੱਕ ਸਥਾਨਕ ਕਾਰੋਬਾਰੀ ਨੇ ਬਿਨਾਂ ਕਿਸੇ ਸਰਕਾਰੀ ਮਨਜ਼ੂਰੀ ਜਾਂ ਅਦਾਲਤੀ ਹੁਕਮ ਦੇ ਬੁਲਡੋਜ਼ਰ ਚਲਾ ਕੇ ਗੁਰਦੁਆਰਾ ਸਾਹਿਬ ਦੇ ਇੱਕ ਵੱਡੇ ਹਿੱਸੇ ਨੂੰ ਮਲਬੇ ਵਿੱਚ ਤਬਦੀਲ ਕਰ ਦਿੱਤਾ ਸੀ। ਇਹ ਗੁਰਦੁਆਰਾ ਸਿੰਘ ਸਭਾ ਲਹਿਰ ਦੇ ਸਮੇਂ ਦਾ ਇਤਿਹਾਸਿਕ ਪ੍ਰਤੀਕ ਸੀ। ਘਟਨਾ ਦੇ ਸਮੇਂ ਨਾ ਤਾਂ ਵਿਰਾਸਤੀ ਵਿਭਾਗ ਨੇ ਕਾਰਵਾਈ ਕੀਤੀ ਅਤੇ ਨਾ ਹੀ ਈ.ਟੀ.ਪੀ.ਬੀ. ਨੇ ਬੁਲਡੋਜ਼ਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਜਦੋਂ ਫਾਰੂਕਾਬਾਦ ਦੇ ਸਿੱਖ ਪਰਿਵਾਰ ਆਪਣੀ ਇਤਿਹਾਸਕ ਧਰੋਹਰ ਨੂੰ ਬਚਾਉਣ ਲਈ ਸੜਕਾਂ 'ਤੇ ਉੱਤਰੇ, ਨਾਅਰੇਬਾਜ਼ੀ ਕੀਤੀ ਅਤੇ ਵਿਰੋਧ ਪ੍ਰਦਰਸ਼ਨ ਕੀਤਾ, ਉਦੋਂ ਜਾ ਕੇ ਪ੍ਰਸ਼ਾਸਨ ਨੇ ਇਸ ਗ਼ੈਰ-ਕਾਨੂੰਨੀ ਢਾਹ-ਢੁਆਈ ਦਾ ਨੋਟਿਸ ਲਿਆ। ਅਧਿਕਾਰੀਆਂ ਨੇ ਬਾਅਦ ਵਿੱਚ ਮੰਨਿਆ ਕਿ ਸਥਾਨਕ ਸਿੱਖਾਂ ਦੇ ਪ੍ਰਦਰਸ਼ਨ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਘਟਨਾ ਦੀ ਖ਼ਬਰ ਤੱਕ ਨਹੀਂ ਸੀ।

ਪਾਕਿਸਤਾਨ ਵਿੱਚ ਘੱਟ-ਗਿਣਤੀਆਂ ਦੀਆਂ ਇਤਿਹਾਸਕ ਥਾਵਾਂ 'ਤੇ ਹੋ ਰਹੇ ਅਜਿਹੇ ਹਮਲਿਆਂ ਅਤੇ ਅਣਦੇਖੀ ਕਾਰਨ ਵਿਸ਼ਵ ਭਰ ਦੇ ਸਿੱਖਾਂ ਵਿੱਚ ਭਾਰੀ ਰੋਸ ਹੈ।

ਸਿੱਖ ਚਿੰਤਕਾਂ ਅਤੇ ਧਾਰਮਿਕ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ:

ਮਹਾਰਾਣੀ ਮੋਰਾਂ ਦੀ ਸਮਾਧ ਦੀ ਤੁਰੰਤ ਮੁਰੰਮਤ ਕਰਵਾ ਕੇ ਇਸ ਨੂੰ ਇੱਕ ਸੁਰੱਖਿਅਤ ਇਤਿਹਾਸਕ ਸਮਾਰਕ ਘੋਸ਼ਿਤ ਕੀਤਾ ਜਾਵੇ।

ਬਲੋਚਿਸਤਾਨ, ਸਿੰਧ ਅਤੇ ਖ਼ੈਬਰ ਪਖਤੂਨਖਵਾ ਦੇ ਖੰਡਰ ਬਣ ਰਹੇ 400 ਤੋਂ ਵੱਧ ਗੁਰਦੁਆਰਿਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਸੁਰੱਖਿਆ ਸੁਨਿਸ਼ਚਿਤ ਕੀਤੀ ਜਾਵੇ।

ਫਾਰੂਕਾਬਾਦ ਵਿੱਚ ਗੁਰਦੁਆਰਾ ਸਾਹਿਬ ਢਾਹੁਣ ਵਾਲੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਢਾਂਚੇ ਨੂੰ ਦੁਬਾਰਾ ਬਣਾਇਆ ਜਾਵੇ।

ਮਹਾਰਾਣੀ ਮੋਰਾਂ ਦੀ ਸਮਾਧ ਦੀ ਬਦਹਾਲੀ ਇਹ ਸਪੱਸ਼ਟ ਕਰਦੀ ਹੈ ਕਿ ਜੇਕਰ ਪਾਕਿਸਤਾਨ ਸਰਕਾਰ ਨੇ ਆਪਣੀ ਨੀਤੀ ਵਿੱਚ ਬਦਲਾਅ ਨਾ ਕੀਤਾ, ਤਾਂ ਆਉਣ ਵਾਲੇ ਸਮੇਂ ਵਿੱਚ ਪਾਕਿਸਤਾਨ ਦੀ ਧਰਤੀ ਤੋਂ ਸਿੱਖ ਰਾਜ ਅਤੇ ਗੁਰੂ ਸਾਹਿਬਾਨ ਨਾਲ ਜੁੜਿਆ ਇੱਕ ਵੱਡਾ ਇਤਿਹਾਸਿਕ ਪੰਨਾ ਸਦਾ ਲਈ ਮਿਟ ਜਾਵੇਗਾ।

# ਭਾਜਪਾ ਦਾ ਸਿਆਸੀ ਦਾਅ: 'ਕਲਸ਼ ਯਾਤਰਾ' ਜ਼ਰੀਏ ਰਵਿਦਾਸੀਆ ਭਾਈਚਾਰੇ ਤੱਕ ਪਹੁੰਚ

## ਕੀ ਭਾਜਪਾ ਵਧ ਰਹੀ ਹੈ ਨਵੇਂ 'ਦਲਿਤ-ਹਿੰਦੂ' ਗੱਠਜੋੜ ਵੱਲ ?

ਪੰਜਾਬ ਦੀ ਸਿਆਸਤ ਵਿੱਚ ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਪਣੀ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ ਵਿਆਪਕ ਪਹੁੰਚ ਮੁਹਿੰਮ 'ਕਲਸ਼ ਯਾਤਰਾ' ਦੀ ਸ਼ੁਰੂਆਤ ਕੀਤੀ ਹੈ। ਸੋਮਵਾਰ ਨੂੰ ਜਲੰਧਰ ਦੇ ਚਾਰ ਸ਼ਹਿਰੀ ਅਤੇ ਅਰਧ-ਸ਼ਹਿਰੀ ਵਿਧਾਨ ਸਭਾ ਹਲਕਿਆਂ ਵਿੱਚ ਕੱਢੀ ਗਈ ਇਸ ਯਾਤਰਾ ਦੌਰਾਨ ਰਵਿਦਾਸੀਆ ਅਤੇ ਆਦ-ਧਰਮੀ ਭਾਈਚਾਰੇ ਦੇ ਨਾਲ-ਨਾਲ ਹਿੰਦੂ ਮੰਦਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਵੀ ਪਵਿੱਤਰ ਮਿੱਟੀ ਨੂੰ ਸ਼ਰਧਾ ਭੇਟ ਕੀਤੀ ਗਈ।

ਭਾਜਪਾ ਇਸ ਯਾਤਰਾ ਨੂੰ ਆਪਣੇ 'ਸਮਾਜਿਕ ਸਮਰਸਤਾ' ਮੁਹਿੰਮ ਦੇ ਹਿੱਸੇ ਵਜੋਂ ਪੇਸ਼ ਕਰ ਰਹੀ ਹੈ, ਪਰ ਸਿਆਸੀ ਮਾਹਿਰ ਇਸ ਦੇ ਪਿੱਛੇ ਇੱਕ ਡੂੰਘੀ ਅਤੇ ਯੋਜਨਾਬੱਧ ਰਾਜਨੀਤਕ ਰਣਨੀਤੀ ਦੇਖ ਰਹੇ ਹਨ।

**'ਕਲਸ਼ ਯਾਤਰਾ' ਦੇ ਪਿੱਛੇ ਮੁੱਖ ਰਾਜਨੀਤਕ ਕਾਰਨ**

ਪੰਜਾਬ ਵਿੱਚ ਦਲਿਤ ਭਾਈਚਾਰਾ ਕੁੱਲ ਆਬਾਦੀ ਦਾ ਲਗਭਗ 32% (ਇੱਕ-ਤਿਹਾਈ) ਹਿੱਸਾ ਹੈ। ਇਸ ਵਿੱਚੋਂ ਰਵਿਦਾਸੀਆ/ਆਦ-ਧਰਮੀ ਭਾਈਚਾਰਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ 'ਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਦੋਆਬਾ ਖੇਤਰ ਵਿੱਚ ਇਸ ਭਾਈਚਾਰੇ ਦੀ ਮਜ਼ਬੂਤ ਪਕੜ ਕਾਰਨ ਕੋਈ ਵੀ ਰਾਜਨੀਤਕ ਧਿਰ ਇਹਨਾਂ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦੀ।

ਬਦਲਦੀ ਧਾਰਮਿਕ ਅਤੇ ਸੱਭਿਆਚਾਰਕ ਸ਼ਬਦਾਵਲੀ:

ਇਸ ਮੁਹਿੰਮ ਰਾਹੀਂ ਦਲਿਤ ਧਾਰਮਿਕ ਚਰਚਾ ਵਿੱਚ ਨਵੀਂ ਸ਼ਬਦਾਵਲੀ ਦਾ ਦਾਖਲਾ ਹੋ ਰਿਹਾ ਹੈ। 'ਕਲਸ਼' ਸ਼ਬਦ ਪਹਿਲਾਂ ਪੰਜਾਬ ਦੀ ਦਲਿਤ ਜਾਂ ਆਦਿ-ਧਰਮੀ ਸੱਭਿਆਚਾਰਕ ਸ਼ਬਦਾਵਲੀ ਦਾ ਹਿੱਸਾ ਨਹੀਂ ਰਿਹਾ। ਇਸ ਤੋਂ ਇਲਾਵਾ, ਪਿਛਲੇ ਕੁਝ ਸਾਲਾਂ ਤੋਂ ਭਾਜਪਾ ਆਗੂਆਂ ਵੱਲੋਂ 'ਗੁਰੂ ਪੂਰਨਿਮਾ' ਵਰਗੇ ਮੌਕਿਆਂ 'ਤੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਜੀ ਤੋਂ ਅਸ਼ੀਰਵਾਦ ਲੈਣ ਦੀ ਰਵਾਇਤ ਵੀ ਵਧੀ ਹੈ।



ਇਤਿਹਾਸਕ ਤੌਰ 'ਤੇ ਰਵਿਦਾਸੀਆ ਭਾਈਚਾਰਾ ਹਿੰਦੂਤਵ ਰਾਜਨੀਤੀ ਤੋਂ ਦੂਰੀ ਬਣਾ ਕੇ ਰੱਖਦਾ ਆਇਆ ਹੈ। ਭਾਜਪਾ ਅਤੇ ਆਰ.ਐੱਸ.ਐੱਸ. ਦੇ ਵਿਚਾਰਧਾਰਕ ਵਿਰੋਧ ਵਿੱਚ ਸਭ ਤੋਂ ਬੁਲੰਦ ਆਵਾਜ਼ਾਂ ਇਸੇ ਭਾਈਚਾਰੇ ਦੇ ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਵੱਲੋਂ ਉਠਾਈਆਂ ਜਾਂਦੀਆਂ ਰਹੀਆਂ ਹਨ। ਇਸ ਯਾਤਰਾ ਦਾ ਮੁੱਖ ਮਨੋਰਥ ਇਸੇ ਵਿਚਾਰਧਾਰਕ ਦੂਰੀ ਅਤੇ ਵਿਰੋਧ ਨੂੰ ਘਟਾਉਣਾ ਹੈ।

**ਕੀ ਬਣ ਰਿਹਾ ਹੈ 'ਦਲਿਤ-ਹਿੰਦੂ' ਗਠਜੋੜ ?**

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਭਾਜਪਾ ਪੰਜਾਬ ਵਿੱਚ ਇੱਕ ਨਵਾਂ 'ਦਲਿਤ-ਹਿੰਦੂ' ਸਿਆਸੀ ਸਮੀਕਰਨ ਘੜਨ ਦੀ ਕੋਸ਼ਿਸ਼ ਕਰ ਰਹੀ ਹੈ। ਕਲਸ਼ਾਂ ਨੂੰ ਹਿੰਦੂ ਮੰਦਰਾਂ ਦੇ ਨਾਲ-ਨਾਲ ਦਲਿਤ ਵਿਹੜਿਆਂ ਅਤੇ ਡੇਰਿਆਂ ਵਿੱਚ ਲੈ ਕੇ ਜਾਣਾ ਦੋਵਾਂ ਵਰਗਾਂ ਵਿੱਚ ਇੱਕ ਸਾਂਝਾ ਸੱਭਿਆਚਾਰਕ ਪੁਲ ਬਣਾਉਣ ਦੀ ਕੋਸ਼ਿਸ਼ ਹੈ।

ਜਲੰਧਰ ਵਰਗੇ ਸ਼ਹਿਰੀ ਖੇਤਰਾਂ ਵਿੱਚ ਹਿੰਦੂ ਅਤੇ ਦਲਿਤ ਆਬਾਦੀ ਵੱਡੀ ਗਿਣਤੀ ਵਿੱਚ ਹੈ। ਜੇਕਰ ਭਾਜਪਾ ਆਪਣੇ ਪਰੰਪਰਾਗਤ ਹਿੰਦੂ ਵੋਟ ਬੈਂਕ ਦੇ ਨਾਲ-ਨਾਲ ਦਲਿਤ ਵੋਟਾਂ ਦਾ ਇੱਕ ਹਿੱਸਾ ਵੀ ਆਪਣੇ ਨਾਲ ਜੋੜਨ ਵਿੱਚ ਸਫਲ ਹੁੰਦੀ ਹੈ, ਤਾਂ ਇਹ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਹੋਰਨਾਂ ਰਵਾਇਤੀ ਧਿਰਾਂ ਲਈ ਵੱਡੀ ਚੁਣੌਤੀ ਬਣ ਸਕਦੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਹਾਲਾਂਕਿ, ਭਾਜਪਾ ਦਾ ਇਹ ਕਦਮ ਰਵਿਦਾਸੀਆ ਭਾਈਚਾਰੇ ਵਿੱਚ ਆਪਣੀ ਪੈਠ ਬਣਾਉਣ ਦੀ ਇੱਕ ਵੱਡੀ ਕੋਸ਼ਿਸ਼ ਹੈ, ਪਰ ਇਹ ਦੇਖਣਾ ਬਾਕੀ ਹੈ ਕਿ ਕੀ ਭਾਈਚਾਰੇ ਦੇ ਚੇਤੰਨ ਬੁੱਧੀਜੀਵੀ ਅਤੇ ਆਮ ਲੋਕ ਇਸ ਸੱਭਿਆਚਾਰਕ ਤਬਦੀਲੀ ਅਤੇ ਰਾਜਨੀਤਿਕ ਗਠਜੋੜ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਦੇ ਹਨ ਜਾਂ ਆਪਣੀ ਵੱਖਰੀ ਸਿਆਸੀ ਅਤੇ ਵਿਚਾਰਧਾਰਕ ਪਛਾਣ ਨੂੰ ਕਾਇਮ ਰੱਖਦੇ ਹਨ।



**ਭਾਜਪਾ ਪ੍ਰਤੀ ਰਵਿਦਾਸੀਆ ਭਾਈਚਾਰੇ ਦੀ ਸੋਚ ਕੀ ਹੈ ?**

ਰਵਿਦਾਸੀਆ ਭਾਈਚਾਰਾ ਕੋਈ ਇੱਕ ਠੋਸ ਵੋਟ ਬੈਂਕ ਨਹੀਂ ਹੈ, ਪਰ ਆਮ ਤੌਰ 'ਤੇ ਇਸ ਭਾਈਚਾਰੇ ਦਾ ਭਾਜਪਾ ਪ੍ਰਤੀ ਦ੍ਰਿਸ਼ਟੀਕੋਣ ਰਲਵਾਂ-ਮਿਲਵਾਂ ਅਤੇ ਮੁੱਖ ਤੌਰ 'ਤੇ ਸੰਦੇਹਪੂਰਨ ਰਿਹਾ ਹੈ।ਇਤਿਹਾਸਕ ਅਤੇ ਵਿਚਾਰਧਾਰਕ ਤੌਰ 'ਤੇ ਰਵਿਦਾਸੀਆ/ਆਦ-ਧਰਮੀ ਭਾਈਚਾਰਾ 'ਹਿੰਦੂਤਵ' ਜਾਂ ਕੇਂਦਰੀਕ੍ਰਿਤ ਹਿੰਦੂ ਰਾਜਨੀਤੀ ਤੋਂ ਦੂਰ ਰਿਹਾ ਹੈ। ਭਾਈਚਾਰੇ ਦੇ ਲੇਖਕ, ਕਾਰਕੁਨ ਅਤੇ ਬੁੱਧੀਜੀਵੀ ਡਾ. ਬੀ.ਆਰ. ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹਨ, ਜਿਸ ਕਰਕੇ ਉਹ ਭਾਜਪਾ ਦੀਆਂ ਨੀਤੀਆਂ ਪ੍ਰਤੀ ਹਮੇਸ਼ਾ ਚੌਕਸ ਰਹਿੰਦੇ ਹਨ।

(**ਬਾਕੀ ਸਫ਼ਾ 27 'ਤੇ**)

# ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਤੇ ਜੀ.ਟੀ.ਸੀ. ਵਿਚਾਲੇ ਤਕਰਾਰ

## ਪ੍ਰਸਾਰਣ ਰੋਕੇ ਜਾਣ ਤੋਂ ਬਾਅਦ ਦੇਸ਼-ਵਿਦੇਸ਼ ਦੀ ਸੰਗਤ ਵਿੱਚ ਵਿਰੋਧ



ਸ੍ਰੀ ਦਰਬਾਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਾਈਵੇਟ ਪ੍ਰਸਾਰਕ ਜੀ.ਟੀ.ਸੀ. ਨੈੱਟਵਰਕ ਵਿਚਾਲੇ ਪੈਦਾ ਹੋਇਆ ਤਾਜ਼ਾ ਤਕਰਾਰ ਇੱਕ ਅਹਿਮ ਮੋੜ 'ਤੇ ਪਹੁੰਚ ਗਿਆ ਹੈ। ਇਹ ਮੁੱਦਾ ਮਹਿਜ਼ ਦੋ ਧਿਰਾਂ ਵਿਚਾਲੇ ਕਾਨੂੰਨੀ ਜਾਂ ਤਕਨੀਕੀ ਖਿੱਚੋਤਾਣ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੇ ਧਾਰਮਿਕ ਪ੍ਰਚਾਰ ਦੇ ਦਾਇਰੇ, ਸੰਸਥਾਗਤ ਏਕਾਧਿਕਾਰ, ਪ੍ਰਸਾਰਣ ਦੀ ਮਰਿਆਦਾ ਅਤੇ ਵਿਦੇਸ਼ਾਂ ਵਿੱਚ ਬੈਠੀ ਲੱਖਾਂ-ਕਰੋੜਾਂ ਸਿੱਖ ਸੰਗਤ ਦੀਆਂ ਭਾਵਨਾਵਾਂ ਨਾਲ ਜੁੜੇ ਡੂੰਘੇ ਸਵਾਲ ਖੜ੍ਹੇ ਕਰ ਦਿੱਤੇ ਹਨ। ਆਖਿਰ ਸੰਗਤਾਂ ਦੇ ਵਿਰੋਧ ਕਾਰਣ ਸ਼੍ਰੋਮਣੀ ਕਮੇਟੀ ਨੂੰ ਮੁੜ ਪ੍ਰਸਾਰਣ ਦੀ ਇਜਾਜ਼ਤ ਦੇਣੀ ਪਈ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਪੱਸ਼ਟ ਕੀਤਾ ਹੈ ਕਿ ਸ੍ਰੀ ਦਰਬਾਰ ਸਾਹਿਬ ਤੋਂ ਪ੍ਰਸਾਰਣ ਦੇ ਮੌਲਿਕ ਅਧਿਕਾਰ ਸਿਰਫ਼ ਐੱਸ.ਜੀ.ਪੀ.ਸੀ. ਕੋਲ ਹੀ ਸੁਰੱਖਿਅਤ ਹਨ। ਕਮੇਟੀ ਦਾ ਤਰਕ ਹੈ ਕਿ ਬਿਨਾਂ ਪੂਰਵ ਮਨਜ਼ੂਰੀ ਤੋਂ ਯੂ-ਟਿਊਬ, ਓ.ਟੀ.ਟੀ. ਜਾਂ ਸੋਸ਼ਲ ਮੀਡੀਆ ਰਾਹੀਂ ਫੀਡ ਰੀ-ਸਟ੍ਰੀਮ ਕਰਨ ਨਾਲ ਵਪਾਰਕ ਵਰਤੋਂ ਅਤੇ ਮਰਿਆਦਾ ਭੰਗ ਹੋਣ ਦਾ ਖ਼ਦਸ਼ਾ ਰਹਿੰਦਾ ਹੈ। ਇਸੇ ਨੀਤੀ ਤਹਿਤ ਜੀ.ਟੀ.ਸੀ. ਨੂੰ ਕਾਨੂੰਨੀ ਨੋਟਿਸ ਵੀ ਜਾਰੀ ਕੀਤਾ ਗਿਆ ਸੀ।

ਦੂਜੇ ਪਾਸੇ, ਜੀ.ਟੀ.ਸੀ. ਦੇ ਪ੍ਰਬੰਧਕਾਂ ਵੱਲੋਂ ਇਸ ਨੂੰ ਨਿਸ਼ਕਾਮ ਸੇਵਾ ਦੱਸਦਿਆਂ 2008 ਵਿੱਚ ਹਾਈ ਕੋਰਟ 'ਚ ਦਾਇਰ ਸ਼੍ਰੋਮਣੀ ਕਮੇਟੀ ਦੇ ਉਸ ਹਲਫ਼ਨਾਮੇ ਦਾ ਹਵਾਲਾ ਦਿੱਤਾ ਗਿਆ ਸੀ, ਜਿਸ ਵਿੱਚ ਗੁਰਬਾਣੀ ਦਾ ਪ੍ਰਸਾਰਣ ਵੱਧ ਤੋਂ ਵੱਧ ਮੰਚਾਂ ਰਾਹੀਂ ਫੈਲਾਉਣ ਦੀ ਗੱਲ ਕਹੀ ਗਈ ਸੀ। ਪ੍ਰਸਾਰਕਾਂ ਦਾ ਸਵਾਲ ਹੈ ਕਿ ਜਦੋਂ 1,000 ਤੋਂ ਵੱਧ ਹੋਰ ਡਿਜੀਟਲ ਪਲੇਟਫਾਰਮ ਲਿੰਕ ਸ਼ੇਅਰ ਕਰ ਰਹੇ ਹਨ, ਤਾਂ ਸਿਰਫ਼ ਇੱਕ ਚੈਨਲ 'ਤੇ ਹੀ ਸ਼ਿਕੰਜਾ ਕਿਉਂ ਕੱਸਿਆ ਜਾ ਰਿਹਾ ਹੈ ?

ਇਸ ਸਮੁੱਚੇ ਮੁੱਦੇ ਦਾ ਸਭ ਤੋਂ ਸੰਵੇਦਨਸ਼ੀਲ ਪਹਿਲੂ ਉਦੋਂ ਸਾਹਮਣੇ ਆਇਆ ਜਦੋਂ ਕਾਨੂੰਨੀ ਚਿਤਾਵਨੀ ਤੋਂ ਬਾਅਦ ਪ੍ਰਸਾਰਣ ਅਸਥਾਈ ਤੌਰ 'ਤੇ ਰੋਕਿਆ ਗਿਆ ਸੀ। ਇਸ ਨਾਲ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟ੍ਰੇਲੀਆ ਸਮੇਤ ਦੇਸ਼-ਵਿਦੇਸ਼ ਦੀ ਸੰਗਤ ਵਿੱਚ ਭਾਰੀ ਰੋਸ ਫੈਲ ਗਿਆ। ਸੰਗਤ ਦੇ ਵਿਰੋਧ ਅਤੇ ਨਰਾਜ਼ਗੀ ਕਾਰਨ ਹੀ ਸ਼੍ਰੋਮਣੀ ਕਮੇਟੀ ਨੂੰ ਆਪਣੇ ਰੁੱਖ ਵਿੱਚ ਨਰਮੀ ਲਿਆਉਣੀ ਪਈ, ਜਿਸ ਤੋਂ ਬਾਅਦ ਜੀ.ਟੀ.ਸੀ. ਅਤੇ ਹੋਰ ਪਲੇਟਫਾਰਮਾਂ ਰਾਹੀਂ ਅਧਿਕਾਰਤ ਫੀਡ ਲੈ ਕੇ ਸਵੇਰੇ-ਸ਼ਾਮ ਦਾ ਲਾਈਵ ਪ੍ਰਸਾਰਣ ਮੁੜ ਸ਼ੁਰੂ ਕੀਤਾ ਗਿਆ ।

ਪੰਥਕ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਿਵਾਦ ਨੇ ਸ਼੍ਰੋਮਣੀ ਕਮੇਟੀ ਦੀ ਆਪਣੀ ਤਕਨੀਕੀ ਨਿਰਭਰਤਾ ਅਤੇ ਬੁਨਿਆਦੀ ਢਾਂਚੇ ਦੀ ਕਮੀ ਨੂੰ ਵੀ ਉਜਾਗਰ ਕੀਤਾ ਹੈ। ਅਜੇ ਤੱਕ ਇੱਕ ਸੁਤੰਤਰ ਅਤੇ ਸਮਰਪਿਤ 24-ਘੰਟੇ ਵਾਲਾ ਸੈਟੇਲਾਈਟ ਚੈਨਲ ਨਾ ਹੋਣਾ ਹੀ ਅਜਿਹੇ ਟਕਰਾਅ ਦੀ ਮੁੱਖ ਜੜ੍ਹ ਹੈ।ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਦਾ ਕਹਿਣਾ ਹੈ ਕਿ ਗੁਰਬਾਣੀ ਦਾ ਸੰਦੇਸ਼ ਸਰਬ-ਸਾਂਝੀਵਾਲਤਾ ਅਤੇ ਪ੍ਰੇਮ ਦਾ ਹੈ, ਜੋ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚਣਾ ਚਾਹੀਦਾ ਹੈ। ਪੀ. ਟੀ. ਸੀ. ਚੈਨਲ ਨੂੰ ਦਰਬਾਰ ਸਾਹਿਬ ਤੋਂ ਗੁਰਬਾਣੀ ਪਸਾਰਨ ਲਈ ਆਪਣਾ ਏਕਾ ਅਧਿਕਾਰ ਸਿਰਫ ਇਸ ਲਈ ਸਥਾਪਤ ਕਰਨ ਵਿੱਚ ਕਾਮਯਾਬੀ ਹੋਈ ਕਿਉਂਕਿ ਇਹ ਬਾਦਲਾਂ ਦਾ ਚੈਨਲ ਸੀ।ਅੱਜ ਵੀ ਇਹੀ ਸੱਚ ਹੈ।ਕੱਲ੍ਹ ਰਬਿੰਦਰ ਨਰਾਇਣ ਉਨ੍ਹਾਂ ਦੀ ਬੋਲੀ ਬੋਲਦਾ ਸੀ, ਅੱਜ ਸਾਡੀ ਬੋਲੀ ਬੋਲ ਰਿਹਾ ਹੈ। ਗੁਰਬਾਣੀ ਪਸਾਰਨ ਦਾ ਹੱਕ ਸਭ ਨੂੰ ਬਰਾਬਰ ਹੋਣਾ ਚਾਹੀਦਾ ਹੈ ! ਸਮਾਂ ਬੜਾ ਬਲਵਾਨ ਹੈ।

ਉਨ੍ਹਾਂ ਕਿਹਾ ਕਿ ਅੱਵਲ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਪਸਾਰਨ ਆਪ ਕਰਨਾ ਚਾਹੀਦਾ ਹੈ। ਨਹੀਂ ਤਾਂ ਉਨ੍ਹਾਂ ਗੁਰਸਿੱਖ ਕੰਪਿਊਟਰ ਮਾਹਿਰ , ਜੋ ਇਸ ਦੀ ਪ੍ਰੋਫੈਸ਼ਨਲ ਸਮਝ ਰੱਖਦੇ ਹਨ,ਦੀ ਕਮੇਟੀ ਬਣਾ ਕੇ ਉਨ੍ਹਾਂ ਦੀ ਮਦਦ ਲਈ ਜਾ ਸਕਦੀ ਹੈ। ਜਿਹੜੇ ਸਟਾਫ ਵਿੱਚ ਬੰਦੇ ਮੌਜੂਦ ਹਨ ਉਨ੍ਹਾਂ ਨੂੰ ਕੰਮ ਅੱਗੇ ਤੋਰਨ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ। ਪਰ ਇਸ ਦੇ ਨਾਲ ਹੀ ਧਾਰਮਿਕ ਮਰਿਆਦਾ ਅਤੇ ਸਿੱਖ ਸੰਸਥਾਵਾਂ ਦੇ ਅਧਿਕਾਰਾਂ ਦੀ ਰਾਖੀ ਵੀ ਉੱਨੀ ਹੀ ਜ਼ਰੂਰੀ ਹੈ। ਕੋਰਟ-ਕਚਹਿਰੀਆਂ ਜਾਂ ਆਪਸੀ ਟਕਰਾਅ ਦੀ ਥਾਂ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਜਲਦ ਤੋਂ ਜਲਦ ਆਪਣਾ ਸੈਟੇਲਾਈਟ ਪ੍ਰਸਾਰਣ ਢਾਂਚਾ ਮਜ਼ਬੂਤ ਕਰੇ ਜਾਂ ਫਿਰ ਨਿੱਜੀ ਚੈਨਲਾਂ ਲਈ ਇੱਕ ਪਾਰਦਰਸ਼ੀ, ਮੁਫ਼ਤ ਅਤੇ ਬਿਨਾਂ ਇਸ਼ਤਿਹਾਰਾਂ ਵਾਲੀ ਸਖ਼ਤ ਨੀਤੀ ਘੜੇ। ਅਜਿਹਾ ਸੰਤੁਲਿਤ ਹੱਲ ਹੀ ਸੰਸਥਾ ਦੇ ਵਜੂਦ ਨੂੰ ਬਚਾਏਗਾ ਅਤੇ ਵਿਸ਼ਵ ਭਰ ਦੀ ਸੰਗਤ ਨੂੰ ਗੁਰਬਾਣੀ ਨਾਲ ਜੋੜੀ ਰੱਖੇਗਾ।

## ਧਾਰਮਿਕ ਆਜ਼ਾਦੀ ਦਾ ਉਦੇਸ਼ ਵਿਅਕਤੀ ਨੂੰ ਸਿਰਫ਼ ਅਪਰਾਧ ਕਰਨ ਦੀ ਛੋਟ ਦੇਣਾ ਨਹੀਂ: ਹਾਈ ਕੋਰਟ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਪਸ਼ਟ ਕੀਤਾ ਹੈ ਕਿ ਸੰਵਿਧਾਨ ਦੀ ਧਾਰਾ 25 ਤਹਿਤ ਸਿੱਖਾਂ ਨੂੰ ਕ੍ਰਿਪਾਨ ਧਾਰਨ ਕਰਨ ਦਾ ਅਧਿਕਾਰ ਹੈ, ਪਰ ਜੇਕਰ ਉਸੇ ਕ੍ਰਿਪਾਨ ਦਾ ਇਸਤੇਮਾਲ ਕਿਸੇ 'ਤੇ ਹਮਲਾ ਕਰਨ ਲਈ ਕੀਤਾ ਜਾਂਦਾ ਹੈ ਤਾਂ ਇਸ ਨੂੰ ਧਾਰਮਿਕ ਸੁਤੰਤਰਤਾ ਦੀ ਸਰਪ੍ਰਸਤੀ ਨਹੀਂ ਮਿਲ ਸਕਦੀ। ਅਦਾਲਤ ਨੇ ਕਿਹਾ ਕਿ ਅਜਿਹੀ ਸਥਿਤੀ 'ਚ ਆਰਮਸ ਐਕਟ ਦੀਆਂ ਮਦਾਂ ਲਾਗੂ ਹੋਣਗੀਆਂ ਤੇ ਸਿਰਫ਼ ਇਸ ਆਧਾਰ 'ਤੇ ਛੋਟ ਨਹੀਂ ਦਿੱਤੀ ਜਾ ਸਕਦੀ ਕਿ ਮੁਲਜ਼ਮ ਸਿੱਖ ਹੈ ਤੇ ਕ੍ਰਿਪਾਨ ਉਸਦੇ ਧਾਰਮਿਕ ਪ੍ਰਤੀਕਾਂ 'ਚ ਸ਼ਾਮਲ ਹੈ।

ਇਹ ਮਾਮਲਾ ਹਰਿਆਣਾ ਦੇ ਕੁਰੂਕਸ਼ੇਤਰ ਦਾ ਹੈ, ਜਿੱਥੇ ਇੱਕ ਅਪਰਾਧਕ ਮਾਮਲੇ 'ਚ ਮੁਲਜ਼ਮ 'ਤੇ ਕਿਰਪਾਨ ਨਾਲ ਹਮਲਾ ਕਰਨ ਦਾ ਦੋਸ਼ ਹੈ। ਹੇਠਲੀ ਅਦਾਲਤ ਨੇ ਆਰਮਸ ਐਕਟ ਦੀ ਧਾਰਾ ਹਟਾ ਦਿੱਤੀ ਸੀ। ਇਸ ਆਦੇਸ਼ ਨੂੰ ਚੁਣੌਤੀ ਦਿੱਤੇ ਜਾਣ 'ਤੇ ਹਾਈ ਕੋਰਟ (ਬਾਕੀ ਸਫ਼ਾ 27 'ਤੇ)

## ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ ਉੱਤਰ ਪ੍ਰਦੇਸ਼ ਘੱਟਗਿਣਤੀ ਕਮਿਸ਼ਨ ਦੇ ਮੈਂਬਰ



ਅੰਮ੍ਰਿਤਸਰ/ਏ.ਟੀ.ਨਿਊਜ਼: ਉੱਤਰ ਪ੍ਰਦੇਸ਼ ਸਿੱਖ ਗੁਰਦੁਆਰਾ ਕੋਆਰਡੀਨੇਟਰ ਕਮੇਟੀ ਦੇ ਚੇਅਰਮੈਨ ਤੇ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਪਰਮਿੰਦਰ ਸਿੰਘ ਨੇ ਅੱਜ ਪਰਿਵਾਰ ਨਾਲ ਦਰਬਾਰ ਸਾਹਿਬ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ। ਇਸ ਦੌਰਾਨ ਉਨ੍ਹਾਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ਼੍ਰੋਮਣੀ ਕਮੇਟੀ ਦਫ਼ਤਰ ਆਉਣ 'ਤੇ ਪਰਮਿੰਦਰ ਸਿੰਘ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਓ ਐੱਸ ਡੀ ਸਤਬੀਰ ਸਿੰਘ ਧਾਮੀ ਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸਿਰੋਪਾ ਤੇ ਸੱਚਖੰਡ ਦਰਬਾਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। (ਬਾਕੀ ਸਫ਼ਾ 27 'ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਦੇ 29 ਜੂਨ ਦੇ ਹੁਕਮਾਂ 'ਤੇ ਪਾਲਣਾ ਰਿਪੋਰਟ ਪੇਸ਼ ਕਰੇ ਸਰਕਾਰ: ਪੈਨਲ

ਅੰਮ੍ਰਿਤਸਰ/ਏ.ਟੀ.ਨਿਊਜ਼: 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨਾਲ ਜੁੜੇ ਮਾਮਲਿਆਂ 'ਤੇ ਪੰਜਾਬ ਸਰਕਾਰ ਨਾਲ ਵਿਚਾਰ-ਵਟਾਂਦਰਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਮਾਹਿਰਾਂ ਦੇ ਪੈਨਲ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਇਸ ਕਾਨੂੰਨ 'ਤੇ ਅੱਗੇ ਗੱਲਬਾਤ ਕਰਨ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ 29 ਜੂਨ ਦੇ ਹੁਕਮਾਂ 'ਤੇ ਪਾਲਣਾ ਰਿਪੋਰਟ ਪੇਸ਼ ਕਰੇ।

ਇਸ ਪੈਨਲ ਵਿੱਚ ਜਸਟਿਸ (ਸੇਵਾ-ਮੁਕਤ) ਰੁਪਿੰਦਰ ਸਿੰਘ ਸੋਢੀ, ਜਸਟਿਸ (ਸੇਵਾ-ਮੁਕਤ) ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਅਤੇ ਪ੍ਰੋ. ਜਗਮੋਹਨ ਸਿੰਘ ਸ਼ਾਮਲ ਹਨ, ਜਿਨ੍ਹਾਂ ਨੇ ਕੱਲ੍ਹ ਆਪਣੀ ਪਹਿਲੀ ਮੀਟਿੰਗ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੰਡੀਗੜ੍ਹ ਉਪ-ਦਫ਼ਤਰ ਦੇ ਵਧੀਕ ਸਕੱਤਰ ਲਖਬੀਰ ਸਿੰਘ ਨੇ ਇਸ ਮੀਟਿੰਗ ਦਾ ਸੰਚਾਲਨ ਕੀਤਾ।



ਪੈਨਲ ਨੇ ਦੱਸਿਆ ਕਿ ਜਿਵੇਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਸਰਕਾਰ ਦਾ 29 ਜੁਲਾਈ ਦਾ ਜਵਾਬ ਅਕਾਲ ਤਖ਼ਤ ਸਾਹਿਬ ਵੱਲੋਂ ਉਠਾਏ ਗਏ ਬੁਨਿਆਦੀ ਇਤਰਾਜ਼ਾਂ ਨੂੰ ਹੱਲ ਕਰਨ ਵਿੱਚ ਅਸਫਲ ਰਿਹਾ ਹੈ, ਖਾਸ ਕਰਕੇ ਉਹ ਇਤਰਾਜ਼ ਜੋ ਇਸ ਕਾਨੂੰਨ ਦੇ ਉਨ੍ਹਾਂ ਉਪਬੰਧਾਂ ਨਾਲ ਸਬੰਧਤ ਹਨ ਜੋ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਜਵਾਬ, ਜੋ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੇ ਗਏ ਇੱਕ ਮਹੀਨੇ ਦੇ ਸਮੇਂ ਦੇ ਆਖ਼ਰੀ ਦਿਨ ਪ੍ਰਾਪਤ ਹੋਇਆ ਸੀ, ਤੱਥਾਂ ਨੂੰ ਧੁੰਦਲਾ ਕਰਨ ਅਤੇ ਮਾਮਲੇ ਨੂੰ ਅਣਡਿੱਠ ਕਰਨ ਦੀ ਕੋਸ਼ਿਸ਼ ਹੈ। ਖ਼ਾਲਸਾ ਪੰਥ ਦੀਆਂ ਚਿੰਤਾਵਾਂ 31 ਜੁਲਾਈ, 2026 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਪੰਜਾਬ ਕੈਬਨਿਟ ਦੇ ਮੰਤਰੀਆਂ ਨੂੰ ਸਪਸ਼ਟ ਤੌਰ 'ਤੇ ਪਹੁੰਚਾ ਦਿੱਤੀਆਂ ਗਈਆਂ ਸਨ।

ਮੀਟਿੰਗ ਵਿੱਚ ਇਹ ਦੇਖਿਆ ਗਿਆ ਕਿ ਬੇਅਦਬੀ ਦੇ ਗੰਭੀਰ ਅਤੇ ਸੰਵੇਦਨਸ਼ੀਲ ਮਾਮਲੇ ਦਾ ਹੱਲ ਲੱਭਣ ਲਈ ਸਰਕਾਰ ਦਾ ਹੁਣ ਤੱਕ ਦਾ ਰਵੱਈਆ ਉਸਾਰੂ ਨਹੀਂ ਰਿਹਾ ਹੈ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਕਾਫ਼ੀ ਸਮਾਂ ਦਿੱਤੇ ਜਾਣ ਦੇ ਬਾਵਜੂਦ, ਪੰਜਾਬ ਸਰਕਾਰ ਨੇ ਅਜੇ ਤੱਕ ਪੂਰੇ ਮਾਮਲੇ 'ਤੇ ਵਿਚਾਰ ਕਰਨ ਲਈ ਆਪਣਾ ਪੈਨਲ ਨਹੀਂ ਬਣਾਇਆ ਹੈ।

## ਕੀਰਤਪੁਰ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ



ਕੀਰਤਪੁਰ ਸਾਹਿਬ/ਏ.ਟੀ. ਨਿਊਜ਼: ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੇ ਜਨਮ ਅਸਥਾਨ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਮਾਗਮ ਕਰਵਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਮੱਥਾ ਟੇਕਿਆ। ਸਮਾਗਮ ਦੌਰਾਨ ਗੁਰਬਾਣੀ ਕੀਰਤਨ, ਕਥਾ-ਵਿਚਾਰ ਅਤੇ ਧਾਰਮਿਕ ਦੀਵਾਨ ਸਜਾਏ ਗਏ।ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਸਤਨਾਮ ਸਿੰਘ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।ਉਨ੍ਹਾਂ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ।

### ਸਿੱਖ ਤੇ ਗੁਰੂ ਵਿਚਕਾਰ ਕੋਈ ਸਰਕਾਰ ਨਹੀਂ ਆ ਸਕਦੀ: ਗੜਗੱਜ

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਬਿਨਾਂ ਕਿਸੇ ਦਾ ਨਾਮ ਲਏ ਗੁਰੂ ਘਰਾਂ ਵਿੱਚੋਂ ਗੋਲਕਾਂ ਚੁੱਕਣ ਦੇ ਮਾਮਲੇ ਦਾ ਜ਼ਿਕਰ ਕੀਤਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਦਾ ਸਤਿਕਾਰ ਕਰਨ ਅਤੇ ਸਿਆਸੀ ਲੋਕਾਂ ਵੱਲੋਂ ਸੰਗਤ ਨੂੰ ਗੁਰੂ ਸਾਹਿਬ ਨਾਲੋਂ ਤੋੜਨ ਦੀਆਂ ਕੋਸ਼ਿਸ਼ਾਂ ਤੋਂ ਸੁਚੇਤ ਰਹਿਣ। ਉਨ੍ਹਾਂ ਕਿਹਾ ਕਿ ਸਿੱਖ ਅਤੇ ਗੁਰੂ ਦੇ ਵਿਚਕਾਰ ਕੋਈ ਸਰਕਾਰ ਜਾਂ ਸਿਆਸੀ ਤਾਕਤ ਨਹੀਂ ਆ ਸਕਦੀ।

## ਰੰਗ ਬਿਰੰਗੇ ਫੁੱਲਾਂ ਨਾਲ ਮਹਿਕੀ ਸ੍ਰੀ ਹੇਮਕੁੰਟ ਸਾਹਿਬ ਘਾਟੀ



ਅੰਮ੍ਰਿਤਸਰ/ਏ.ਟੀ.ਨਿਊਜ਼: ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ 10 ਅਕਤੂਬਰ ਨੂੰ ਬੰਦ ਹੋ ਜਾਵੇਗੀ। ਇਸ ਦਿਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਸੰਗਤ ਵਾਸਤੇ ਸ਼ੀਤਕਾਲ ਲਈ ਬੰਦ ਕਰ ਦਿੱਤੇ ਜਾਣਗੇ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰ ਜੀਤ ਸਿੰਘ ਬਿੰਦਰਾ ਨੇ ਅੱਜ ਐਲਾਨ ਕੀਤਾ ਕਿ ਪਵਿੱਤਰ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 10 ਅਕਤੂਬਰ ਨੂੰ ਰਸਮੀ ਤੌਰ 'ਤੇ ਬੰਦ ਹੋ ਜਾਵੇਗੀ। ਇਸ ਸਾਲ ਦੀ ਯਾਤਰਾ 23 ਮਈ ਨੂੰ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਰਸਮੀ ਤੌਰ 'ਤੇ ਖੁੱਲ੍ਹਣ ਨਾਲ ਸ਼ੁਰੂ ਹੋਈ ਸੀ। ਕਪਾਟ ਖੁੱਲ੍ਹਣ ਅਤੇ ਯਾਤਰਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਭਾਰਤ ਅਤੇ ਵਿਦੇਸ਼ਾਂ ਤੋਂ 238,000 ਤੋਂ ਵੱਧ ਸ਼ਰਧਾਲੂਆਂ ਨੇ ਪਵਿੱਤਰ ਅਸਥਾਨ ਦੇ ਦਰਸ਼ਨ ਕੀਤੇ ਹਨ। ਸ਼ਰਧਾਲੂਆਂ ਦਾ ਉਤਸ਼ਾਹ ਪੂਰੀ ਯਾਤਰਾ ਦੌਰਾਨ ਬਣਿਆ ਰਿਹਾ।

ਇਸ ਵੇਲੇ, ਹੇਮਕੁੰਟ ਘਾਟੀ ਫੁੱਲਾਂ ਨਾਲ ਭਰੀ ਹੋਈ ਹੈ। ਫੁੱਲਾਂ ਦੀ ਘਾਟੀ ਵਿੱਚ ਹਰ ਪ੍ਰਕਾਰ ਦੇ ਫੁੱਲ ਪੂਰੀ ਤਰ੍ਹਾਂ ਖਿੜੇ ਹੋਏ ਹਨ। ਇਸ ਦੇ ਨਾਲ, ਦੁਰਲੱਭ ਬ੍ਰਹਮ ਕਮਲ, ਜੋ ਕਿ ਸਿਰਫ਼ ਉੱਚ ਹਿਮਾਲੀਅਨ ਖੇਤਰਾਂ ਵਿੱਚ ਪਾਇਆ ਜਾਂਦਾ ਹੈ, ਵੀ ਪੂਰੀ ਤਰ੍ਹਾਂ ਖਿੜਿਆ ਹੋਇਆ ਹੈ। ਉਨ੍ਹਾਂ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸੁਹਾਵਣੇ ਅਤੇ ਮਨਮੋਹਕ ਕੁਦਰਤੀ ਦ੍ਰਿਸ਼ ਦਾ ਪੂਰਾ ਲਾਭ ਲੈਣ ਅਤੇ ਕੁਦਰਤ ਦੇ ਇਸ ਅਦਭੁਤ ਨਜ਼ਾਰੇ ਦਾ ਆਨੰਦ ਮਾਨਣ ਵਾਸਤੇ ਆਪਣੀ ਯਾਤਰਾ ਦੀ ਯੋਜਨਾ ਜਲਦ ਬਣਾਉਣ।

ਸ੍ਰੀ ਹੇਮਕੁੰਟ ਸਾਹਿਬ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ, ਜੋ ਕਿ ਸਮੁੰਦਰ ਤਲ ਤੋਂ 15,000 ਫੁੱਟ ਤੋਂ ਵੱਧ ਦੀ ਉਚਾਈ 'ਤੇ, ਸੱਤ ਬਰਫ਼ ਨਾਲ ਢੱਕੀਆਂ ਚੋਟੀਆਂ ਅਤੇ ਇੱਕ ਸਾਫ਼ ਗਲੇਸ਼ੀਅਰ ਝੀਲ ਦੇ ਵਿਚਕਾਰ ਸਥਿਤ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਅਮਰੀਕਾ ਅਤੇ ਕੈਨੇਡਾ ਦੇ ਕਿਰਤ ਬਾਜ਼ਾਰਾਂ ’ਚ ਮੰਦੀ

ਵਿਸ਼ਵ ਦੀ ਸੁਪਰ ਸ਼ਕਤੀ ਅਮਰੀਕਾ ਅਤੇ ਕੈਨੇਡਾ ਦੇ ਕਿਰਤ ਬਾਜ਼ਾਰਾਂ ਵਿੱਚ ਇਸ ਸਮੇਂ ਮੰਦੀ ਛਾਈ ਹੋਈ ਹੈ, ਇਹੋ ਕਾਰਨ ਹੈ ਕਿ ਦੋਵਾਂ ਵਿਕਸਤ ਦੇਸ਼ਾਂ ਵਿੱਚ ਹਜ਼ਾਰਾਂ ਨੌਜਵਾਨ ਬੇਰੁਜ਼ਗਾਰ ਭਟਕ ਰਹੇ ਹਨ। ਇਨ੍ਹਾਂ ਨੌਜਵਾਨਾਂ ਵਿੱਚ ਉਹ ਸੈਂਕੜੇ ਨੌਜਵਾਨ ਵੀ ਸ਼ਾਮਲ ਹਨ, ਜੋ ਕਿ ਪੰਜਾਬ ਤੋਂ ਲੱਖਾਂ ਰੁਪਏ ਖਰਚ ਕੇ ਸੁਨਹਿਰੇ ਭਵਿੱਖ ਲਈ ਅਮਰੀਕਾ ਅਤੇ ਕੈਨੇਡਾ ਗਏ ਹਨ।

ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਅਨੁਸਾਰ, ਜੁਲਾਈ ਮਹੀਨੇ ਦੌਰਾਨ ਅਮਰੀਕੀ ਕਿਰਤ ਬਾਜ਼ਾਰ ਵਿੱਚ ਉਥਲ ਪੁੱਥਲ ਰਹੀ ਤੇ 23,000 ਨੌਕਰੀਆਂ ਖਤਮ ਹੋ ਗਈਆਂ ਹਾਲਾਂ ਕਿ ਬੇਰੁਜ਼ਗਾਰੀ ਦਰ 4.2% ਤੋਂ ਘੱਟ ਕੇ 4.1% ਹੋ ਗਈ। ਮਈ ਵਿੱਚ ਨੌਕਰੀਆਂ ਦੇ ਨਵੇਂ ਮੌਕੇ 129,000 ਤੋਂ ਘੱਟ ਕੇ 66,000 ਰਹਿ ਗਏ। ਕਾਮਿਆਂ ਦੀ ਤਨਖਾਹ ਵਿੱਚ ਵਾਧਾ ਪੰਜ ਸਾਲਾਂ ਦੇ ਹੇਠਲੇ ਪੱਧਰ ’ਤੇ ਆ ਗਿਆ। ਰਿਪੋਰਟ ਅਨੁਸਾਰ ਅਰਥ-ਸ਼ਾਸਤਰੀਆਂ ਨੂੰ ਉਮੀਦ ਸੀ ਕਿ ਜੁਲਾਈ ਵਿੱਚ 95,000 ਨੌਕਰੀਆਂ ਦਾ ਵਾਧਾ ਹੋਵੇਗਾ ਪਰੰਤੂ ਵਾਧੇ ਦੀ ਬਜਾਏ ਅਰਥਵਿਵਸਥਾ ’ਚ ਨਿਘਾਰ ਆਇਆ ਹੈ। ਇਹ ਰਿਪੋਰਟ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਵੱਖ- ਵੱਖ ਅਮਰੀਕੀ ਤੇ ਕੈਨੇਡੀਅਨ ਕੰਪਨੀਆਂ ਦੇ ਮਾਲਕ ਏ.ਆਈ. ਤਕਨੀਕ ਨੂੰ ਤੇਜ਼ੀ ਨਾਲ ਅਪਣਾਉਣ, ਉੱਚ ਤੇਲ ਦੀਆਂ ਕੀਮਤਾਂ, ਨੀਤੀ ਅਨਿਸ਼ਚਿਤਤਾ ਅਤੇ ਅਮਰੀਕਾ ਦੀ ਇਰਾਨ ਨਾਲ ਜੰਗ ਦੇ ਮੱਦੇ-ਨਜ਼ਰ ਨਵੀਂ ਭਰਤੀ ਕਰਨ ਬਾਰੇ ਵਧੇਰੇ ਸਾਵਧਾਨੀ ਵਰਤ ਰਹੇ ਹਨ। ਹਾਲਾਤ ਤਾਂ ਅਜਿਹੇ ਬਣ ਰਹੇ ਹਨ ਕਿ ਅਮਰੀਕਾ ਵਿੱਚ ਗ਼ੈਰ-ਪ੍ਰਵਾਸੀ ਵੀਜ਼ਾ ’ਤੇ ਕੰਮ ਕਰ ਰਹੇ ਵਿਦੇਸ਼ੀ ਕਰਮਚਾਰੀਆਂ ਲਈ ਆਉਣ ਵਾਲਾ ਸਮਾਂ ਮੁਸ਼ਕਿਲਾਂ ਭਰਿਆ ਹੋ ਸਕਦਾ ਹੈ। ਟਰੰਪ ਪ੍ਰਸ਼ਾਸਨ ਇੱਕ ਅਜਿਹੇ ਪ੍ਰਸਤਾਵ ’ਤੇ ਵਿਚਾਰ ਕਰ ਰਿਹਾ ਹੈ, ਜਿਸ ਤਹਿਤ ਨੌਕਰੀ ਜਾਣ ਤੋਂ ਬਾਅਦ ਮਿਲਣ ਵਾਲੀ 60 ਦਿਨਾਂ ਦੀ ਮੌਜੂਦਾ ‘ਗ੍ਰੇਸ ਪੀਰੀਅਡ’ (ਛੋਟ ਦਾ ਸਮਾਂ) ਦੀ ਸਹੂਲਤ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਜੇਕਰ ਇਹ ਬਦਲਾਅ ਲਾਗੂ ਹੁੰਦਾ ਹੈ, ਤਾਂ ਪ੍ਰਭਾਵਿਤ ਕਰਮਚਾਰੀਆਂ ਨੂੰ ਨਵੀਂ ਨੌਕਰੀ ਲੱਭਣ ਦਾ ਮੌਕਾ ਮਿਲਣ ਦੀ ਬਜਾਏ ਤੁਰੰਤ ਅਮਰੀਕਾ ਛੱਡਣਾ ਪਵੇਗਾ। ਇਸ ਪ੍ਰਸਤਾਵਿਤ ਬਦਲਾਅ ਦਾ ਅਸਰ ਕਈ ਅਹਿਮ ਵੀਜ਼ਾ ਸ਼੍ਰੇਣੀਆਂ ’ਤੇ ਪਵੇਗਾ, ਜਿਨ੍ਹਾਂ ਵਿੱਚ ਐਚ-1ਬੀ, ਐਲ-1, ਓ-1, ਈ-1, ਈ-2, ਈ-3, ਐਚ-1ਬੀ1 ਅਤੇ ਟੀ.ਐਨ. ਵੀਜ਼ਾ ਧਾਰਕ ਸ਼ਾਮਲ ਹਨ। ਇਹ ਫੈਸਲਾ ਖਾਸ ਕਰਕੇ ਭਾਰਤੀਆਂ ਲਈ ਬਹੁਤ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਅੰਕੜਿਆਂ ਅਨੁਸਾਰ, ਸਾਲ 2024 ਦੇ ਵਿੱਤੀ ਵਰ੍ਹੇ ਵਿੱਚ 71 ਫੀਸਦੀ ਐਚ-1ਬੀ ਵੀਜ਼ਾ ਧਾਰਕ ਭਾਰਤੀ ਸਨ। ਅਮਰੀਕਾ ਵਿੱਚ ਲਗਭਗ 52 ਲੱਖ (5.2 ਮਿਲੀਅਨ) ਭਾਰਤੀ-ਅਮਰੀਕੀ ਰਹਿੰਦੇ ਹਨ ਅਤੇ ਇਸ ਪ੍ਰਸਤਾਵ ਦੇ ਲਾਗੂ ਹੋਣ ਨਾਲ ਹਜ਼ਾਰਾਂ ਪਰਿਵਾਰਾਂ ’ਤੇ ਤਲਵਾਰ ਲਟਕ ਸਕਦੀ ਹੈ। ਪੰਜਾਬ ਤੋਂ ਵੀ ਵੱਡੀ ਗਿਣਤੀ ਨੌਜਵਾਨ ਐਚ 1ਬੀ ਵੀਜ਼ਾ ’ਤੇ ਅਮਰੀਕਾ ਗਏ ਹੋਏ ਹਨ, ਜਿਨ੍ਹਾਂ ਨੂੰ ਵੀ ਹੁਣ ਨੌਕਰੀ ਖਤਮ ਹੋਣ ’ਤੇ ਤੁਰੰਤ ਅਮਰੀਕਾ ਛੱਡਣਾ ਪੈ ਸਕਦਾ ਹੈ, ਜਦੋਂ ਕਿ ਇਸ ਤੋਂ ਪਹਿਲਾਂ ਅਮਰੀਕਾ ਵਿੱਚ ਇਹ ਸਹੂਲਤ ਸੀ ਕਿ ਜਿਹੜੇ ਐਚ 1 ਬੀ ਵੀਜ਼ਾ ਧਾਰਕਾਂ ਦੀ ਨੌਕਰੀ ਖਤਮ ਹੋ ਜਾਂਦੀ ਸੀ ਤਾਂ ਉਹਨਾਂ ਨੂੰ ਨਵੀਂ ਨੌਕਰੀ ਲੱਭਣ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਜਾਂਦਾ ਸੀ ਅਤੇ ਅਕਸਰ ਅਜਿਹੇ ਵੀਜ਼ਾ ਧਾਰਕ ਛੇ ਮਹੀਨਿਆਂ ਵਿੱਚ ਨਵੀਂ ਨੌਕਰੀ ਲੱਭ ਵੀ ਲੈਂਦੇ ਸਨ ਅਤੇ ਲਗਾਤਾਰ ਅਮਰੀਕਾ ਰਹਿਣ ਵਿੱਚ ਕਾਮਯਾਬ ਹੋ ਜਾਂਦੇ ਸਨ।

ਕਿਸੇ ਸਮੇਂ ਪੰਜਾਬੀਆਂ ਦੀ ਸੁਪਨ ਨਗਰੀ ਰਹੇ ਕੈਨੇਡਾ ਵਿੱਚ ਪੜ੍ਹਾਈ ਅਤੇ ਰੁਜ਼ਗਾਰ ਲਈ ਗਏ ਹਜ਼ਾਰਾਂ ਪੰਜਾਬੀਆਂ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਕੈਨੇਡਾ ਵਿੱਚ ਪੜ੍ਹਾਈ ਪੂਰੀ ਕਰ ਚੁੱਕੇ ਹਜ਼ਾਰਾਂ ਵਿਦੇਸ਼ੀ ਵਿਦਿਆਰਥੀ ਬੇਰੁਜ਼ਗਾਰ ਹੋ ਗਏ ਹਨ, ਕਿਉਂਕਿ ਕੈਨੇਡਾ ਸਰਕਾਰ ਵੱਲੋਂ ਉਹਨਾਂ ਨੂੰ ਵਰਕ ਪਰਮਿਟ ਦੇਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਗਿਆ ਹੈ। ਇਸ ਕਾਰਨ ਕੈਨੇਡਾ ਦੇ ਅਲਬਰਟਾ ਸੂਬੇ ਦੇ ਦੋ ਪ੍ਰਮੁੱਖ ਸ਼ਹਿਰਾਂ ‘ਕੈਲਗਰੀ ਅਤੇ ਐਡਮਿੰਟਨ’ ਵਿੱਚ ਹਜ਼ਾਰਾਂ ਵਿਦੇਸ਼ੀ ਵਿਦਿਆਰਥੀ ਧਰਨੇ ਲਗਾ ਕੇ ਬੈਠੇ ਹਨ, ਜਿਨ੍ਹਾਂ ਵਿੱਚ ਸੈਂਕੜੇ ਪੰਜਾਬੀ ਵਿਦਿਆਰਥੀ ਵੀ ਸ਼ਾਮਲ ਹਨ। ਇਹਨਾਂ ਧਰਨਾਕਾਰੀ ਪੰਜਾਬੀ ਵਿਦਿਆਰਥੀਆਂ ਦਾ ਮੁੱਦਾ ਲੰਘੇ ਦਿਨੀਂ ਪੰਜਾਬ ਵਿਧਾਨ ਸਭਾ ਵਿੱਚ ਵੀ ਉਠਿਆ ਹੈ। ਇਹਨਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਕੈਨੇਡਾ ਵਿੱਚ ਪੜ੍ਹਾਈ ਕਰਨ ਲਈ ਲੱਖਾਂ ਰੁਪਏ ਦੀਆਂ ਫ਼ੀਸਾਂ ਭਰੀਆਂ ਸਨ ਅਤੇ ਦਿਨ- ਰਾਤ ਮਿਹਨਤ ਕੀਤੀ ਸੀ ਪਰ ਜਦੋਂ ਉਹਨਾਂ ਦੀ ਪੜ੍ਹਾਈ ਪੂਰੀ ਹੋ ਗਈ ਤਾਂ ਕੈਨੇਡਾ ਸਰਕਾਰ ਵੱਲੋਂ ਉਹਨਾਂ ਨੂੰ ਵਰਕ ਪਰਮਿਟ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ, ਜਿਸ ਕਾਰਨ ਉਹ ਨਾ ਤਾਂ ਕੈਨੇਡਾ ਰਹਿਣ ਜੋਗੇ ਰਹੇ ਹਨ ਤੇ ਨਾ ਹੀ ਵਾਪਸ ਪੰਜਾਬ ਪਰਤ ਸਕਦੇ ਹਨ। ਦੂਜੇ ਪਾਸੇ ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਵਰਕ ਪਰਮਿਟ ਅਰਜ਼ੀਆਂ ਰੱਦ ਕਰਨ ਲਈ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ‘ਨਾਨ-ਕਰੈਡਿਟ’ ਪ੍ਰੋਗਰਾਮਾਂ ਤਹਿਤ ਜਾਂ ‘ਪ੍ਰਾਈਵੇਟ-ਪਬਲਿਕ ਪਾਰਟਨਰਸ਼ਿਪ’ ਅਧੀਨ ਆਉਂਦੇ ਕਾਲਜਾਂ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਯੋਗ ਨਹੀਂ ਹਨ। ਇਸ ਨੀਤੀ ਤਹਿਤ ਕੈਲਗਰੀ ਦੇ ‘ਪੋਰਟੇਜ ਕਾਲਜ’ ਅਧੀਨ ਚੱਲ ਰਹੇ ਪ੍ਰਾਈਵੇਟ ਪਾਰਟਨਰਸ਼ਿਪ ਕਾਲਜਾਂ ਜਿਵੇਂ ਕਿ ਸੀ.ਆਈ.ਓ.ਟੀ. ਅਤੇ ਕੈਂਪਬੈੱਲ ਕਾਲਜ ਤੋਂ ਪੜ੍ਹਾਈ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਵਰਕ ਪਰਮਿਟ ਨਹੀਂ ਦਿੱਤੇ ਜਾ ਰਹੇ, ਜਿਸ ਕਾਰਨ ਇਹ ਵਿਦਿਆਰਥੀ ਕੈਨੇਡਾ ਦੀਆਂ ਸੜਕਾਂ ’ਤੇ ਭਟਕ ਰਹੇ ਹਨ। ਅਜਿਹੇ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਪੰਜਾਬ ਰਹਿੰਦੇ ਉਹਨਾਂ ਦੇ ਮਾਪਿਆਂ ਨੇ ਜ਼ਮੀਨਾਂ ਵੇਚ ਕੇ, ਘਰ ਗਹਿਣੇ ਰੱਖ ਕੇ ਅਤੇ ਕਰਜ਼ੇ ਲੈ ਕੇ ਕੈਨੇਡਾ ਭੇਜਿਆ ਹੈ, ਇਹਨਾਂ ਮਾਪਿਆਂ ਨੂੰ ਆਸ ਸੀ ਕਿ ਕੈਨੇਡਾ ਵਿੱਚ ਡਾਲਰ ਕਮਾ ਕੇ ਉਹਨਾਂ ਦੇ ਧੀਆਂ ਪੁੱਤਰ ਉਹਨਾਂ ਦੀ ਜੂਨ ਸੁਧਾਰ ਦੇਣਗੇ ਪਰ ਇਹਨਾਂ ਵਿਦਿਆਰਥੀਆਂ ਨੂੰ ਹੁਣ ਕੈਨੇਡਾ ਵਿੱਚ ਕੰਮ ਕਰਨ ਦੀ ਆਗਿਆ ਨਾ ਮਿਲਣ ਕਾਰਨ ਇਹਨਾਂ ਵਿਦਿਆਰਥੀਆਂ ਦੀ ਆਪਣੀ ਜੂਨ ਹੀ ਭਟਕਣ ਲੱਗ ਪਈ ਹੈ।

ਉਪਰੋਕਤ ਵੇਰਵਿਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਮਰੀਕਾ ਅਤੇ ਕੈਨੇਡਾ ਦੇ ਕਿਰਤ ਬਾਜ਼ਾਰਾਂ ਵਿੱਚ ਇਸ ਸਮੇਂ ਮੰਦੀ ਦਾ ਆਲਮ ਹੈ ਅਤੇ ਇਹਨਾਂ ਦੇਸ਼ਾਂ ਵਿੱਚ ਰੁਜ਼ਗਾਰ ਦੇ ਵਸੀਲੇ ਘੱਟ ਗਏ ਹਨ। ਕੈਨੇਡਾ ਅਤੇ ਅਮਰੀਕਾ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਬੇਰੁਜ਼ਗਾਰ ਹੋਏ ਪਰ ਵਰਕ ਪਰਮਿਟ ਲਈ ਯੋਗ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਵਰਕ ਪਰਮਿਟ ਦੇਣ ਅਤੇ ਉਹਨਾਂ ਦੇ ਰੁਜ਼ਗਾਰ ਲਈ ਯੋਗ ਉਪਰਾਲੇ ਕਰਨ।

# ਸਿੱਖਾਂ ਦੇ ਇਤਿਹਾਸਕ ਜ਼ਖ਼ਮਾਂ ਨੂੰ ਭਰਨ ਲਈ ਪਿਆਰ, ਨਿਆਂ ਅਤੇ ਭਾਵਨਾਤਮਕ ਅਪਣੱਤ ਦੀ ਲੋੜ



ਇਕਬਾਲ ਸਿੰਘ ਲਾਲਪੁਰਾ

ਸਿੱਖ ਪੰਥ ਦੀ ਸਿਰਜਣਾ ਮਨੁੱਖ ਤੋਂ ਦੇਵਤਾ ਵਜੋਂ ਕੀਤੀ ਗਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 1469 ਈਸਵੀ ਵਿੱਚ ਪ੍ਰਕਾਸ਼ ਤੋਂ ਲੈ ਕੇ ਅੱਜ ਤੱਕ ਸਿੱਖ ਕੌਮ ਨੇ ਅਧਿਆਤਮਿਕ ਉੱਚਾਈਆਂ, ਅਸਾਧਾਰਣ ਕੁਰਬਾਨੀਆਂ, ਰਾਜਨੀਤਿਕ ਉਥਲ-ਪੁਥਲ ਅਤੇ ਲਗਾਤਾਰ ਸੰਘਰਸ਼ ਦਾ ਸਾਹਮਣਾ ਕੀਤਾ ਹੈ। ਮਨੁੱਖਤਾ ਦੀ ਸੇਵਾ ਤੇ ਰਾਖੀ ਇਸ ਦੇਵਤਾ ਸੰਤ-ਸਿਪਾਹੀ ਸੰਕਲਪ ਦੀ ਬੁਨਿਆਦ ਹੈ, ਪਰ ਇਸ ਲੰਬੇ ਇਤਿਹਾਸ ਨੇ ਸਿੱਖ ਮਨੋਵਿਗਿਆਨ ਉੱਤੇ ਡੂੰਘਾ ਪ੍ਰਭਾਵ ਛੱਡਿਆ ਹੈ। ਅੱਜ ਜੇ ਸਿੱਖ ਕੌਮ ਦੇ ਕੁਝ ਹਿੱਸਿਆਂ ਵਿੱਚ ਅਵਿਸ਼ਵਾਸ, ਭਾਵਨਾਤਮਕ ਸੰਵੇਦਨਸ਼ੀਲਤਾ ਜਾਂ ਇਤਿਹਾਸਕ ਪੀੜਾ ਨਜ਼ਰ ਆਉਂਦੀ ਹੈ, ਤਾਂ ਇਸ ਨੂੰ ਕੇਵਲ ਵਰਤਮਾਨ ਰਾਜਨੀਤੀ ਦੇ ਸੰਦਰਭ ਵਿੱਚ ਨਹੀਂ, ਸਗੋਂ ਪਿਛਲੀਆਂ ਦੋ ਸਦੀਆਂ ਦੇ ਅਨੁਭਵਾਂ ਦੀ ਰੌਸ਼ਨੀ ਵਿੱਚ ਵੀ ਸਮਝਣ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦੀ ਜੋਤ ਵਜੋਂ ਦਰਸਾਉਂਦੇ ਹਨ। ਉਨ੍ਹਾਂ ਨੇ ਉਸ ਸਮੇਂ ਇੱਕ ਨਵਾਂ ਮਾਰਗ ਦਿਖਾਇਆ ਜਦੋਂ ਬਹੁਤੇ ਸੰਤ ਸੰਸਾਰ ਤਿਆਗ ਕੇ ਜੰਗਲਾਂ ਅਤੇ ਪਹਾੜਾਂ ਵਿੱਚ ਤਪੱਸਿਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਕਿ ਰਬ ਇੱਕ ਹੈ, ਉਹ ਹਰ ਮਨੁੱਖ ਦੇ ਅੰਦਰ ਵੱਸਦਾ ਹੈ ਅਤੇ ਉਸ ਦੀ ਪ੍ਰਾਪਤੀ ਗ੍ਰਿਹਸਥ ਜੀਵਨ ਜੀਉਂਦਿਆਂ ਨਾਮ ਸਿਮਰਨ, ਕਿਰਤ ਕਰਨ ਅਤੇ ਨਿਸ਼ਕਾਮ ਸੇਵਾ ਰਾਹੀਂ ਹੋ ਸਕਦੀ ਹੈ। ਉਨ੍ਹਾਂ ਨੇ ਮਨੁੱਖ ਨੂੰ ਨਿਡਰ, ਨਿਰਵੈਰ ਅਤੇ ਮਨੁੱਖੀ ਮਰਿਆਦਾ ਦੀ ਰੱਖਿਆ ਲਈ ਸਮਰਪਿਤ ਜੀਵਨ ਜੀਊਣ ਦਾ ਉਪਦੇਸ਼ ਦਿੱਤਾ।

ਅਗਲੇ ਨੌਂ ਗੁਰੂ ਸਾਹਿਬਾਨ ਨੇ ਇਸੇ ਫ਼ਲਸਫ਼ੇ ਨੂੰ ਅੱਗੇ ਵਧਾਇਆ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਸ਼ਹਾਦਤਾਂ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਦਿੱਤੀਆਂ ਗਈਆਂ ਵਿਸ਼ਵ ਇਤਿਹਾਸ ਦੀਆਂ ਮਹਾਨ ਕੁਰਬਾਨੀਆਂ ਹਨ। 1699 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਸੰਤ ਅਤੇ ਸਿਪਾਹੀ ਦੇ ਗੁਣਾਂ ਨਾਲ ਭਰਪੂਰ ਮਨੁੱਖ ਦੀ ਸਿਰਜਣਾ ਕੀਤੀ, ਜੋ ਅਨਿਆਂ ਦਾ ਵਿਰੋਧ ਕਰੇ ਅਤੇ ਸਮੁੱਚੀ ਮਨੁੱਖਤਾ ਦੀ ਰੱਖਿਆ ਲਈ ਆਪਣਾ ਜੀਵਨ ਸਮਰਪਿਤ ਕਰੇ। 1708 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰੂ ਦਾ ਦਰਜਾ ਦੇ ਕੇ ਉਨ੍ਹਾਂ ਨੇ ਗੁਰੂ ਪਰੰਪਰਾ ਨੂੰ ਅਮਰ ਰੂਪ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਾਲਮ ਹਾਕਮਾਂ ਨੂੰ ਸਜ਼ਾ ਦੇ ਕੇ 1710 ਵਿੱਚ ਖ਼ਾਲਸਾ ਰਾਜ ਦੀ ਨੀਂਹ ਰੱਖੀ। ਪਹਿਲੀ ਵਾਰ ਕਿਸਾਨਾਂ ਨੂੰ ਜ਼ਮੀਨ ਦੀ ਮਾਲਕੀ ਮਿਲੀ ਅਤੇ ਸਮਾਜਿਕ ਨਿਆਂ ਨੂੰ ਰਾਜ ਦਾ ਆਧਾਰ ਬਣਾਇਆ ਗਿਆ। ਇਸ ਤੋਂ ਬਾਅਦ ਨਵਾਬ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਮਿਸਲਾਂ ਨੇ ਲਗਾਤਾਰ ਸੰਘਰਸ਼ ਕਰਕੇ ਸਿੱਖ ਸ਼ਕਤੀ ਨੂੰ ਸੰਗਠਿਤ ਕੀਤਾ।

ਇਸ ਸੰਘਰਸ਼ ਦਾ ਸਿਖਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਇੱਕ ਅਜਿਹਾ ਧਰਮ-ਨਿਰਪੱਖ, ਨਿਆਂਪ੍ਰਬੰਧ ਅਤੇ ਸਹਿਣਸ਼ੀਲ ਰਾਜ ਕਾਇਮ ਕੀਤਾ ਜਿਸ ਵਿੱਚ ਹਰ ਧਰਮ ਦੇ ਲੋਕਾਂ ਨੂੰ ਬਰਾਬਰ ਦਾ ਸਨਮਾਨ ਮਿਲਿਆ। ਸਿੱਕੇ ਗੁਰੂ ਸਾਹਿਬਾਨ ਦੇ ਨਾਮ ਉੱਤੇ ਜਾਰੀ ਹੁੰਦੇ ਸਨ ਅਤੇ ਰਾਜ ਦਾ ਉਦੇਸ਼ ਕਿਸੇ ਇੱਕ ਧਰਮ ਦੀ ਸਰਵਉਚਤਾ ਨਹੀਂ, ਸਗੋਂ ਨਿਆਂਪੂਰਣ ਸ਼ਾਸਨ ਸੀ। ਇਹ ਸਿੱਖ ਰਾਜਨੀਤਿਕ ਦਰਸ਼ਨ ਦੀ ਸਭ ਤੋਂ ਉੱਚੀ ਪ੍ਰਾਪਤੀ ਸੀ।

ਪਰ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਅੰਦਰੂਨੀ ਫੁੱਟ ਨੇ ਸਾਮਰਾਜ ਨੂੰ ਕਮਜ਼ੋਰ ਕਰ ਦਿੱਤਾ। 1849 ਵਿੱਚ ਬਰਤਾਨਵੀ ਹਕੂਮਤ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਧਰਮ ਅਤੇ ਰਾਜ ਤੋਂ ਵੱਖ ਕਰ ਦਿੱਤਾ ਗਿਆ ਅਤੇ ਮਹਾਰਾਣੀ ਜਿੰਦ ਕੌਰ ਨੂੰ ਜਲਾਵਤਨ ਕਰ ਦਿੱਤਾ ਗਿਆ। ਇਹ ਕੇਵਲ ਰਾਜਨੀਤਿਕ ਹਾਰ ਨਹੀਂ ਸੀ; ਇਸ ਨੇ ਸਿੱਖ ਕੌਮ ਦੀ ਸਮੂਹਕ ਯਾਦ ਅਤੇ ਮਨੋਵਿਗਿਆਨ ਉੱਤੇ ਡੂੰਘਾ ਪ੍ਰਭਾਵ ਛੱਡਿਆ।

ਬਰਤਾਨਵੀ ਰਾਜ ਦੌਰਾਨ ਇੱਕ ਪਾਸੇ ਸਿੱਖਾਂ ਦੀ ਬਹਾਦਰੀ ਨੂੰ ਆਪਣੀ ਫੌਜ ਵਿੱਚ ਵਰਤਿਆ ਗਿਆ, ਜਦਕਿ ਦੂਜੇ ਪਾਸੇ ਸਿੱਖ ਪਹਿਚਾਣ ਨੂੰ ਕਮਜ਼ੋਰ ਕਰਨ ਵਾਲੀਆਂ ਕਈ ਧਾਰਾਵਾਂ ਸਰਗਰਮ ਰਹੀਆਂ। ਇਸਾਈ ਮਿਸ਼ਨਰੀਆਂ, ਮੁਸਲਿਮ ਲੀਗ, ਆਰੀਆ ਸਮਾਜ, ਬ੍ਰਹਮੋ ਸਮਾਜ ਅਤੇ ਹੋਰ ਅੰਦੋਲਨਾਂ ਨੇ ਸਿੱਖ ਧਰਮ ਦੀ ਸੁਤੰਤਰਤਾ ਉੱਤੇ ਸਵਾਲ ਉਠਾਏ। ਕਈ ਇਤਿਹਾਸਕ ਗੁਰਦੁਆਰੇ ਮਹੰਤਾਂ ਦੇ ਕਬਜ਼ੇ ਹੇਠ ਚਲੇ ਗਏ ਅਤੇ ਸਿੱਖ ਧਾਰਮਿਕ ਜੀਵਨ ਵਿੱਚ ਵਿਗਾੜ ਆਇਆ।

ਇਸ ਚੁਣੌਤੀ ਦਾ ਜਵਾਬ 1873 ਵਿੱਚ ਸਿੰਘ ਸਭਾ ਲਹਿਰ ਨੇ ਦਿੱਤਾ, ਜਿਸ ਨੇ ਸਿੱਖ ਪਹਿਚਾਣ ਅਤੇ ਗੁਰਮਤਿ ਦੇ ਪੁਨਰਜਾਗਰਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਨੇ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਵਾਇਆ ਅਤੇ 1925 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਇਹ ਸਿੱਖ ਇਤਿਹਾਸ ਦਾ ਮਹੱਤਵਪੂਰਨ ਮੋੜ ਸੀ।

ਪਰ ਇਸੇ ਸਮੇਂ ਸਿੱਖ ਲੀਡਰਸ਼ਿਪ ਬਰਤਾਨਵੀ ਹਮਾਇਤੀ ਅਤੇ ਕਾਂਗਰਸ ਹਮਾਇਤੀ ਧੜਿਆਂ ਵਿੱਚ ਵੰਡ ਗਈ। ਨਤੀਜੇ ਵਜੋਂ ਇੱਕ ਅਜਿਹੀ ਸੁਤੰਤਰ, ਦੂਰਅੰਦੇਸ਼ ਅਤੇ ਵਿਸ਼ਵ-ਪੱਧਰੀ ਸਿੱਖ ਲੀਡਰਸ਼ਿਪ ਵਿਕਸਿਤ ਨਾ ਹੋ ਸਕੀ ਜੋ ਸਿੱਖ ਫ਼ਲਸਫ਼ੇ, ਸਿੱਖਿਆ ਅਤੇ ਸੰਸਥਾਵਾਂ ਦੇ ਵਿਕਾਸ ਨੂੰ ਲੰਬੇ ਸਮੇਂ ਦੀ ਦਿਸ਼ਾ ਦੇ ਸਕਦੀ। ਇਸ ਦਾ ਪ੍ਰਭਾਵ ਅੱਗੇ ਚੱਲ ਕੇ ਆਜ਼ਾਦੀ ਤੋਂ ਬਾਅਦ ਵੀ ਮਹਿਸੂਸ ਕੀਤਾ ਗਿਆ।

ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸਿੱਖਾਂ ਦਾ ਯੋਗਦਾਨ ਉਨ੍ਹਾਂ ਦੀ ਗਿਣਤੀ ਨਾਲੋਂ ਕਈ ਗੁਣਾ ਵੱਧ ਸੀ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਹਜ਼ਾਰਾਂ ਸਿੱਖਾਂ ਨੇ ਆਜ਼ਾਦੀ ਲਈ ਆਪਣੇ ਪ੍ਰਾਣ ਨਿਛਾਵਰ ਕੀਤੇ। ਉਨ੍ਹਾਂ ਨੂੰ ਇਹ ਆਸ ਸੀ ਕਿ ਆਜ਼ਾਦ ਭਾਰਤ ਵਿੱਚ ਨਿਆਂ, ਬਰਾਬਰੀ ਅਤੇ ਧਾਰਮਿਕ ਆਜ਼ਾਦੀ ਦੇ ਉਹੀ ਆਦਰਸ਼ ਸਥਾਪਿਤ ਹੋਣਗੇ ਜਿਨ੍ਹਾਂ ਲਈ ਉਨ੍ਹਾਂ ਦੇ ਗੁਰੂਆਂ ਅਤੇ ਪੂਰਵਜਾਂ ਨੇ ਕੁਰਬਾਨੀਆਂ ਦਿੱਤੀਆਂ ਸਨ।

ਪਰ 1947 ਦੀ ਵੰਡ ਸਿੱਖ ਕੌਮ ਲਈ ਇੱਕ ਹੋਰ ਡੂੰਘਾ ਸਦਮਾ ਸਾਬਤ ਹੋਈ। ਲੱਖਾਂ ਸਿੱਖ ਆਪਣੇ ਪੁਰਖਿਆਂ ਦੀ ਧਰਤੀ, ਗੁਰਧਾਮਾਂ, ਘਰਾਂ ਅਤੇ ਜਾਇਦਾਦਾਂ ਤੋਂ ਵਾਂਝੇ ਹੋ ਗਏ। ਹਜ਼ਾਰਾਂ ਲੋਕ ਮਾਰੇ ਗਏ ਅਤੇ ਅਨੇਕਾਂ ਪਰਿਵਾਰ ਸਦਾ ਲਈ ਉਜੜ ਗਏ। ਇਹ ਸਿਰਫ਼ ਭੂਗੋਲਿਕ ਵੰਡ ਨਹੀਂ ਸੀ, ਸਗੋਂ ਸਿੱਖਾਂ ਦੀ ਇਤਿਹਾਸਕ ਯਾਦ ਅਤੇ ਸੱਭਿਆਚਾਰਕ ਵਿਰਾਸਤ ਦਾ ਵੀ ਵਿਛੋੜਾ ਸੀ।

ਆਜ਼ਾਦੀ ਤੋਂ ਬਾਅਦ ਵੀ ਸਿੱਖਾਂ ਨਾਲ ਸੰਬੰਧਿਤ ਕਈ ਮੁੱਦੇ ਲੰਬੇ ਸਮੇਂ ਤੱਕ ਵਿਵਾਦਾਂ ਦਾ ਵਿਸ਼ਾ ਬਣੇ ਰਹੇ। ਪੰਜਾਬੀ ਭਾਸ਼ਾ, ਪੰਜਾਬੀ ਸੂਬਾ, ਪਾਣੀਆਂ, ਚੰਡੀਗੜ੍ਹ ਅਤੇ ਕੇਂਦਰ-ਰਾਜ ਸੰਬੰਧਾਂ ਬਾਰੇ ਉੱਠੇ ਵਿਵਾਦਾਂ ਨੇ ਸਿੱਖ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ। ਦੂਜੇ ਪਾਸੇ, ਸਿੱਖ ਲੀਡਰਸ਼ਿਪ ਵੀ ਅਕਸਰ ਪੰਥਕ ਅਤੇ ਰਾਜਨੀਤਿਕ ਤਰਜੀਹਾਂ ਵਿਚਕਾਰ ਸੰਤੁਲਨ ਬਣਾਉਣ ਵਿੱਚ ਅਸਫਲ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸੰਸਥਾਵਾਂ, ਜੋ ਮੁੱਢਲੇ ਤੌਰ ’ਤੇ ਧਾਰਮਿਕ ਅਤੇ ਸਿੱਖਿਆਕ ਮਿਸ਼ਨ ਲਈ ਬਣੀਆਂ ਸਨ, ਉਨ੍ਹਾਂ ਉੱਤੇ ਰਾਜਨੀਤਿਕ ਪ੍ਰਭਾਵ ਵਧਦਾ ਗਿਆ। ਇਸ ਕਾਰਨ ਸਿੱਖ ਫ਼ਲਸਫ਼ੇ, ਇਤਿਹਾਸ, ਖੋਜ ਅਤੇ ਵਿਸ਼ਵ-ਪੱਧਰੀ ਪ੍ਰਚਾਰ ਨੂੰ ਉਹ ਤਰਜੀਹ ਨਾ ਮਿਲੀ ਜਿਸ ਦੀ ਲੋੜ ਸੀ।

ਇਸੇ ਦੌਰ ਵਿੱਚ ਕੁਝ ਸਿੱਖ ਨੌਜਵਾਨ ਅੰਤਰਰਾਸ਼ਟਰੀ ਕ੍ਰਾਂਤੀਕਾਰੀ ਅਤੇ ਕਮਿਊਨਿਸਟ ਵਿਚਾਰਧਾਰਾਵਾਂ ਦੇ ਪ੍ਰਭਾਵ ਹੇਠ ਵੀ ਆਏ। ਸਮਾਜਿਕ ਨਿਆਂ ਦੀ ਭਾਵਨਾ ਭਾਵੇਂ ਸਿੱਖ ਧਰਮ ਨਾਲ ਮੇਲ ਖਾਂਦੀ ਹੈ, ਪਰ ਨਾਸਤਿਕਤਾ ਗੁਰਮਤਿ ਦੇ ਮੂਲ ਅਧਿਆਤਮਕ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀ। ਇਸ ਕਾਰਨ ਕੁਝ ਵਰਗਾਂ ਵਿੱਚ ਵਿਚਾਰਧਾਰਕ ਉਲਝਣ ਪੈਦਾ ਹੋਈ। ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਮਨੁੱਖ ਨੂੰ ਕੇਵਲ ਇੱਕ ਚੰਗਾ ਨਾਗਰਿਕ ਬਣਾਉਣਾ ਨਹੀਂ, ਸਗੋਂ ਰੱਬੀ ਸੱਚ ਨਾਲ ਜੋੜ ਕੇ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਸੰਤ-ਸਿਪਾਹੀ ਬਣਾਉਣਾ ਸੀ। ਇਹ ਅਸਲ ਵਿਚ ਦੇਵਤੇ ਦੀ ਸਿਰਜਣਾ ਸੀ।

ਪਿਛਲੇ ਪੰਜਾਹ ਸਾਲਾਂ ਦੌਰਾਨ ਪੰਜਾਬ ਨੇ ਹਿੰਸਾ, ਦਹਿਸ਼ਤ ਤੇ ਬੇਗੁਨਾਹ ਲੋਕਾਂ ਦੀਆਂ ਮੌਤਾਂ ਦਾ ਇੱਕ ਦਰਦਨਾਕ ਦੌਰ ਵੇਖਿਆ। ਇਸ ਸਮੇਂ ਨੇ ਸਿੱਖ ਨੌਜਵਾਨਾਂ ਅਤੇ ਪਰਿਵਾਰਾਂ ਦੇ ਮਨਾਂ ਉੱਤੇ ਡੂੰਘੇ ਮਨੋਵਿਗਿਆਨਕ ਜ਼ਖ਼ਮ ਛੱਡੇ ਹਨ। ਕਿਸੇ ਵੀ ਨਿਰਦੋਸ਼ ਦੀ ਹੱਤਿਆ ਜਾਂ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਪਰ ਇਨ੍ਹਾਂ ਘਟਨਾਵਾਂ ਨੂੰ ਇਤਿਹਾਸਕ ਸੰਦਰਭ ਤੋਂ ਵੱਖ ਕਰਕੇ ਵੀ ਨਹੀਂ ਸਮਝਿਆ ਜਾ ਸਕਦਾ। ਨਿਆਂ ਵਿੱਚ ਦੇਰੀ, ਵਿਰੋਧੀ ਵਿਆਖਿਆਵਾਂ, ਆਪਸੀ ਅਵਿਸ਼ਵਾਸ ਅਤੇ ਰਾਜਨੀਤਿਕ ਧਰੁਵੀਕਰਨ ਨੇ ਕਈ ਨੌਜਵਾਨਾਂ ਵਿੱਚ ਨਿਰਾਸ਼ਾ ਅਤੇ ਭਰਮ ਨੂੰ ਜਨਮ ਦਿੱਤਾ।

ਅੱਜ ਦੀ ਲੋੜ ਟਕਰਾਅ ਨੂੰ ਵਧਾਉਣ ਦੀ ਨਹੀਂ, ਸਗੋਂ ਜ਼ਖ਼ਮਾਂ ਨੂੰ ਭਰਨ ਦੀ ਹੈ। ਲਗਭਗ ਦੋ ਸਦੀਆਂ ਦੇ ਇਤਿਹਾਸ ਨੇ ਇਹ ਸਿਖਾਇਆ ਹੈ ਕਿ ਸਥਾਈ ਸ਼ਾਂਤੀ ਕੇਵਲ ਸੁਰੱਖਿਆ ਉਪਾਵਾਂ ਨਾਲ ਨਹੀਂ, ਸਗੋਂ ਨਿਆਂ, ਸੱਚ, ਭਰੋਸੇ ਅਤੇ ਭਾਵਨਾਤਮਕ ਆਪਣੱਤ ਨਾਲ ਹੀ ਸਥਾਪਿਤ ਹੋ ਸਕਦੀ ਹੈ। ਸਿੱਖ ਕੌਮ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਦੇਸ਼ ਉਸ ਦੀਆਂ ਕੁਰਬਾਨੀਆਂ ਦਾ ਸਤਿਕਾਰ ਕਰਦਾ ਹੈ, ਉਸ ਦੀ ਪਹਿਚਾਣ ਦੀ ਰੱਖਿਆ ਕਰਦਾ ਹੈ ਅਤੇ ਉਸ ਨੂੰ ਰਾਸ਼ਟਰ-ਨਿਰਮਾਣ ਦਾ ਬਰਾਬਰ ਦਾ ਭਾਗੀਦਾਰ ਮੰਨਦਾ ਹੈ।

ਸਿੱਖ ਫ਼ਲਸਫ਼ੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਅਤੇ ਪ੍ਰਮਾਣਿਕ ਸਿੱਖ ਇਤਿਹਾਸ ਦਾ ਭਾਰਤ ਅਤੇ ਵਿਸ਼ਵ ਪੱਧਰ ਉੱਤੇ ਯੋਜਨਾਬੱਧ ਅਤੇ ਵਿਗਿਆਨਕ ਪ੍ਰਚਾਰ ਕੀਤਾ ਜਾਵੇ।

ਧਾਰਮਿਕ ਸੰਸਥਾਵਾਂ ਨੂੰ ਰਾਜਨੀਤਿਕ ਦਖ਼ਲ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਮੁੜ ਅਧਿਆਤਮਕਤਾ, ਸਿੱਖਿਆ, ਖੋਜ ਅਤੇ ਸਮਾਜ ਸੇਵਾ ਦੇ ਕੇਂਦਰ ਬਣਾਇਆ ਜਾਵੇ।

ਸਿੱਖ ਇਤਿਹਾਸ, ਗੁਰਮਤਿ, ਪੰਜਾਬੀ ਭਾਸ਼ਾ ਅਤੇ ਲੀਡਰਸ਼ਿਪ ਦੇ ਅਧਿਐਨ ਲਈ ਵਿਸ਼ਵ-ਪੱਧਰੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਸਥਾਪਿਤ ਕੀਤੀਆਂ ਜਾਣ।

ਸਿੱਖ ਨੌਜਵਾਨਾਂ ਨੂੰ ਉੱਚ ਸਿੱਖਿਆ, ਤਕਨਾਲੋਜੀ, ਖੋਜ, ਉਦਯੋਗ ਅਤੇ ਜਨ ਸੇਵਾ ਵਿੱਚ ਅੱਗੇ ਵਧਣ ਲਈ ਵਿਸ਼ੇਸ਼ ਮੌਕੇ ਪ੍ਰਦਾਨ ਕੀਤੇ ਜਾਣ।

ਪੰਥਕ ਮਤਭੇਦਾਂ ਨੂੰ ਸੰਵਾਦ, ਸਹਿਮਤੀ ਅਤੇ ਗੁਰੂ-ਕੇਂਦਰਿਤ ਦ੍ਰਿਸ਼ਟੀਕੋਣ ਰਾਹੀਂ ਹੱਲ ਕਰਕੇ ਸਮੂਹਕ ਲੀਡਰਸ਼ਿਪ ਨੂੰ ਮਜ਼ਬੂਤ ਕੀਤਾ ਜਾਵੇ।

ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸਿੱਖ ਸੰਸਥਾਵਾਂ ਵਿਚਕਾਰ ਨਿਰੰਤਰ ਅਤੇ ਸੰਸਥਾਗਤ ਸੰਵਾਦ ਦੀ ਵਿਵਸਥਾ ਹੋਵੇ ਤਾਂ ਜੋ ਲੰਬੇ ਸਮੇਂ ਤੋਂ ਲਟਕੇ ਮੁੱਦਿਆਂ ਦਾ ਸੰਵਿਧਾਨਕ ਅਤੇ ਸ਼ਾਂਤੀਪੂਰਨ ਹੱਲ ਲੱਭਿਆ ਜਾ ਸਕੇ।

ਪਿਛਲੇ ਦਹਾਕਿਆਂ ਦੀ ਹਿੰਸਾ ਨਾਲ ਪ੍ਰਭਾਵਿਤ ਸਾਰੇ ਪਰਿਵਾਰਾਂ ਲਈ ਨਿਆਂ, ਸੱਚਾਈ, ਸਨਮਾਨ ਅਤੇ ਪੁਨਰਵਿਸ਼ਵਾਸ ਦੀ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾਵੇ।

ਭਾਰਤ ਅਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਬੁੱਧੀਜੀਵੀਆਂ, ਵਿਦਵਾਨਾਂ, ਪੇਸ਼ੇਵਰਾਂ ਅਤੇ ਉਦਯੋਗਪਤੀਆਂ ਨੂੰ ਸਿੱਖ ਸਮਾਜ ਦੇ ਬੌਧਿਕ ਅਤੇ ਸਮਾਜਿਕ ਪੁਨਰ-ਨਿਰਮਾਣ ਨਾਲ ਜੋੜਿਆ ਜਾਵੇ।

(ਬਾਕੀ ਸਫ਼ਾ 27 ’ਤੇ)



# ਕਾਕਰੋਚ ਅੰਦੋਲਨ: ਸੱਤਾ ਅਤੇ ਪ੍ਰਸ਼ਾਸਨ ਨੂੰ ਨਵੀਂ ਚੁਣੌਤੀ

ਡਾ. ਪ੍ਰਿਯੰਕਾ ਸੌਰਭ

ਜਦੋਂ ਵੀ ਭਾਰਤ ਵਿੱਚ ਕੋਈ ਨਵਾਂ ਜਨ ਅੰਦੋਲਨ ਉੱਭਰਦਾ ਹੈ ਤਾਂ ਇਸਨੂੰ ਪੁਰਾਣੇ ਵਿਚਾਰਧਾਰਕ ਢਾਂਚੇ ਦੇ ਅੰਦਰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਾਕਰੋਚ ਅੰਦੋਲਨ ਨਾਲ ਬਿਲਕੁਲ ਇਹੀ ਹੋਇਆ ਸੀ। ਕੁਝ ਇਸਨੂੰ ਨੌਜਵਾਨਾਂ ਦੀ ਅਸੰਤੁਸ਼ਟੀ ਦੇ ਇੱਕ ਨਵੇਂ ਪ੍ਰਗਟਾਵੇ ਵਜੋਂ ਦੇਖਦੇ ਹਨ, ਜਦੋਂ ਕਿ ਦੂਸਰੇ ਇਸਨੂੰ ਗਾਂਧੀਵਾਦੀ ਪਰੰਪਰਾ ਦੇ ਪਰਛਾਵੇਂ ਵਿੱਚ ਪੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਪਰ ਸਵਾਲ ਇਹ ਹੈ: ਕੀ ਇਸ ਅੰਦੋਲਨ ਨੂੰ ਸੱਚਮੁੱਚ ਮਹਾਤਮਾ ਗਾਂਧੀ ਦੀ ਸਾਰਥਕਤਾ ਨਾਲ ਜੋੜਿਆ ਜਾ ਸਕਦਾ ਹੈ, ਜਾਂ ਇਹ ਸਿਰਫ ਇੱਕ ਆਕਰਸ਼ਕ ਪਰ ਸਤਹੀ ਤੁਲਨਾ ਹੈ?

ਇਸ ਸਵਾਲ ਦਾ ਜਵਾਬ ਨਾ ਤਾਂ ਪੂਰੀ ਤਰ੍ਹਾਂ ਹਾਂ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਨਹੀਂ। ਕਾਕਰੋਚ ਅੰਦੋਲਨ ਗਾਂਧੀਵਾਦੀ ਰਾਜਨੀਤੀ ਦੇ ਕੁਝ ਤੱਤਾਂ ਨੂੰ ਜ਼ਰੂਰ ਦਰਸਾਉਂਦਾ ਹੈ, ਪਰ ਇਸਦਾ ਸੁਭਾਅ, ਭਾਸ਼ਾ, ਮਾਧਿਅਮ ਅਤੇ ਵਿਚਾਰਧਾਰਕ ਢਾਂਚਾ ਗਾਂਧੀਵਾਦ ਤੋਂ ਸਪਸ਼ਟ ਤੌਰ 'ਤੇ ਵੱਖਰਾ ਹੈ। ਇਸ ਲਈ ਇਸਨੂੰ ਗਾਂਧੀ ਦੀ ਪਰੰਪਰਾ ਦਾ ਸਿੱਧਾ ਵਿਸਥਾਰ ਮੰਨਣ ਤੋਂ ਪਹਿਲਾਂ ਇਸਦੇ ਸੁਭਾਅ ਅਤੇ ਸੀਮਾਵਾਂ ਨੂੰ ਸਮਝਣਾ ਜ਼ਰੂਰੀ ਹੈ।

ਗਾਂਧੀਵਾਦੀ ਰਾਜਨੀਤੀ ਦੀ ਸਭ ਤੋਂ ਵੱਡੀ ਤਾਕਤ ਇਸਦਾ ਨੈਤਿਕ ਅਨੁਸ਼ਾਸਨ ਸੀ। ਸੱਚ, ਅਹਿੰਸਾ, ਸਵੈਸੰਜਮ, ਜਨਤਕ ਸੇਵਾ ਅਤੇ ਰਚਨਾਤਮਕ ਪ੍ਰੋਗਰਾਮ- ਇਹ ਸਿਰਫ ਰਾਜਨੀਤਿਕ ਨਾਅਰੇ ਨਹੀਂ ਸਨ, ਸਗੋਂ ਅੰਦੋਲਨ ਦੀ ਆਤਮਾ ਸਨ। ਗਾਂਧੀ ਲਈ ਸੰਘਰਸ਼ ਦਾ ਉਦੇਸ਼ ਸਿਰਫ ਸ਼ਕਤੀ ਦੀ ਤਬਦੀਲੀ ਨਹੀਂ ਸੀ, ਸਗੋਂ ਵਿਅਕਤੀ ਅਤੇ ਸਮਾਜ ਦੇ ਨੈਤਿਕ ਪਰਿਵਰਤਨ ਦੀ ਪ੍ਰਕਿਰਿਆ ਵੀ ਸੀ। ਇਹੀ ਕਾਰਨ ਹੈ ਕਿ ਉਸਦਾ ਅੰਦੋਲਨ ਸਾਧਨਾਂ ਅਤੇ ਟੀਚਿਆਂ ਵਿਚਕਾਰ ਡੂੰਘੀ ਇਕਸੁਰਤਾ ਨੂੰ ਦਰਸਾਉਂਦਾ ਹੈ।

ਇਸਦੇ ਉਲਟ ਕਾਕਰੋਚ ਅੰਦੋਲਨ ਦੀ ਸ਼ਕਤੀ ਇਸਦੇ ਵਿਅੰਗ, ਪ੍ਰਤੀਕਵਾਦ ਅਤੇ ਡਿਜਿਟਲ ਸਰਗਰਮੀ ਵਿੱਚ ਹੈ। ਇਹ ਅਜਿਹੇ ਸਮੇਂ ਉੱਭਰਿਆ ਹੈ ਜਦੋਂ ਅੱਜ ਦੀ ਨਵੀਂ ਪੀੜ੍ਹੀ ਰਵਾਇਤੀ ਰਾਜਨੀਤਿਕ ਭਾਸ਼ਾਵਾਂ ਤੋਂ ਆਪਣੇ ਆਪ ਨੂੰ ਦੂਰ ਕਰ ਰਹੀ ਹੈ ਅਤੇ ਸੋਸ਼ਲ ਮੀਡੀਆ, ਮੀਮਜ਼, ਡਿਜਿਟਲ ਮੁਹਿੰਮਾਂ ਅਤੇ ਜਨਤਕ ਪ੍ਰਦਰਸ਼ਨਾਂ ਰਾਹੀਂ ਆਪਣੀ ਅਸਹਿਮਤੀ ਦਰਜ ਕਰ ਰਹੀ ਹੈ। ਇਹ ਅੰਦੋਲਨ ਦਰਸਾਉਂਦਾ ਹੈ ਕਿ ਅੱਜ ਦੇ ਨੌਜਵਾਨ ਪੁਰਾਣੇ ਰਾਜਨੀਤਿਕ ਢਾਂਚੇ ਦੀ ਬਜਾਏ ਨਵੇਂ ਸੱਭਿਆਚਾਰਕ ਪ੍ਰਤੀਕਾਂ ਅਤੇ ਸੰਚਾਰ ਚੈਨਲਾਂ ਰਾਹੀਂ ਆਪਣੀ ਅਸੰਤੁਸ਼ਟੀ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਅਰਥ ਵਿੱਚ ਇਹ ਸਮਕਾਲੀ ਵਿਰੋਧ ਦੇ ਇੱਕ ਨਵੇਂ ਰੂਪ ਨੂੰ ਦਰਸਾਉਂਦਾ ਹੈ, ਨਾ ਕਿ ਰਵਾਇਤੀ ਸੱਤਿਆਗ੍ਰਹਿ ਦਾ ਦੁਹਰਾਓ। ਫਿਰ ਵੀ ਗਾਂਧੀਵਾਦੀ ਸੰਦਰਭ ਨਾਲ ਇਸਦੇ ਸੰਬੰਧ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ। ਗਾਂਧੀ ਜੀ ਨੇ ਆਮ ਨਾਗਰਿਕ ਨੂੰ ਰਾਜਨੀਤੀ ਦੇ ਕੇਂਦਰ ਵਿੱਚ ਰੱਖਿਆ। ਉਨ੍ਹਾਂ ਨੇ ਇਹ ਵਿਸ਼ਵਾਸ ਪੈਦਾ ਕੀਤਾ ਕਿ ਤਬਦੀਲੀ ਦੀ ਅਸਲ ਸ਼ਕਤੀ ਲੋਕਾਂ ਦੀ ਚੇਤਨਾ, ਕਿਰਤ ਅਤੇ ਨੈਤਿਕ ਹਿੰਮਤ ਵਿੱਚ ਹੈ। ਕਾਕਰੋਚ ਅੰਦੋਲਨ ਇਸ ਪੱਖੋਂ ਵੀ ਮਹੱਤਵਪੂਰਨ ਹੈ ਕਿ ਇਸਨੇ ਨੌਜਵਾਨਾਂ ਦੀ ਬੇਰੁਜ਼ਗਾਰੀ, ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ, ਸੰਸਥਾਗਤ ਜਵਾਬਦੇਹੀ ਅਤੇ ਸ਼ਾਸਨ ਪ੍ਰਤੀ ਵਧਦੇ ਅਵਿਸ਼ਵਾਸ ਵਰਗੇ ਮੁੱਦਿਆਂ ਨੂੰ ਜਨਤਕ ਚਰਚਾ ਦੇ ਕੇਂਦਰ ਵਿੱਚ ਲਿਆਂਦਾ। ਇਸ ਪੱਧਰ 'ਤੇ ਇਸਨੇ ਜਨਤਕ ਭਾਗੀਦਾਰੀ ਦੀ ਉਹੀ ਊਰਜਾ ਪੈਦਾ ਕੀਤੀ, ਜਿਸਨੂੰ ਗਾਂਧੀਵਾਦੀ ਰਾਜਨੀਤੀ ਦਾ ਮੁੱਖ ਤੱਤ ਮੰਨਿਆ ਜਾਂਦਾ ਹੈ।



ਪਰ ਇਹ ਉਹ ਥਾਂ ਹੈ ਜਿੱਥੇ ਸਭ ਤੋਂ ਮਹੱਤਵਪੂਰਨ ਅੰਤਰ ਉੱਭਰਦਾ ਹੈ। ਗਾਂਧੀ ਲ, ਸਾਧਨਾਂ ਦੀ ਸ਼ੁੱਧਤਾ ਸਭ ਤੋਂ ਮਹੱਤਵਪੂਰਨ ਸੀ। ਉਹ ਮੰਨਦੇ ਸਨ ਕਿ ਧਰਮੀ ਉਦੇਸ਼ਾਂ ਨੂੰ ਗਲਤ ਸਾਧਨਾਂ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਕਾਕਰੋਚ ਅੰਦੋਲਨ ਦਾ ਸੁਰ ਵਧੇਰੇ ਤਿੱਖਾ, ਵਿਅੰਗਮਈ ਅਤੇ ਤੁਰੰਤ ਹੈ। ਇਹ ਸਥਾਪਨਾ ਨੂੰ ਚੁਣੌਤੀ ਦਿੰਦਾ ਹੈ, ਪਰ ਸਵੈਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਵਿਚਾਰਧਾਰਕ ਸੰਜਮ 'ਤੇ ਜ਼ੋਰ ਨਹੀਂ ਦਿੰਦਾ ਜਿਵੇਂ ਕਿ ਗਾਂਧੀ ਨੇ ਕੀਤਾ ਸੀ। ਇਸਦੀ ਭਾਸ਼ਾ ਵਿਰੋਧ ਦੀ ਹੈ, ਤਪੱਸਿਆ ਦੀ ਨਹੀਂ। ਇਸ ਲਈ ਇਸਨੂੰ ਇੱਕ ਸੰਪੂਰਨ ਗਾਂਧੀਵਾਦੀ ਕਹਿਣਾ ਇਸਦੀ ਵਿਲੱਖਣ ਪਛਾਣ ਨੂੰ ਧੁੰਦਲਾ ਕਰ ਦਿੰਦਾ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਗਾਂਧੀਵਾਦ ਸਿਰਫ ਵਿਰੋਧ ਦੀ ਰਾਜਨੀਤੀ ਨਹੀਂ ਸੀ। ਇਸ ਵਿੱਚ ਪਿੰਡ ਦੇ ਸਵੈਸ਼ਾਸਨ, ਸਵਦੇਸ਼ੀ, ਕਿਰਤ ਦਾ ਮਾਣ, ਸਮਾਜਿਕ ਸਦਭਾਵਨਾ, ਫਿਰਕੂ ਸਦਭਾਵਨਾ ਅਤੇ ਰਚਨਾਤਮਕ ਰਾਸ਼ਟਰ-ਨਿਰਮਾਣ ਦੇ ਵਿਆਪਕ ਸੰਕਲਪ ਸ਼ਾਮਲ ਸਨ। ਇਸਦੇ ਉਲਟ, ਕਾਕਰੋਚ ਅੰਦੋਲਨ ਦਾ ਮੌਜੂਦਾ ਧਿਆਨ ਮੁੱਖ ਤੌਰ 'ਤੇ ਸਿੱਖਿਆ, ਰੁਜ਼ਗਾਰ, ਨੌਜਵਾਨਾਂ ਦੀਆਂ ਇੱਛਾਵਾਂ ਅਤੇ ਸੰਸਥਾਗਤ ਜਵਾਬਦੇਹੀ ਤਕ ਸੀਮਿਤ ਜਾਪਦਾ ਹੈ। ਇਸ ਲਈ ਇਸਨੂੰ ਗਾਂਧੀਵਾਦ ਵਰਗਾ ਇੱਕ ਵਿਆਪਕ ਸਮਾਜਿਕ ਪ੍ਰੋਜੈਕਟ ਕਹਿਣਾ ਸਮੇਂ ਤੋਂ ਪਹਿਲਾਂ ਹੋਵੇਗਾ। ਫਿਰ ਵੀ ਦੋਵਾਂ ਵਿੱਚ ਇੱਕ ਡੂੰਘੀ ਸਮਾਨਤਾ ਹੈ - ਦੋਵੇਂ ਜਨਤਾ ਦੀ ਚੁੱਪ ਤੋੜਦੇ ਹਨ। ਗਾਂਧੀ ਨੇ ਆਮ ਭਾਰਤੀਆਂ ਨੂੰ ਬਸਤੀਵਾਦੀ ਸ਼ਾਸਨ ਵਿਰੁੱਧ ਬੋਲਣਾ ਸਿਖਾਇਆ। ਅੱਜ ਦਾ ਅੰਦੋਲਨ ਨੌਜਵਾਨਾਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਅਸੰਤੁਸ਼ਟੀ ਸਿਰਫ ਨਿੱਜੀ ਨਿਰਾਸ਼ਾ ਨਹੀਂ ਹੈ; ਇਸਨੂੰ ਲੋਕਤੰਤਰੀ ਪ੍ਰਗਟਾਵਾ ਵੀ ਦਿੱਤਾ ਜਾ ਸਕਦਾ ਹੈ। ਜਦੋਂ ਨੌਜਵਾਨਾਂ ਦੇ ਮੁੱਦਿਆਂ ਨੂੰ ਡਿਜਿਟਲ ਪਲੇਟਫਾਰਮਾਂ, ਜਨਤਕ ਪ੍ਰਦਰਸ਼ਨਾਂ ਅਤੇ ਸਮਾਜਿਕ ਸੰਵਾਦ ਰਾਹੀਂ ਅਵਾਜ਼ ਦਿੱਤੀ ਜਾਂਦੀ ਹੈ ਤਾਂ ਇਹ ਲੋਕਤੰਤਰ ਦੀ ਜੀਵਨਸ਼ਕਤੀ ਦਾ ਸੰਕੇਤ ਦਿੰਦਾ ਹੈ। ਰਾਜਨੀਤੀ ਖਤਮ ਨਹੀਂ ਹੋਈ ਹੈ; ਇਸਨੇ ਸਿਰਫ ਨਵੇਂ ਮਾਧਿਅਮ ਅਤੇ ਨਵੇਂ ਪ੍ਰਤੀਕ ਲੱਭ ਲਏ ਹਨ।

ਇਸ ਲਈ ਇੱਥੇ ਗਾਂਧੀਵਾਦ ਦੀ ਸਾਰਥਕਤਾ ਸਿੱਧੀ ਪ੍ਰੇਰਨਾ ਵਜੋਂ ਘੱਟ ਅਤੇ ਨੈਤਿਕ ਮਾਪਦੰਡ ਵਜੋਂ ਵਧੇਰੇ ਮਹੱਤਵਪੂਰਨ ਹੈ। ਸਵਾਲ ਇਹ ਨਹੀਂ ਹੋਣਾ ਚਾਹੀਦਾ ਕਿ ਕਾਕਰੋਚ ਅੰਦੋਲਨ ਗਾਂਧੀਵਾਦੀ ਹੈ ਜਾਂ ਨਹੀਂ; ਸਗੋਂ ਕੀ ਇਹ ਲੋਕਾਂ ਦੀ ਨੈਤਿਕ ਚੇਤਨਾ ਨੂੰ ਜਗਾਉਂਦਾ ਹੈ। ਕੀ ਇਹ ਸਿਰਫ ਅਸੰਤੋਸ਼ ਦਾ ਇੱਕ ਪਲ ਭਰ ਦਾ ਵਿਸਫੋਟ ਹੈ ਜਾਂ ਇਹ ਕਿਸੇ ਲੰਬੇ ਸਮੇਂ ਦੇ ਸਮਾਜਿਕ ਬਦਲਾਅ ਲਈ ਜ਼ਮੀਨ ਤਿਆਰ ਕਰ ਰਿਹਾ ਹੈ? ਕੀ ਇਸਦੀ ਵਿਅੰਗਮਈ ਸ਼ਕਤੀ ਲੋਕਤੰਤਰੀ ਸੁਧਾਰਾਂ ਵਿੱਚ ਅਨੁਵਾਦ ਕਰੇਗੀ?

ਸਮਾਂ ਇਨ੍ਹਾਂ ਸਵਾਲਾਂ ਦੇ ਜਵਾਬ ਦੇਵੇਗਾ। ਫਿਲਹਾਲ ਇਹ ਕਿਹਾ ਜਾ ਸਕਦਾ ਹੈ ਕਿ ਇਸ ਅੰਦੋਲਨ ਨੂੰ ਗਾਂਧੀ ਜੀ ਨਾਲ ਜੋੜਨਾ ਅੰਸ਼ਕ ਤੌਰ 'ਤੇ ਜਾਇਜ਼ ਹੈ ਜੇਕਰ ਅਸੀਂ ਇਸਨੂੰ ਜਨਤਕ ਭਾਗੀਦਾਰੀ, ਸਿਵਲ ਅਸਹਿਮਤੀ ਅਤੇ ਜਵਾਬਦੇਹੀ ਦੀ ਮੰਗ ਦੇ ਸੰਦਰਭ ਵਿੱਚ ਦੇਖਦੇ ਹਾਂ। ਹਾਲਾਂਕਿ ਜਦੋਂ ਸੱਤਿਆਗ੍ਰਹਿ, ਅਹਿੰਸਾ, ਸਵੈਸੰਜਮ ਅਤੇ ਨੈਤਿਕ ਪੁਨਰ ਨਿਰਮਾਣ ਦੇ ਮਾਪਦੰਡਾਂ ਦੇ ਵਿਰੁੱਧ ਨਿਰਣਾ ਕੀਤਾ ਜਾਂਦਾ ਹੈ ਤਾਂ ਇਹ ਗਾਂਧੀਵਾਦ ਤੋਂ ਵੱਖਰਾ ਜਾਪਦਾ ਹੈ। ਇਹ ਗਾਂਧੀ ਦਾ ਉੱਤਰਾਧਿਕਾਰੀ ਨਹੀਂ ਹੈ, ਸਗੋਂ ਡਿਜਿਟਲ ਯੁਗ ਦੇ ਨਵੇਂ ਵਿਰੋਧ ਸੱਭਿਆਚਾਰ ਦਾ ਪ੍ਰਤੀਨਿਧੀ ਹੈ।

ਸਿੱਟੇ ਵਜੋਂ ਕਿਸੇ ਵੀ ਜਨਤਕ ਅੰਦੋਲਨ ਦਾ ਮੁਲਾਂਕਣ ਸਿਰਫ ਇਸਦੇ ਪ੍ਰਤੀਕਾਂ ਜਾਂ ਪ੍ਰਸਿੱਧੀ ਦੁਆਰਾ ਨਹੀਂ, ਸਗੋਂ ਇਸਦੇ ਉਦੇਸ਼, ਸਾਧਨਾਂ, ਨੈਤਿਕਤਾ ਅਤੇ ਲੰਬੇ ਸਮੇਂ ਦੇ ਪ੍ਰਭਾਵ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਜੇਕਰ ਕੋਈ ਅੰਦੋਲਨ ਜਨਤਾ ਨੂੰ ਜਗਾਉਂਦਾਹੈ, ਸੱਤਾ ਤੋਂ ਜਵਾਬਦੇਹੀ ਦੀ ਮੰਗ ਕਰਦਾ ਹੈ, ਅਤੇ ਲੋਕਤੰਤਰੀ ਭਾਗੀਦਾਰੀ ਨੂੰ ਮਜ਼ਬੂਤ ਕਰਦਾ ਹੈ, ਤਾਂ ਇਹ ਯਕੀਨੀ ਤੌਰ 'ਤੇ ਗਾਂਧੀਵਾਦੀ ਵਿਰਾਸਤ ਦੇ ਕੁਝ ਤੱਤਾਂ ਨੂੰ ਛੂੰਹਦਾ ਹੈ। ਹਾਲਾਂਕਿ ਜੇਕਰ ਇਸ ਵਿੱਚ ਸਚਾਈ, ਅਹਿੰਸਾ, ਸਵੈ-ਅਨੁਸ਼ਾਸਨ ਅਤੇ ਰਚਨਾਤਮਕ ਸਮਾਜਿਕ ਤਬਦੀਲੀ ਦੇ ਵਿਆਪਕ ਦ੍ਰਿਸ਼ਟੀਕੋਣ ਦੀ ਘਾਟ ਹੈ, ਤਾਂ ਇਸਨੂੰ ਗਾਂਧੀਵਾਦ ਦਾ ਵਿਸਥਾਰ ਕਹਿਣਾ ਉਚਿਤ ਨਹੀਂ ਹੋਵੇਗਾ। ਇਸ ਲਈ ਅਖੌਤੀ ਕਾਕਰੋਚ ਅੰਦੋਲਨ ਨੂੰ ਗਾਂਧੀਵਾਦ ਦੇ ਪੁਨਰ ਜਨਮ ਵਜੋਂ ਨਹੀਂ, ਸਗੋਂ ਡਿਜਿਟਲ ਯੁਗ ਦੇ ਇੱਕ ਨਵੇਂ ਵਿਰੋਧ ਸੱਭਿਆਚਾਰ ਵਜੋਂ ਸਮਝਣਾ ਵਧੇਰੇ ਉਚਿਤ ਹੋਵੇਗਾ। ਇਤਿਹਾਸ ਫੈਸਲਾ ਕਰੇਗਾ ਕਿ ਇਹ ਇੱਕ ਪਲ ਦਾ ਅਸੰਤੋਸ਼ ਸੀ ਜਾਂ ਲੋਕਤੰਤਰੀ ਚੇਤਨਾ ਵਿੱਚ ਇੱਕ ਸਥਾਈ ਅਧਿਆਇ।

# ਕਦੋਂ ਜਵਾਬਦੇਹ ਬਣਨਗੇ ਸਾਡੇ ਨੇਤਾ ?



ਦਰਬਾਰਾ ਸਿੰਘ ਕਾਹਲੋਂ

ਅਗਸਤ, 1956 ਦੀ ਘਟਨਾ ਹੈ, ਜਦੋਂ ਆਂਧਰਾ ਪ੍ਰਦੇਸ਼ ਅੰਦਰ ਇੱਕ ਰੇਲ ਹਾਦਸੇ 'ਚ 112 ਯਾਤਰੀ ਮਾਰੇ ਗਏ। ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਉਦੋਂ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਕੈਬਿਨਟ 'ਚ ਰੇਲ ਮੰਤਰੀ ਹੁੰਦੇ ਸਨ। ਉਹਨਾਂ ਨੇ ਇਸ ਦਰਦਨਾਕ ਹਾਦਸੇ ਦੀ ਨੈਤਿਕ ਤੌਰ 'ਤੇ ਜਿੰਮੇਵਾਰੀ ਲੈਂਦੇ ਹੋਏ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਪਰ ਪੰਡਿਤ ਨਹਿਰੂ ਨੇ ਸਵੀਕਾਰ ਨਹੀਂ ਕੀਤਾ ਅਤੇ ਉਹਨਾਂ ਨੂੰ ਕੰਮ ਜਾਰੀ ਰੱਖਣ ਲਈ ਕਿਹਾ।

ਨਵੰਬਰ 23,1956 ਨੂੰ ਤਾਮਿਲਨਾਡੂ ਅੰਦਰ ਇੱਕ ਰੇਲਵੇ ਪੁਲ ਡਿਗਣ ਕਰਕੇ ਹੋਏ ਹਾਦਸੇ 'ਚ 140 ਲੋਕ ਮਰ ਗਏ। ਇਸ ਵਾਰ ਸ਼ਾਸਤਰੀ ਨੇ ਨਾ ਸਿਰਫ ਨੈਤਿਕ ਜਿੰਮੇਵਾਰੀ ਲੈਂਦੇ ਆਪਣਾ ਅਸਤੀਫ਼ਾ ਪ੍ਰਧਾਨ ਮੰਤਰੀ ਨੂੰ ਭੇਜਿਆ ਬਲਕਿ ਜ਼ਿਦ ਕੀਤੀ ਕਿ ਉਹਨਾਂ ਦਾ ਅਸਤੀਫ਼ਾ ਹਰ ਹਾਲਤ 'ਚ ਮਨਜ਼ੂਰ ਕਰ ਲਿਆ ਜਾਵੇ। ਨੀਟ ਇਮਤਿਹਾਨ ਸਬੰਧੀ ਲੀਕ ਪੇਪਰ ਦੇ ਪ੍ਰਸ਼ਨ 'ਤੇ ਜੇਕਰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਆਪਣੀ ਨੈਤਿਕ ਜਿੰਮੇਵਾਰੀ ਲੈਂਦਿਆਂ ਆਪਣਾ ਅਸਤੀਫ਼ਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੌਂਪ ਦਿੰਦੇ ਤਾਂ ਕਾਕਰੋਚ ਜਨਤਾ ਪਾਰਟੀ ਅਤੇ ਵਿਰੋਧੀ ਧਿਰ ਵੱਲੋਂ ਵਿਰੋਧ ਅਤੇ ਐੱਨ.ਡੀ.ਏ. ਸਰਕਾਰ ਲਈ ਪਰੇਸ਼ਾਨੀਆਂ ਪੈਦਾ ਨਾ ਹੁੰਦੀਆਂ। ਦੇਸ਼ ਵਿਦੇਸ਼ ਅੰਦਰ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦਾ ਇਸ ਕਦਰ ਜਨਾਜਾ ਨਾ ਨਿਕਲਦਾ। ਕਿਸੇ ਵੀ ਲੋਕਤੰਤਰ ਦੀ ਖ਼ੂਬਸੂਰਤੀ ਉਸ ਦੀ ਸਰਕਾਰ ਦੀ ਪਾਰਦਰਸ਼ੀ ਅਤੇ ਇਮਾਨਦਾਰੀ ਵਾਲੀ ਜਵਾਬਦੇਹੀ 'ਤੇ ਟਿਕੀ ਹੋਈ ਹੁੰਦੀ ਹੈ। ਇਸੇ ਅਸੂਲ 'ਤੇ ਚੱਲਦੇ ਪੱਛਮੀ ਦੇਸ਼ਾਂ ਦੇ ਲੋਕਤੰਤਰ ਸਿਸਟਮ ਨੂੰ ਸਲਾਹਿਆ ਜਾਂਦਾ ਹੈ। ਸੱਚ ਸਾਹਮਣੇ ਹੈ ਕਿ ਕਿਵੇਂ ਲੋਕਤੰਤਰ ਅੰਦਰ ਜਵਾਬਦੇਹੀ ਸਿਸਟਮ ਦੀ ਖ਼ੂਬਸੂਰਤੀ ਨੂੰ ਕਾਇਮ ਰੱਖਣ ਲਈ ਵਿਸ਼ਵ ਦੀ ਸਭ ਤੋਂ ਪੁਰਾਣੇ ਬ੍ਰਿਟਿਸ਼ ਲੋਕਤੰਤਰ ਅੰਦਰ 10 ਸਾਲਾਂ 'ਚ 7 ਪ੍ਰਧਾਨ ਮੰਤਰੀ ਬਦਲੇ ਗਏ। ਸੱਤਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਆਪਣੇ ਸਾਬਕਾ ਅਧਿਕਾਰੀ ਲੇਬਰ ਪਾਰਟੀ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਅਸਤੀਫ਼ਾ ਦੇਣ ਤੇ ਉਸੇ ਦਿਨ 20 ਜੁਲਾਈ, 2026 ਨੂੰ ਆਪਣਾ ਅਹੁਦਾ ਸੰਭਾਲ ਲਿਆ। ਇਸੇ ਮਹੀਨੇ ਪਿਛਲੇ ਦਿਨੀਂ ਕੈਨੇਡਾ ਦੇ ਓਨਟਾਰੀਓ ਰਾਜ ਦੇ ਮੁੱਖ ਮੰਤਰੀ ਡਗ ਫੋਰਡ ਦੀ ਕੈਬਨਿਟ ਦੇ ਦੋ ਮੰਤਰੀਆਂ ਨੂੰ ਵਿੱਤੀ ਬੇਨਿਯਮੀਆ ਕਰਕੇ ਗ਼ਲਤੀਆਂ ਸਵੀਕਾਰਦੇ ਆਪਣੇ ਅਹੁਦਿਆਂ ਤੋਂ ਅਸਤੀਫੇ? ਸੌਂਪਣੇ ਪਏ ਅਤੇ ਕਈ ਵਿਧਾਇਕਾਂ ਨੂੰ ਵਿੱਤੀ ਬੇਨਮੀਆਂ ਕਰਕੇ ਖ਼ਰਚ ਕੀਤੇ ਡਾਲਰ ਵਾਪਸ ਖਜ਼ਾਨੇ 'ਚ ਜਮ੍ਹਾਂ ਕਰਾਉਣੇ ਪਏ।

ਦਰਅਸਲ, ਓਨਟਾਰੀਓ ਸੂਬੇ ਦੀ ਟੋਰਾਂਟੋ ਸਥਿਤ ਕੁਵੀਨਜ਼ ਪਾਰਕ ਅਸੈਂਬਲੀ ਦਾ ਇਹ ਅਸੂਲ ਹੈ ਕਿ ਜੋ ਵਿਧਾਇਕ ਇਸਦੇ 50 ਕਿਲੋਮੀਟਰ ਘੇਰੇ ਦੇ ਹਲਕਿਆਂ ਦੀ ਨੁਮਾਇੰਦਗੀ ਕਰਦੇ ਹਨ, ਉਹਨਾਂ ਨੂੰ ਅਸੈਂਬਲੀ ਸੈਸ਼ਨ 'ਚ ਸ਼ਾਮਿਲ ਹੋਣ ਲਈ ਨੇੜੇ ਦੇ ਹੋਟਲਾਂ 'ਚ ਰਾਤ ਨੂੰ ਠਹਿਰਨ ਸਬੰਧੀ ਕੋਈ ਭੱਤੇ ਨਹੀਂ ਮਿਲਣਗੇ। ਸਿਰਫ਼ ਮੌਸਮ ਖ਼ਰਾਬ, ਟਰੈਫਿਕ ਜਾਮ, ਟੋਰਨੇਡੋ ਚੇਤਾਵਨੀ ਜਾਂ ਐਮਰਜੈਂਸੀ ਹੋਣ ਕਰਕੇ ਹੀ ਅਜਿਹੀ ਇਜਾਜ਼ਤ ਹੋਵੇਗੀ। ਮੁੱਖ ਮੰਤਰੀ ਡਗ ਫੋਰਡ ਦੇ ਕੈਬਿਨਟ 'ਚ, ਟੂਰਿਜ਼ਮ ਕਲਚਰ ਅਤੇ ਗੇਮਿੰਗ ਮੰਤਰੀ ਸਟਾਨ ਚੋਅ ਦਾ ਅਸੈਂਬਲੀ ਹਲਕਾ ਵਿਲੋਡੇਲ ਅਸੈਬਲੀ ਤੋਂ 6 ਕਿਲੋਮੀਟਰ ਤੋਂ ਘੱਟ ਦੂਰੀ 'ਤੇ ਪੈਂਦਾ ਹੈ ਪਰ ਉਸ ਨੇ ਨਿਯਮਾਂ ਦੇ ਪਰਖਚੇ ਉਡਾਉਂਦੇ ਟਰਾਂਟੋ ਵਿਖੇ ਹੋਟਲ ਕਮਰੇ ਬੁੱਕ ਕਰ ਕੇ ਮੌਜ਼-ਮਸਤੀ ਕਰਦਿਆਂ ਜਨਤਕ ਟੈਕਸਾਂ ਤੋਂ ਪ੍ਰਾਪਤ 16203 ਡਾਲਰ ਪਿਛਲੇ ਤਿੰਨ ਸਾਲਾਂ 'ਚ ਖ਼ਰਚ ਕਰ ਦਿੱਤੇ। ਮੁੱਖ ਮੰਤਰੀ ਨੇ ਸਪੱਸ਼ਟ ਕਿਹਾ ਕਿ ਅਜਿਹਾ ਗ਼ੈਰ-ਕਾਨੂੰਨੀ ਖ਼ਰਚਾ ਬਿਲਕੁਲ ਬਰਦਾਸ਼ਤ ਤੋਂ ਬਾਹਰ ਹੈ। ਸਟਾਨ ਚੋਅ ਨੇ ਆਪਣੀ ਗ਼ਲਤੀ ਸਵੀਕਾਰ ਕਰਦੇ ਕੈਬਨਿਟ ਤੋਂ ਆਪਣਾ ਅਸਤੀਫ਼ਾ ਦੇ ਦਿੱਤਾ, ਜੋ ਮੁੱਖ ਮੰਤਰੀ ਨੇ ਸਵੀਕਾਰ ਕਰ ਲਿਆ ਪਰ ਉਹਨਾਂ ਇਹ ਵੀ ਕਿਹਾ ਕਿ ਉਹ ਪ੍ਰੋਵਿਨਸ਼ੀਅਲ ਪਾਰਲੀਮੈਂਟ (ਵਿਧਾਨ ਸਭਾ) 'ਚ ਵਿਲੋਡੇਲ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਦਾ ਰਹੇਗਾ। ਇਵੇਂ ਰਾਜ ਦੇ ਕੈਬਨਿਟ ਮੰਤਰੀ ਵਜੋਂ, ਜੋ ਉਹ 240, 975 ਡਾਲਰ ਤਨਖ਼ਾਹ ਭੱਤੇ ਪ੍ਰਤੀ ਸਾਲ ਵਸੂਲ ਕਰਦਾ ਸੀ, ਹੁਣ 163, 275 ਡਾਲਰ ਪ੍ਰਤੀ ਸਾਲ ਬਤੌਰ ਵਿਧਾਇਕ ਪ੍ਰਾਪਤ ਕਰੇਗਾ। ਉਸ ਨੇ ਸਾਫ਼ ਕਿਹਾ ਕਿ ਉਸ ਨੇ ਇਹ ਗ਼ਲਤੀ ਕੀਤੀ ਹੈ, ਜਿਸ ਦੀ ਉਹ ਪੂਰੀ ਜਿੰਮੇਵਾਰੀ ਲੈਂਦਾ ਹੈ ਅਤੇ ਉਹ ਨਹੀਂ ਚਾਹੁੰਦਾ ਕਿ ਰਾਜ ਦੇ ਵਿਕਾਸ ਯੋਜਨਾ ਸਬੰਧੀ ਆਰਥਿਕਤਾ, ਲੋਕਾਂ ਤੇ ਸੁਰੱਖਿਅਤ ਜੀਵਨ ਅਤੇ ਇਸ ਰਾਜ ਦੀ ਵਿਕਾਸਮਈ ਉਸਾਰੀ 'ਤੇ ਕੋਈ ਫ਼ਰਕ ਪਵੇ ਪਰ ਚੋਅ 'ਤੇ ਆਪਣੇ ਹਲਕੇ ਦੀ ਐਸੋਸੀਏਸ਼ਨ ਰਾਹੀਂ ਖਾਣ-ਪੀਣ ਅਤੇ ਮੌਜ਼-ਮਸਤੀ ਲਈ ਇਕ ਲੱਖ ਡਾਲਰ ਖ਼ਰਚਣ ਦੇ ਦੋਸ਼ ਹਨ, ਜਿਨ੍ਹਾਂ 'ਚ ਟਰਾਂਟੋ ਬਲੂ ਜੇਅਜ ਮੀਟਿੰਗ 'ਚ ਖ਼ਰਚੇ 6970 ਡਾਲਰ ਵੀ ਸ਼ਾਮਿਲ ਹਨ। ਦੂਸਰੇ ਪਾਸੇ ਮੁੱਖ ਮੰਤਰੀ ਡਗ ਫੋਰਡ ਨੇ ਬੜੀ ਸਖ਼ਤੀ ਨਾਲ ਹੁਕਮ ਦਿੱਤੇ ਕਿ ਜੋ ਵੀ ਮੰਤਰੀ ਅਤੇ ਵਿਧਾਇਕ ਗ੍ਰੇਟਰ ਟਰਾਂਟੋ ਖੇਤਰ ਦੇ ਹਲਕਿਆਂ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਜਿਨ੍ਹਾਂ ਨੇ 120000 ਡਾਲਰ ਕਰੀਬ ਜਨਤਕ ਟੈਕਸਾਂ ਦੇ ਪੈਸੇ ਪਿਛਲੇ ਤਿੰਨ ਸਾਲਾਂ 'ਚ ਹੋਟਲਾਂ ਦੀ ਅਦਾਇਗੀ ਲਈ ਖ਼ਰਚੇ ਹਨ, ਵਾਪਸ ਖ਼ਜ਼ਾਨੇ 'ਚ ਜਮ੍ਹਾਂ ਕਰਾਉਣ। ਹਰ ਇੱਕ ਵਿਧਾਇਕ ਨੂੰ ਬੇਨਿਯਮਤ ਖ਼ਰਚੀ ਗਈ ਇੱਕ-ਇੱਕ ਪਾਈ ਖ਼ਜ਼ਾਨੇ 'ਚ ਜਮ੍ਹਾਂ ਕਰਾਉਣੀ ਪਵੇਗੀ। ਅਜਿਹੀਆਂ ਬੇਨਿਯਮੀਆਂ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ। ਉਹਨਾਂ ਨੇ ਸੰਨ 2018 'ਚ ਓਨਟਾਰੀਓ ਨਿਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਟੈਕਸ ਪੇਅਰ ਧਨ ਨਾਲ ਪਾਰਟੀਆਂ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਕੈਬਨਿਟ ਮੰਤਰੀ ਚੋਅ ਅਜਿਹੀ ਉਲੰਘਣਾ ਕਰਦੇ ਵੀ ਪਾਏ ਗਏ ਸਨ। ਵਿਧਾਨ ਸਭਾ 'ਚ ਵਿਰੋਧੀ ਧਿਰ ਐੱਨਡੀਪੀ ਦੇ ਆਗੂ ਮਾਰਟ ਸਟਾਈਲਜ ਦਾ ਕਹਿਣਾ ਹੈ ਕਿ 20 ਮੌਜੂਦਾ ਅਤੇ ਸਾਬਕਾ ਗ੍ਰੇਟਰ ਟਰਾਂਟੋ ਖੇਤਰ ਦੇ ਮੰਤਰੀਆਂ ਅਤੇ ਵਿਧਾਇਕਾਂ ਨੇ ਪਿਛਲੇ ਤਿੰਨ ਸਾਲਾਂ 'ਚ 121409 ਡਾਲਰ ਬੇਨਿਯਮਤ ਖ਼ਰਚੇ ਹਨ।

ਉਹਨਾਂ ਕਿਹਾ ਕਿ ਵਿਧਾਇਕ ਹਰਦੀਪ ਗਰੇਵਾਲ (ਬਰਾਪਟਨ ਪੂਰਬ) ਨੇ 2023 ਤੋਂ 2025 ਤੱਕ ਡਾਊਨ ਟਾਊਨ ਵਿਖੇ ਹੋਟਲ ਬੁਕਿੰਗ 'ਤੇ 27275 ਡਾਲਰ, ਵਿਧਾਇਕਾ ਮੀਨਾ ਟਾਂਗਰੀ ਨੇ 18976 ਡਾਲਰ ਜਦਕਿ ਚਾਰਮੇਨ ਵਿਲੀਅਮਜ਼ ਨੇ 15865 ਡਾਲਰ ਦੇ ਬੇਨਿਯਮਤ ਤੌਰ 'ਤੇ ਖ਼ਰਚ ਕੀਤੇ। ਖੇਡ ਮੰਤਰੀ ਨੀਲ ਲਮਰਜਡੈਨ 'ਤੇ ਵੀ ਦੋਸ਼ ਹਨ, ਜੋ ਕੈਬਨਿਟ ਅਤੇ ਵਿਧਾਇਕ ਵਜੋਂ ਸੇਵਾ ਮੁਕਤ ਹੋ ਗਏ ਹਨ। ਵਿਰੋਧੀ ਧਿਰ ਦੇ ਆਗੂ ਨੇ ਵਿਧਾਇਕ ਹਰਦੀਪ ਗਰੇਵਾਲ ਦੀ ਜਾਂਚ ਦੀ ਸ਼ਿਕਾਇਤ ਭ੍ਰਿਸ਼ਟਾਚਾਰ ਵਿਰੋਧੀ ਇਮਾਨਦਾਰੀ ਜਾਂਚ ਕਮਿਸ਼ਨ ਕੋਲ ਕੀਤੀ ਹੈ, ਜਿਸ ਨੇ ਨਾ ਸਿਰਫ ਡਾਊਨ ਟਾਊਨ ਹੋਟਲਾਂ 'ਚ ਕਮਰੇ ਬੁੱਕ ਕਰਨ ਤੇ ਬੇਨਿਯਮਤ ਤੌਰ 'ਤੇ ਜਨਤਕ ਟੈਕਸਾਂ ਤੋਂ ਇਕੱਤਰ ਧਨ ਖ਼ਰਚਿਆ ਬਲਕਿ ਆਪਣੇ ਹਲਕੇ ਦੇ ਫੰਡਾਂ ਨੂੰ ਆਪਣੇ ਪਿਤਾ ਵੱਲੋਂ ਚਲਾਏ ਜਾਂਦੇ ਅਖ਼ਬਾਰ 'ਚ ਇਸ਼ਤਿਹਾਰ ਦੇਣ ਲਈ ਖ਼ਰਚਿਆ। ਇਸ ਤੋਂ ਇਲਾਵਾ ਪਾਲ ਕਲੰਦਰਾ ਨੇ 6924, ਡੇਵਡ ਸਮਿਥ ਨੇ 6895, ਅਮਰਜੋਤ ਸੰਧੂ ਨੇ 4027, ਮਾਈਕਲ ਫੋਰਡ ਨੇ 3546, ਸਿਲਵੀਆ ਗੁਆਲਟੇਰੀ ਨੇ 3177, ਫਿਰਨ ਮੁਹੰਮਦ ਨੇ 2379 ਡਾਲਰ ਅਤੇ ਇਵੇਂ ਹੀ ਗ੍ਰਾਹਮ ਮੈਕਗਿਰਾਗਰ ਅਤੇ ਨਾਟਾਲੀਆ ਕੁਸੈਂਡੋਆ ਬਾਸ਼ਤਾ ਆਦਿ ਨੇ ਵੀ ਬੇਨਿਯਮਤ ਤੌਰ 'ਤੇ ਜਨਤਕ ਧਨ ਦੀ ਕੁਵਰਤੋਂ ਕੀਤੀ ਹੈ।

ਭਾਰਤ ਅੰਦਰ ਕੇਂਦਰ ਅਤੇ ਰਾਜਾਂ 'ਚ ਸ਼ਾਇਦ ਹੀ ਪਿਛਲੇ 80 ਸਾਲਾਂ 'ਚ ਕੋਈ ਅਜਿਹੀ ਸਰਕਾਰ ਹੋਵੇ, ਜਿਸ ਦੇ ਮੰਤਰੀਆਂ, ਵਿਧਾਇਕਾਂ ਅਤੇ ਅਫਸਰਸ਼ਾਹਾਂ 'ਤੇ ਭ੍ਰਿਸ਼ਟਾਚਾਰ ਅਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਨਾ ਲੱਗੇ ਹੋਣ। ਕਈ ਆਗੂਆਂ ਅਤੇ ਅਫ਼ਸਰ ਸਾਹਾਂ ਤੇ ਵਿਦੇਸ਼ਾਂ 'ਚ ਕਰੋੜਾਂ ਡਾਲਰ ਧਨ ਨਾਮੀ-ਬੇਨਾਮੀ ਤੌਰ 'ਤੇ ਜਮ੍ਹਾਂ ਕਰਨ ਦੇ ਦੋਸ਼ ਹਨ। ਪਿਛਲੇ ਦਿਨੀਂ ਆਪਣੇ ਪੰਜਾਬ ਦੌਰੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬੇਈਮਾਨਾਂ ਦੀ ਸਰਕਾਰ ਗਰਦਾਨ ਕੇ ਗਏ, ਜਿਸ ਦੇ ਕਈ ਮੰਤਰੀ ਅਤੇ ਵਿਧਾਇਕ ਰਿਸ਼ਵਤ ਲੈਣ ਅਤੇ ਮਨੀ ਲਾਂਡਰਿੰਗ ਦੋਸ਼ਾਂ 'ਚ ਸ਼ਾਮਿਲ ਹਨ। ਅਜੇ ਕੁਝ ਦਿਨ ਪਹਿਲਾਂ ਹੀ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਪੁਲਿਸ ਨੂੰ ਨਸ਼ਿਆਂ 'ਚ ਗਲਤਾਨ ਦਰਸਾਇਆ। ਨਸ਼ਿਆਂ ਦੀ ਤਸਕਰੀ 'ਚ ਪੁਲਿਸ ਅਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਦਰਸਾਈ।

(ਬਾਕੀ ਸਫ਼ਾ 27 'ਤੇ)

# ਕੀ ਹੈ 'ਨੀਟ' ਅਤੇ ਜੇ. ਈ. ਈ. ਦਾ ਅਸਲ ਸਰੂਪ ?

**ਅਭਿਜੀਤ ਪਾਠਕ**

ਹਾਕਮ ਧਿਰ ਸਾਨੂੰ ਵਿਸ਼ਵਾਸ ਦਿਵਾਉਣਾ ਚਾਹੁੰਦੀ ਹੈ ਕਿ ਸਭ ਕੁਝ ਠੀਕ-ਠਾਕ ਹੈ। ਵਿਵਾਦਾਂ ਵਿੱਚ ਘਿਰੇ ਮੰਤਰੀ ਧਰਮਿੰਦਰ ਪ੍ਰਧਾਨ ਨੇ ਆਖ਼ਰਕਾਰ ਅਸਤੀਫ਼ਾ ਦੇ ਦਿੱਤਾ ਹੈ। ਸਾਡੇ ਤਕਨੀਕੀ ਤੌਰ 'ਤੇ ਨਿਪੁੰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਕਾਕਰੋਚ ਪੀੜ੍ਹੀ' ਨੂੰ 'ਮੁਆਫ਼' ਕਰ ਦਿੱਤਾ ਹੈ। ਸੰਸਦ ਵਿੱਚ ਪੇਪਰ ਲੀਕ ਹੋਣ ਦੀਆਂ ਸੰਭਾਵਨਾਵਾਂ ਨੂੰ ਠੱਲ੍ਹ ਪਾਉਣ ਲਈ ਕਈ ਬਿੱਲ ਪਾਸ ਕਰ ਦਿੱਤੇ ਗਏ ਹਨ। ਸਭ ਤੋਂ ਵੱਡਾ ਉਪਰਾਲਾ ਇਹ ਹੈ ਕਿ ਉੱਦਮੀ ਤੇ ਤਕਨੀਕੀ ਮਾਹਿਰ ਨੰਦਨ ਨੀਲੇਕਣੀ ਨੂੰ ਸਿੱਖਿਆ ਖੇਤਰ ਵਿੱਚ ਕੁਝ ਠੋਸ ਸੁਧਾਰ ਸੁਝਾਉਣ ਲਈ ਆਖਿਆ ਗਿਆ ਹੈ। ਫਿਰ ਵੀ ਵਿਡੰਬਨਾ ਇਹ ਹੈ ਕਿ ਇਸ ਗੱਲ 'ਤੇ ਸ਼ਾਇਦ ਹੀ ਕਦੇ ਚਰਚਾ ਹੁੰਦੀ ਹੈ ਕਿ ਆਧੁਨਿਕ ਭਾਰਤ ਦੇ ਦੋ ਸਭ ਤੋਂ ਅਹਿਮ ਮਿਆਰੀ ਟੈਸਟਾਂ 'ਨੀਟ' ਅਤੇ ਜੇ ਈ ਈ ਦਾ ਅਸਲ ਸਰੂਪ ਕੀ ਹੈ ? ਇੱਕ ਫ਼ਿਕਰਮੰਦ ਅਧਿਆਪਕ ਹੋਣ ਦੇ ਨਾਤੇ ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਇਨ੍ਹਾਂ ਦੋਵਾਂ ਪ੍ਰੀਖਿਆਵਾਂ ਨੇ ਸਾਰਥਿਕ ਸਿੱਖਿਆ ਦੀ ਰੂਹ ਨੂੰ ਮਸਲ ਕੇ ਰੱਖ ਦਿੱਤਾ ਹੈ, ਭਿਆਨਕ ਤੇ ਦਿਓਕੱਦ ਰੂਪ ਵਿੱਚ ਫੈਲ ਚੁੱਕੇ ਕੋਚਿੰਗ ਉਦਯੋਗ ਨੂੰ ਜਨਮ ਦਿੱਤਾ ਹੈ ਅਤੇ ਸਾਡੇ ਨੌਜਵਾਨ ਵਿਦਿਆਰਥੀਆਂ ਦੀ ਆਲੋਚਨਾਤਮਕ ਸੋਚ ਤੇ ਸਿਰਜਣਾਤਮਕ ਕਲਪਨਾ ਸ਼ਕਤੀ ਦਾ ਘਾਣ ਕਰ ਦਿੱਤਾ ਹੈ। ਜਦੋਂ ਤੱਕ ਅਸੀਂ ਬੇਹਿੱਸ ਕਰ ਦੇਣ ਵਾਲੀਆਂ ਇਨ੍ਹਾਂ ਦੋ ਪ੍ਰੀਖਿਆਵਾਂ ਦੀ ਥਾਂ ਕੋਈ ਉਸਾਰੂ ਬਦਲ ਸਾਹਮਣੇ ਨਹੀਂ ਲਿਆਉਂਦੇ, ਉਦੋਂ ਤੱਕ ਕੋਈ ਵੀ ਸਾਰਥਕ ਸੁਧਾਰ ਸੰਭਵ ਨਹੀਂ ਹੈ।

ਮੇਰਾ ਪਹਿਲਾ ਇਤਰਾਜ਼ ਇਹ ਹੈ ਕਿ ਬਹੁਤ ਜ਼ਿਆਦਾ ਕੇਂਦਰੀਕ੍ਰਿਤ ਅਤੇ ਬਹੁ-ਵਿਕਲਪੀ ਪ੍ਰਸ਼ਨਾਂ 'ਤੇ ਆਧਾਰਿਤ ਇਨ੍ਹਾਂ ਦੋਵਾਂ ਟੈਸਟਾਂ ਨੇ ਪੂਰੀ ਪੀੜ੍ਹੀ ਤੋਂ ਵਿਗਿਆਨ ਸਿੱਖਣ ਦਾ ਆਨੰਦ ਖੋਹ ਲਿਆ ਹੈ। ਜ਼ਰਾ ਸੋਚੋ ! ਤੁਸੀਂ ਬਿਨਾਂ ਕਿਸੇ ਜਿਗਿਆਸਾ ਤੇ ਉਸਾਰੂ ਸਵਾਲਾਂ ਤੋਂ ਭੌਤਿਕ ਵਿਗਿਆਨ ਕਿਵੇਂ ਸਿੱਖ ਸਕਦੇ ਹੋ ? ਆਈਜ਼ਕ ਨਿਊਟਨ ਦੀ ਉਸ ਜਿਗਿਆਸਾ ਬਾਰੇ ਸੋਚੋ ਜਿਸ ਨੇ ਆਖ਼ਰਕਾਰ ਉਸ ਨੂੰ ਗੁਰੂਤਾ ਆਕਰਸ਼ਣ ਦੇ ਨਿਯਮ ਦੀ ਭਾਲ ਤੱਕ ਪਹੁੰਚਾਇਆ ਜਾਂ ਫਿਰ ਐਲਬਰਟ ਆਈਨਸਟਾਈਨ ਦੇ ਉਸ ਸੁਭਾਅ ਬਾਰੇ ਸੋਚੋ ਜਿਸ ਨੇ ਨਵੇਂ ਸਵਾਲ ਖੜ੍ਹੇ ਕੀਤੇ ਅਤੇ ਥਾਮਸ ਕੂਨ ਦੇ ਕਥਨ ਮੁਤਾਬਿਕ ਭੌਤਿਕ ਵਿਗਿਆਨ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦਾ।

ਇਹ ਬਹੁਤ ਮਾੜੀ ਗੱਲ ਹੈ ਕਿ ਜਿਉਂ-ਜਿਉਂ ਸਾਡੇ ਬੱਚਿਆਂ ਨੂੰ ਸਿਰਫ਼ ਇਨ੍ਹਾਂ ਮਿਆਰੀ ਪ੍ਰੀਖਿਆਵਾਂ ਨੂੰ ਪਾਸ ਕਰਨ ਦੇ 'ਨੁਸਖ਼ੇ' ਸਿਖਾਏ ਜਾਂਦੇ ਹਨ, ਤਿਉਂ-ਤਿਉਂ ਉਹ ਵਿਗਿਆਨ ਦੀ ਅਸਲ ਰੂਹ ਤੋਂ ਕੋਹਾਂ ਦੂਰ ਹੋ ਜਾਂਦੇ ਹਨ। ਵਿਗਿਆਨ ਦੇ ਮਹਾਨ ਦਾਰਸ਼ਨਿਕ ਕਾਰਲ ਪੌਪਰ ਅਨੁਸਾਰ ਇਸ ਦਾ ਮਤਲਬ ਪੁਰਾਣੀਆਂ ਧਾਰਨਾਵਾਂ ਨੂੰ ਗ਼ਲਤ ਸਾਬਿਤ ਕਰਨ ਅਤੇ ਨਵੀਆਂ ਧਾਰਨਾਵਾਂ ਸਾਹਮਣੇ ਲਿਆਉਣ ਦੀ ਕਾਬਲੀਅਤ ਨੂੰ ਗੁਆ ਦੇਣਾ ਹੈ। ਹੁਣ




ਸਮਾਂ ਆ ਗਿਆ ਹੈ ਕਿ ਅਸੀਂ ਇਹ ਕਹਿਣ ਦੀ ਹਿੰਮਤ ਦਿਖਾਈਏ ਕਿ ਰਚਨਾਤਮਿਕ ਅਤੇ ਬਰੀਕਬੀਨ ਆਲੋਚਨਾਤਮਕ ਸੋਚ ਪੈਦਾ ਕਰਨ ਦੀ ਬਜਾਏ ਇਹ ਪ੍ਰੀਖਿਆਵਾਂ ਬੱਚਿਆਂ ਦੇ ਮਨਾਂ ਨੂੰ ਇੱਕ ਸਾਂਚੇ ਵਿੱਚ ਢਲੇ ਹੋਏ ਅਤੇ ਮਸ਼ੀਨੀ ਬਣਾ ਰਹੀਆਂ ਹਨ।

ਮੈਂ ਇਸ ਦੀਆਂ ਦੋ ਠੋਸ ਉਦਾਹਰਣਾਂ ਦਿੰਦਾ ਹਾਂ। ਹਾਲ ਹੀ ਵਿੱਚ ਰਾਜਧਾਨੀ ਦੇ ਇੱਕ ਨਾਮਵਰ ਇੰਜੀਨੀਅਰਿੰਗ ਕਾਲਜ ਦੇ ਭੌਤਿਕ ਵਿਗਿਆਨ ਦੇ ਇੱਕ ਹੋਣਹਾਰ ਪ੍ਰੋਫ਼ੈਸਰ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦੇ ਪਹਿਲੇ ਸਾਲ ਦੇ ਵਿਦਿਆਰਥੀ ਸਾਡੇ ਕੁਝ ਮਹਾਨ ਭਾਰਤੀ ਭੌਤਿਕ ਵਿਗਿਆਨੀਆਂ ਜਿਵੇਂ ਕਿ ਸੀ ਵੀ ਰਮਨ, ਐੱਸ ਐੱਨ ਬੋਸ, ਮੇਘਨਾਦ ਸਾਹਾ ਅਤੇ ਹੋਮੀ ਭਾਬਾ ਬਾਰੇ ਬਿਲਕੁਲ ਵੀ ਨਹੀਂ ਜਾਣਦੇ, ਪਰ ਉਹ ਆਪਣੇ ਚਹੇਤੇ ਕੋਚਿੰਗ ਮਾਹਿਰਾਂ ਜਿਵੇਂ ਕਿ 'ਫਿਜ਼ਿਕਸ ਵਾਲਾ' ਅਤੇ 'ਖ਼ਾਨ ਸਰ' ਬਾਰੇ ਬਹੁਤ ਉਤਸ਼ਾਹ ਨਾਲ ਗੱਲਾਂ ਕਰ ਸਕਦੇ ਹਨ। ਕਿੰਨੀ ਵੱਡੀ ਵਿਡੰਬਨਾ ਹੈ !

ਇਸੇ ਤਰ੍ਹਾਂ ਅੰਗਰੇਜ਼ੀ ਸਾਹਿਤ ਦੇ ਇੱਕ ਸੰਵੇਦਨਸ਼ੀਲ ਸਕੂਲ ਅਧਿਆਪਕ ਨਾਲ ਗੱਲਬਾਤ ਕਰਦਿਆਂ ਮੈਂ ਉਸ ਦੀ ਪੀੜ ਨੂੰ ਮਹਿਸੂਸ ਕੀਤਾ। ਉਸ ਨੇ ਮੈਨੂੰ ਦੱਸਿਆ ਕਿ ਉਸ ਦੇ ਵਿਦਿਆਰਥੀ ਖ਼ਾਸ ਕਰਕੇ ਉਹ ਜੋ ਜੇ. ਈ. ਈ. ਅਤੇ 'ਨੀਟ' ਵਰਗੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਹਨ, ਨਾ ਤਾਂ ਵਧੀਆ ਸਾਹਿਤ ਪੜ੍ਹਨਾ ਚਾਹੁੰਦੇ ਹਨ ਅਤੇ ਨਾ ਹੀ ਵਿਸ਼ਲੇਸ਼ਣਾਤਮਕ ਜਾਂ ਵਿਆਖਿਆਤਮਕ ਲੇਖ ਲਿਖਣਾ ਚਾਹੁੰਦੇ ਹਨ। ਹਾਂ, ਇਨ੍ਹਾਂ ਬਹੁ-ਵਿਕਲਪੀ ਪ੍ਰਸ਼ਨਾਂ ਵਾਲੀਆਂ ਪ੍ਰੀਖਿਆਵਾਂ ਪ੍ਰਤੀ ਇਹ ਮਾਨਸਿਕ ਜਨੂੰਨ ਸਾਰਥਕ ਸਿੱਖਿਆ ਦੀ ਅਸਲ ਰੂਹ ਦਾ ਘਾਣ ਕਰ ਰਿਹਾ ਹੈ। ਇਸੇ ਤਰ੍ਹਾਂ ਮੇਰਾ ਦੂਜਾ ਇਤਰਾਜ਼ ਇਹ ਹੈ ਕਿ ਇਨ੍ਹਾਂ ਮਿਆਰੀ ਪ੍ਰੀਖਿਆਵਾਂ ਨੇ ਸਰਬਪੱਖੀ ਸਿੱਖਿਆ ਦੇ ਖ਼ਿਆਲ ਨੂੰ ਮਾਰ ਦਿੱਤਾ ਹੈ, ਇਸ ਲਈ ਅਸੀਂ ਸਕੂਲਾਂ ਨੂੰ ਸਾਰਥਕ ਸਿੱਖਿਆ ਦੇ ਕੇਂਦਰਾਂ ਵਜੋਂ ਲਗਾਤਾਰ ਤਬਾਹ ਹੁੰਦਾ ਦੇਖ ਰਹੇ ਹਾਂ। ਇਹ ਕਹਿਣਾ ਬਿਲਕੁਲ ਵੀ ਗ਼ਲਤ ਨਹੀਂ ਹੋਵੇਗਾ ਕਿ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਬਹੁਤ ਜ਼ਿਆਦਾ ਉਤਸ਼ਾਹੀ ਮਾਪਿਆਂ ਲਈ ਸਕੂਲਾਂ ਦੀ ਕੋਈ ਅਹਿਮੀਅਤ ਨਹੀਂ ਰਹੀ। ਇਸ ਦੀ ਬਜਾਏ ਉਹ ਵੱਡੇ ਪੱਧਰ 'ਤੇ ਵਪਾਰ ਬਣ ਚੁੱਕੇ ਉਨ੍ਹਾਂ 'ਬਰਾਂਡਿਡ' ਕੋਚਿੰਗ ਕੇਂਦਰਾਂ ਨੂੰ ਤਰਜੀਹ ਦਿੰਦੇ ਹਨ, ਜੋ 'ਸਫਲਤਾ ਦੇ ਪੈਕੇਜ' ਵੇਚਦੇ ਹਨ। ਕਿਸੇ ਵੀ ਸਕੂਲ ਵਿੱਚ ਅਚਾਨਕ ਜਾ ਕੇ ਖ਼ਾਲੀ ਪਏ ਕਲਾਸਰੂਮ ਦੇਖ ਲਵੋ। ਕੀ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਜਿੱਥੇ ਭਾਰਤ ਵਿੱਚ ਕੁੱਲ ਬਜਟ ਦਾ ਮਹਿਜ਼ 2.6 ਫ਼ੀਸਦੀ ਹਿੱਸਾ ਹੀ ਸਿੱਖਿਆ ਲਈ ਰੱਖਿਆ ਜਾਂਦਾ ਹੈ ਅਤੇ ਸਾਡੇ ਬਹੁਤੇ ਸਕੂਲਾਂ ਕੋਲ ਚੰਗੀਆਂ ਲਾਇਬ੍ਰੇਰੀਆਂ ਤੇ ਵਿਗਿਆਨ ਲੈਬਾਂ ਬਣਾਉਣ ਲਈ ਲੋੜੀਂਦੇ ਫੰਡ ਵੀ ਨਹੀਂ ਹਨ, ਉੱਥੇ ਹੀ ਸਾਡੇ ਕੋਲ ਅਰਬਾਂ ਰੁਪਏ ਦਾ ਇੱਕ ਵਿਸ਼ਾਲ ਕੋਚਿੰਗ ਉਦਯੋਗ ਮੌਜੂਦ ਹੈ ?

ਮੇਰਾ ਤੀਜਾ ਇਤਰਾਜ਼ ਇਹ ਹੈ ਕਿ ਇਹ ਪ੍ਰੀਖਿਆਵਾਂ ਅਮਲੀ ਤੌਰ 'ਤੇ ਅਸਲ ਚੋਣ ਕਰਨ ਦੀ ਬਜਾਏ ਇੱਕੋ ਵਾਰ ਬਾਹਰ ਦਾ ਰਸਤਾ ਦਿਖਾਉਣ (ਛਾਂਟ ਕੇ ਕੱਢਣ) ਵਾਲੇ ਹਥਿਆਰਾਂ ਵਾਂਗ ਕੰਮ ਕਰਦੀਆਂ ਹਨ। ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਸਾਡੇ ਨੌਜਵਾਨ ਭਾਰੀ ਮਾਨਸਿਕ ਤਣਾਅ ਤੇ ਘਬਰਾਹਟ ਵਿੱਚੋਂ ਗੁਜ਼ਰਦੇ ਹਨ। ਜੇ ਉਹ ਅਜਿਹੇ ਜ਼ਹਿਰੀਲੇ ਮਾਹੌਲ ਵਿੱਚ ਵੱਡੇ ਹੁੰਦੇ ਹਨ ਜਿੱਥੇ ਉਨ੍ਹਾਂ ਨੂੰ ਵਾਰ-ਵਾਰ ਇਹੋ ਕਿਹਾ ਜਾਂਦਾ ਹੈ ਕਿ ਜੇ ਉਹ ਡਾਕਟਰ ਜਾਂ ਇੰਜੀਨੀਅਰ ਨਹੀਂ ਬਣ ਸਕੇ ਤਾਂ ਉਨ੍ਹਾਂ ਦੀ ਜ਼ਿੰਦਗੀ ਕਿਸੇ ਕੰਮ ਦੀ ਨਹੀਂ ਤਾਂ ਫਿਰ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜਿਆਂ ਤੋਂ ਇਲਾਵਾ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ ? ਹਾਂ, ਅਸੀਂ ਇੱਕ ਨਿਰਾਸ਼ ਅਤੇ ਬੇਚੈਨ ਪੀੜ੍ਹੀ ਪੈਦਾ ਕਰ ਰਹੇ ਹਾਂ।

ਅਖੀਰ ਸਾਨੂੰ ਇਹ ਪ੍ਰੇਸ਼ਾਨ ਕਰਨ ਵਾਲਾ ਸਵਾਲ ਪੁੱਛਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ ਕਿ ਅਸੀਂ ਕਿਸ ਕਿਸਮ ਦੇ ਡਾਕਟਰ ਅਤੇ ਇੰਜੀਨੀਅਰ ਪੈਦਾ ਕਰ ਰਹੇ ਹਾਂ ? ਪਹਿਲੀ ਗੱਲ ਤਾਂ ਇਹ ਹੈ ਕਿ 'ਨੀਟ' ਅਤੇ ਜੇ. ਈ. ਈ. ਵਰਗੀਆਂ ਪ੍ਰੀਖਿਆਵਾਂ ਦੀ ਤਿਆਰੀ ਦਾ ਤਰੀਕਾ ਹੀ ਇਸ ਪੀੜ੍ਹੀ ਤੋਂ ਸਾਰੇ ਨੇਕ ਸੁਪਨੇ ਖੋਹ ਲੈਂਦਾ ਹੈ। ਜਦੋਂ ਤੁਹਾਡੇ ਮਾਪੇ ਇੰਨਾ ਪੈਸਾ ਖ਼ਰਚ ਕਰਦੇ ਹਨ (ਕੋਚਿੰਗ ਦਾ ਖ਼ਰਚਾ; ਪ੍ਰਾਈਵੇਟ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਦੀ ਦਿਨੋ-ਦਿਨ ਵਧ ਰਹੀ ਅਣਕਿਆਸੀ ਫੀਸ ਅਤੇ ਹੋਰ ਖ਼ਰਚੇ) ਤਾਂ ਫਿਰ ਤੁਸੀਂ ਆਪਣੇ ਆਪ ਨੂੰ ਕੀਮਤ ਦਾ ਟੈਗ ਲੱਗੀ ਇੱਕ 'ਵਸਤੂ' ਤੋਂ ਇਲਾਵਾ ਹੋਰ ਕੁਝ ਕਿਵੇਂ ਸਮਝ ਸਕਦੇ ਹੋ ? ਤੁਸੀਂ ਸਮਾਜ ਸੇਵਾ ਦੀ ਭਾਵਨਾ ਨਾਲ ਭਰੇ ਕਿਸੇ ਵੀ ਸਾਰਥਕ ਅਤੇ ਚੰਗੇ ਕੰਮ ਦੇ ਸੁਪਨੇ ਨੂੰ ਪਾਲ ਹੀ ਨਹੀਂ ਸਕਦੇ, ਜਿਵੇਂ ਕਿ 'ਪਲੇਸਮੈਂਟਸ ਅਤੇ ਤਨਖ਼ਾਹਾਂ ਦੇ ਪੈਕੇਜਾਂ' ਦਾ ਮਾਡਲ ਹੀ ਹੁਣ ਨਵਾਂ ਸੱਚ ਬਣ ਚੁੱਕਾ ਹੈ। (ਬਾਕੀ ਸਫ਼ਾ 27 'ਤੇ)

# ਕੀ ਸਾਰਾ ਭਵਿੱਖ ਤੈਅ ਕਰ ਦੇਵੇਗੀ ਇੱਕ ਪ੍ਰੀਖਿਆ ?

**ਗੁਰਪ੍ਰਤਾਪ ਸਿੰਘ ਮਾਨ**

ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ ਵਿਦਿਆਰਥੀਆਂ ਦੇ ਲੰਬੇ ਸੰਘਰਸ਼ ਦਾ ਵੱਡਾ ਸਿਆਸੀ ਨਤੀਜਾ ਹੈ। ਪੇਪਰ ਲੀਕ ਅਤੇ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਨੂੰ ਲੈ ਕੇ ਦੇਸ਼ ਭਰ 'ਚ ਰੋਸ ਵਧ ਰਿਹਾ ਸੀ। ਜੰਤਰ-ਮੰਤਰ 'ਤੇ ਚੱਲੇ ਧਰਨਿਆਂ ਅਤੇ ਨੌਜਵਾਨਾਂ ਦੇ ਦਬਾਅ ਤੋਂ ਬਾਅਦ ਸਰਕਾਰ ਨੂੰ ਕਾਰਵਾਈ ਕਰਨੀ ਪਈ। ਹੁਣ ਪ੍ਰਹਿਲਾਦ ਜੋਸ਼ੀ ਨੂੰ ਸਿੱਖਿਆ ਮੰਤਰਾਲੇ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਮੰਤਰੀ ਦਾ ਅਸਤੀਫ਼ਾ ਸਿਆਸੀ ਜਵਾਬਦੇਹੀ ਲਈ ਲਾਜ਼ਮੀ ਹੋ ਸਕਦਾ ਹੈ। ਜਦੋਂ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਦਾਅ ਉੱਤੇ ਲੱਗੇ, ਤਾਂ ਵਿਭਾਗ ਦੇ ਮੁਖੀ ਨੂੰ ਜਵਾਬ ਦੇਣਾ ਹੀ ਚਾਹੀਦਾ ਹੈ ਪਰ ਸੱਚ ਇਹ ਵੀ ਹੈ ਕਿ ਸਿੱਖਿਆ ਮੰਤਰੀ ਨੇ ਨਾ ਪੇਪਰ ਛਪਾਇਆ ਹੁੰਦਾ ਹੈ, ਨਾ ਉਸ ਨੂੰ ਪ੍ਰੀਖਿਆ ਕੇਂਦਰ ਤੱਕ ਪਹੁੰਚਾਇਆ ਹੁੰਦਾ ਹੈ ਅਤੇ ਨਾ ਹੀ ਉਹ ਉਸ ਫੋਨ ਜਾਂ ਕੰਪਿਊਟਰ ਤੱਕ ਪਹੁੰਚਦਾ ਹੈ, ਜਿੱਥੋਂ ਪੇਪਰ ਬਾਹਰ ਨਿਕਲਦਾ ਹੈ। ਇੱਕ ਮੰਤਰੀ ਨੂੰ ਹਟਾਉਣ ਨਾਲ ਸਿਆਸੀ ਗੁੱਸਾ ਤਾਂ ਠੰਢਾ ਹੋ ਸਕਦਾ ਹੈ ਪਰ ਅਗਲਾ ਪੇਪਰ ਲੀਕ ਹੋਣ ਤੋਂ ਨਹੀਂ ਰੁਕਦਾ। ਮੰਤਰੀ ਬਦਲ ਜਾਂਦੇ ਹਨ, ਅਫ਼ਸਰ ਤਬਦੀਲ ਹੋ ਜਾਂਦੇ ਹਨ ਅਤੇ ਕੁਝ ਦਲਾਲ ਗ੍ਰਿਫ਼ਤਾਰ ਹੋ ਜਾਂਦੇ ਹਨ ਪਰ ਜੇ ਪ੍ਰਣਾਲੀ ਉਹੀ ਰਹੇ, ਤਾਂ ਘਪਲਾ ਵੀ ਵਾਪਸ ਆ ਜਾਂਦਾ ਹੈ। ਪੇਪਰ ਲੀਕ ਕੋਈ ਇਕੱਲਾ ਅਪਰਾਧ ਨਹੀਂ। ਇਹ ਉਸ ਸਮਾਂਤਰ ਸਿੱਖਿਆ ਪ੍ਰਣਾਲੀ ਦਾ ਅਪਰਾਧਕ ਸਿਰਾ ਹੈ, ਜੋ ਕੋਚਿੰਗ ਸੈਂਟਰਾਂ, ਡਮੀ ਸਕੂਲਾਂ, ਘੱਟ ਸੀਟਾਂ ਅਤੇ ਬੇਹੱਦ ਮੁਕਾਬਲੇ ਉੱਤੇ ਖੜ੍ਹੀ ਹੈ। ਅੱਜ ਬਹੁਤ ਸਾਰੇ ਮਾਪਿਆਂ ਨੂੰ ਸਕੂਲਾਂ ਅਤੇ ਕਾਲਜਾਂ ਉੱਤੇ ਭਰੋਸਾ ਨਹੀਂ ਰਿਹਾ ਕਿ ਉਨ੍ਹਾਂ ਦੇ ਬੱਚੇ ਉੱਥੋਂ ਪੜ੍ਹ ਕੇ ਮੁਕਾਬਲੇ ਦੀ ਪ੍ਰੀਖਿਆ ਪਾਸ ਕਰ ਲੈਣਗੇ। ਬੱਚਾ ਦਾਖ਼ਲ ਸਕੂਲ 'ਚ ਹੁੰਦਾ ਹੈ ਪਰ ਅਸਲ ਪੜ੍ਹਾਈ ਕੋਚਿੰਗ ਸੈਂਟਰ 'ਚ ਕਰਦਾ ਹੈ। ਸਕੂਲ ਸਿਰਫ਼ ਹਾਜ਼ਰੀ, ਅੰਦਰੂਨੀ ਅੰਕ ਅਤੇ ਬੋਰਡ ਪ੍ਰੀਖਿਆ ਦੀ ਯੋਗਤਾ ਦਿੰਦਾ ਹੈ। ਇਹ ਸਕੂਲ ਨਾਮ ਦੇ ਸਕੂਲ ਹਨ। ਅਸਲ 'ਚ ਇਹ ਡਮੀ ਸਕੂਲ ਹਨ। ਸਿੱਖਿਆ ਦਾ ਮਕਸਦ ਗਿਆਨ ਨਹੀਂ, ਚੋਣ ਰਹਿ ਗਿਆ ਹੈ।

ਕੋਚਿੰਗ ਸੈਂਟਰਾਂ ਦੀ ਦੌੜ ਇਸ ਗੱਲ ਲਈ ਹੈ ਕਿ ਉਨ੍ਹਾਂ ਦੇ ਕਿੰਨੇ ਬੱਚੇ ਆਈ.ਆਈ.ਟੀ., ਮੈਡੀਕਲ ਕਾਲਜ ਜਾਂ ਕਿਸੇ ਹੋਰ ਮਸ਼ਹੂਰ ਸੰਸਥਾ 'ਚ ਦਾਖ਼ਲਾ ਲੈਂਦੇ ਹਨ। ਕਾਮਯਾਬ ਬੱਚਿਆਂ ਦੀਆਂ ਤਸਵੀਰਾਂ ਅਖ਼ਬਾਰਾਂ ਦੇ ਪੂਰੇ ਸਫ਼ਿਆਂ, ਵੱਡੇ ਹੋਰਡਿੰਗਾਂ ਅਤੇ ਸੋਸ਼ਲ ਮੀਡੀਆ ਉੱਤੇ ਲਗਾਈਆਂ ਜਾਂਦੀਆਂ ਹਨ। ਇਕ ਬੱਚੇ ਦੀ ਰੈਂਕ ਅਗਲੇ ਸਾਲ ਦੇ ਦਾਖ਼ਲਿਆਂ ਦਾ ਇਸ਼ਤਿਹਾਰ ਬਣ ਜਾਂਦੀ ਹੈ। ਜਿੰਨੇ ਵੱਧ ਸਫ਼ਲ ਉਮੀਦਵਾਰ ਕੋਈ ਸੰਸਥਾ ਆਪਣੇ ਨਾਮ ਨਾਲ ਜੋੜਦੀ ਹੈ, ਉੱਨੇ ਹੀ ਵੱਧ ਬੱਚੇ ਉਸ ਕੋਲ ਆਉਂਦੇ ਹਨ। ਵੱਧ ਦਾਖ਼ਲੇ ਦਾ ਅਰਥ ਵੱਧ ਕਮਾਈ ਹੈ। ਅਜਿਹੇ ਕਾਰੋਬਾਰ 'ਚ ਕਿਸੇ ਅੰਦਰਲੇ ਵਿਅਕਤੀ ਤੱਕ ਪਹੁੰਚ, ਕੁਝ ਅਸਲੀ ਸਵਾਲ ਜਾਂ ਪੂਰਾ ਪੇਪਰ ਕਰੋੜਾਂ ਰੁਪਏ ਦਾ ਹੋ ਸਕਦਾ ਹੈ। ਇਹੀ ਇਸ ਮਸਲੇ ਦੀ ਜੜ੍ਹ ਹੈ। ਪੇਪਰ ਕਿਸੇ ਪ੍ਰੀਖਿਆ ਏਜੰਸੀ, ਯੂਨੀਵਰਸਿਟੀ, ਪ੍ਰਿੰਟਿੰਗ ਪ੍ਰੈੱਸ, ਟਰਾਂਸਪੋਰਟ ਕੰਪਨੀ ਜਾਂ ਪ੍ਰੀਖਿਆ ਕੇਂਦਰ ਦਾ ਵਿਅਕਤੀ ਚੋਰੀ ਕਰ ਸਕਦਾ ਹੈ ਪਰ ਲੀਕ ਹੋਏ ਪੇਪਰ ਨੂੰ ਖ਼ਰੀਦਦਾਰ ਵੀ ਚਾਹੀਦੇ ਹਨ। ਕੋਚਿੰਗ ਨੈੱਟਵਰਕ ਕੋਲ ਉਹ ਬਾਜ਼ਾਰ ਪਹਿਲਾਂ ਹੀ ਮੌਜੂਦ ਹੈ। ਉਨ੍ਹਾਂ ਕੋਲ ਹਜ਼ਾਰਾਂ ਵਿਦਿਆਰਥੀਆਂ ਅਤੇ ਮਾਪਿਆਂ ਦੇ ਫੋਨ ਨੰਬਰ ਹੁੰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕੌਣ ਬੇਚੈਨ ਹੈ, ਕੌਣ ਪੈਸਾ ਦੇ ਸਕਦਾ ਹੈ ਅਤੇ ਕੌਣ ਚੁੱਪ ਰਹੇਗਾ। ਹਰ ਕੋਚਿੰਗ ਸੈਂਟਰ ਭ੍ਰਿਸ਼ਟ ਨਹੀਂ। ਬਹੁਤ ਸਾਰੇ ਅਧਿਆਪਕ ਇਮਾਨਦਾਰੀ ਨਾਲ ਪੜ੍ਹਾਉਂਦੇ ਹਨ ਪਰ ਇਸ ਕਾਰੋਬਾਰ ਦੇ ਕੁਝ ਹਿੱਸਿਆਂ ਨੇ ਮਾਫ਼ੀਆ ਵਰਗਾ ਰੂਪ ਧਾਰ ਲਿਆ ਹੈ। ਪੈਸਾ ਹੈ, ਪ੍ਰਭਾਵ ਹੈ, ਸਕੂਲਾਂ ਨਾਲ ਸਾਂਝ ਹੈ ਅਤੇ ਵਿਦਿਆਰਥੀਆਂ ਤੱਕ ਸਿੱਧੀ ਪਹੁੰਚ ਹੈ। ਇਹ ਸਮੱਸਿਆ ਨਵੀਂ ਵੀ ਨਹੀਂ।





ਸਾਲ 1984 'ਚ ਮੈਂ ਡੀ.ਏ.ਵੀ. ਕਾਲਜ, ਚੰਡੀਗੜ੍ਹ 'ਚ ਪ੍ਰੀ-ਇੰਜੀਨੀਅਰਿੰਗ ਕਰ ਰਿਹਾ ਸੀ। ਉਸ ਸਾਲ ਪੰਜਾਬ ਇੰਜੀਨੀਅਰਿੰਗ ਕਾਲਜ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਅਤੇ ਥਾਪਰ ਇੰਸਟੀਚਿਊਟ 'ਚ ਦਾਖ਼ਲੇ ਲਈ ਪਹਿਲੀ ਵਾਰ ਸਾਂਝੀ ਪ੍ਰਵੇਸ਼ ਪ੍ਰੀਖਿਆ ਹੋਈ ਸੀ। ਉਸ ਵੇਲੇ ਅੱਜ ਵਰਗੇ ਵੱਡੇ ਕੋਚਿੰਗ ਕਾਰਖ਼ਾਨੇ ਨਹੀਂ ਸਨ। ਗਰੁੱਪ ਟਿਊਸ਼ਨਾਂ ਜ਼ਰੂਰ ਹੁੰਦੀਆਂ ਸਨ। ਚੰਡੀਗੜ੍ਹ ਦੀਆਂ ਠੰਢੀਆਂ ਸਵੇਰਾਂ 'ਚ ਮੈਂ ਆਪਣੇ ਬਜਾਜ ਸਕੂਟਰ 'ਤੇ ਪਹਿਲਾਂ ਫਿਜ਼ਿਕਸ, ਫਿਰ ਕੈਮਿਸਟਰੀ ਅਤੇ ਫਿਰ ਮੈਥ ਦੀ ਟਿਊਸ਼ਨ ਲਈ ਦੌੜਦਾ ਸੀ। ਸਾਨੂੰ ਵੀ ਲੱਗਦਾ ਸੀ ਕਿ ਇੱਕ ਪ੍ਰੀਖਿਆ ਸਾਡਾ ਸਾਰਾ ਭਵਿੱਖ ਤੈਅ ਕਰ ਦੇਵੇਗੀ।

ਪ੍ਰੀਖਿਆ ਤੋਂ ਥੋੜ੍ਹੇ ਦਿਨ ਪਹਿਲਾਂ ਅਫ਼ਵਾਹ ਫੈਲੀ ਕਿ ਇੱਕ ਦਲਾਲ ਪੈਸਿਆਂ ਦੇ ਬਦਲੇ ਪੇਪਰ ਦੇਣ ਦੀ ਗੱਲ ਕਰ ਰਿਹਾ ਹੈ। ਮੈਨੂੰ ਕਦੇ ਪਤਾ ਨਹੀਂ ਲੱਗਿਆ ਕਿ ਪੇਪਰ ਸੱਚਮੁੱਚ ਲੀਕ ਹੋਇਆ ਸੀ ਜਾਂ ਕੋਈ ਠਗ ਡਰੇ ਹੋਏ ਮਾਪਿਆਂ ਨੂੰ ਲੁੱਟਣਾ ਚਾਹੁੰਦਾ ਸੀ।

ਮੈਂ ਤਿਆਰੀ ਕੀਤੀ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ 'ਚ ਦਾਖ਼ਲਾ ਲੈ ਲਿਆ ਪਰ 1984 'ਚ ਵੀ ਲੀਕ ਹੋਏ ਪੇਪਰ ਦੇ ਵਾਅਦੇ ਲਈ ਬਾਜ਼ਾਰ ਮੌਜੂਦ ਸੀ। ਤਿੰਨ ਦਹਾਕਿਆਂ ਬਾਅਦ 2014 'ਚ ਮੇਰੇ ਪੁੱਤਰ ਨੇ ਇੱਕ ਪ੍ਰਵੇਸ਼ ਪ੍ਰੀਖਿਆ ਦਿੱਤੀ। ਉਹ ਪੇਪਰ ਦੇ ਕੇ ਖ਼ੁਸ਼ੀ ਨਾਲ ਬਾਹਰ ਆਇਆ। ਉਸ ਨੇ ਕਿਹਾ ਕਿ ਪੇਪਰ ਚੰਗਾ ਹੋਇਆ ਹੈ। ਕੁਝ ਸਮੇਂ ਬਾਅਦ ਪੇਪਰ ਲੀਕ ਹੋਣ ਦੀਆਂ ਖ਼ਬਰਾਂ ਆ ਗਈਆਂ। ਪ੍ਰੀਖਿਆ ਰੱਦ ਹੋਈ ਤੇ ਉਸ ਨੂੰ ਦੁਬਾਰਾ ਪੇਪਰ ਦੇਣਾ ਪਿਆ। ਤਕਨੀਕ ਬਦਲ ਗਈ ਸੀ। ਉਮੀਦਵਾਰਾਂ ਦੀ ਗਿਣਤੀ ਕਈ ਗੁਣਾ ਵੱਧ ਗਈ ਸੀ। ਕੋਚਿੰਗ ਇਕ ਵੱਡਾ ਉਦਯੋਗ ਬਣ ਚੁੱਕੀ ਸੀ ਪਰ ਸਜ਼ਾ ਅਜੇ ਵੀ ਇਮਾਨਦਾਰ ਵਿਦਿਆਰਥੀ ਨੂੰ ਹੀ ਮਿਲੀ। ਭਾਰਤ ਦੀ ਆਬਾਦੀ ਬਹੁਤ ਵੱਡੀ ਹੈ ਅਤੇ ਚੰਗੀਆਂ ਸੰਸਥਾਵਾਂ 'ਚ ਸੀਟਾਂ ਬਹੁਤ ਘੱਟ ਹਨ। ਰਿਜ਼ਰਵੇਸ਼ਨ ਕਾਰਨ ਜਨਰਲ ਵਰਗ ਦੇ ਵਿਦਿਆਰਥੀਆਂ ਉੱਤੇ ਵੀ ਵਾਧੂ ਦਬਾਅ ਬਣਦਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਬਹੁਤ ਵੱਧ ਅੰਕ ਲੈਣ ਦੇ ਬਾਵਜੂਦ ਵੀ ਮਨਪਸੰਦ ਸੀਟ ਨਹੀਂ ਮਿਲੇਗੀ। ਇਸ ਚਿੰਤਾ ਨੂੰ ਰਾਖਵੇਂ ਵਰਗਾਂ ਦੇ ਵਿਦਿਆਰਥੀਆਂ ਵਿਰੁੱਧ ਨਫ਼ਰਤ 'ਚ ਨਹੀਂ ਬਦਲਣਾ ਚਾਹੀਦਾ। ਸੀਟਾਂ ਦੀ ਘਾਟ ਉਨ੍ਹਾਂ ਨੇ ਪੈਦਾ ਨਹੀਂ ਕੀਤੀ। ਅਸਲ ਨਾਕਾਮੀ ਸਰਕਾਰਾਂ ਦੀ ਹੈ, ਜਿਨ੍ਹਾਂ ਨੇ ਆਬਾਦੀ ਅਤੇ ਉਮੀਦਾਂ ਦੇ ਅਨੁਪਾਤ 'ਚ ਚੰਗੇ ਕਾਲਜ ਅਤੇ ਯੂਨੀਵਰਸਿਟੀਆਂ ਨਹੀਂ ਬਣਾਈਆਂ। ਰਿਜ਼ਰਵੇਸ਼ਨ ਘੱਟ ਸੀਟਾਂ ਦੀ ਵੰਡ ਕਰਦਾ ਹੈ। ਨਵੀਆਂ ਸੀਟਾਂ ਪੈਦਾ ਨਹੀਂ ਕਰਦਾ। ਕੋਟਾ ਇਸ ਪੂਰੀ ਪ੍ਰਣਾਲੀ ਦਾ ਸਭ ਤੋਂ ਕਠੋਰ ਚਿਹਰਾ ਹੈ। ਕੋਟਾ ਫੈਕਟਰੀ ਲੜੀ ਵਿਦਿਆਰਥੀਆਂ ਦੀ ਜ਼ਿੰਦਗੀ, ਲਗਾਤਾਰ ਟੈਸਟਾਂ, ਬੈਚਾਂ 'ਚ ਵੰਡ, ਘਰ ਤੋਂ ਦੂਰੀ, ਮਾਪਿਆਂ ਉੱਤੇ ਫ਼ੀਸਾਂ ਦਾ ਬੋਝ ਅਤੇ ਅਸਫ਼ਲਤਾ ਦੇ ਡਰ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਿਖਾਉਂਦੀ ਹੈ। ਉੱਥੇ ਬੱਚਾ ਬੱਚਾ ਨਹੀਂ ਰਹਿੰਦਾ। ਉਹ ਇੱਕ ਰੈਂਕ ਬਣ ਜਾਂਦਾ ਹੈ। ਕੋਟਾ 'ਚ 2023 ਦੌਰਾਨ 26 ਅਤੇ 2024 'ਚ 17 ਕੋਚਿੰਗ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਸਾਹਮਣੇ ਆਈਆਂ। ਇਨ੍ਹਾਂ ਨੂੰ ਸਿਰਫ਼ ਨਿੱਜੀ ਦੁੱਖ ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਇਹ ਉਸ ਪ੍ਰਣਾਲੀ ਦੀ ਚਿਤਾਵਨੀ ਹਨ, ਜੋ ਡਰ ਨੂੰ ਕਾਰੋਬਾਰ ਬਣਾਉਂਦੀ ਹੈ, ਟਾਪਰਾਂ ਨੂੰ ਦਿਖਾਉਂਦੀ ਹੈ ਅਤੇ ਬਾਕੀ ਹਜ਼ਾਰਾਂ ਬੱਚਿਆਂ ਨੂੰ ਭੁੱਲ ਜਾਂਦੀ ਹੈ। ਅੱਜ ਦੇ ਤਕਨੀਕੀ ਯੁੱਗ 'ਚ ਪੇਪਰ ਕਈ ਦਿਨ ਪਹਿਲਾਂ ਕਿਉਂ ਛਪਦੇ ਹਨ ਅਤੇ ਕਈ ਹੱਥਾਂ 'ਚੋਂ ਕਿਉਂ ਲੰਘਦੇ ਹਨ ? ਕੰਪਿਊਟਰ ਆਧਾਰਿਤ ਪ੍ਰੀਖਿਆਵਾਂ 'ਚ ਵੱਡੇ ਗੁਪਤ ਸਵਾਲ ਬੈਂਕ 'ਚੋਂ ਪੇਪਰ ਪ੍ਰੀਖਿਆ ਤੋਂ ਕੁਝ ਮਿੰਟ ਪਹਿਲਾਂ ਤਿਆਰ ਕੀਤਾ ਜਾ ਸਕਦਾ ਹੈ। ਹਰ ਉਮੀਦਵਾਰ ਲਈ ਇੱਕੋ ਪੱਧਰ ਦਾ ਵੱਖਰਾ ਪੇਪਰ ਬਣ ਸਕਦਾ ਹੈ। ਹਰ ਲਾਗਇਨ, ਡਾਊਨਲੋਡ ਅਤੇ ਟਰਾਂਸਫ਼ਰ ਦਾ ਡਿਜੀਟਲ ਰਿਕਾਰਡ ਰਹਿਣਾ ਚਾਹੀਦਾ ਹੈ।

# ਕੀ ਹਰ ਸਾਲ ਪੰਜਾਬ ਦੀ ਪ੍ਰੀਖਿਆ ਲੈਂਦਾ ਰਹੇਗਾ ਮਾਨਸੂਨ ਦਾ ਮੌਸਮ ?

**ਸਤਨਾਮ ਸਿੰਘ ਸੰਧੂ**

ਮਾਨਸੂਨ ਦਾ ਮੌਸਮ ਪੰਜਾਬ ਵਿੱਚ ਹਰ ਸਾਲ ਇੱਕ ਤ੍ਰਾਸਦੀ ਲੈ ਕੇ ਆਉਂਦਾ ਹੈ। ਇੱਕ ਪਾਸੇ ਅਸੀਂ ਮੀਂਹ ਲਈ ਅਰਦਾਸਾਂ ਕਰਦੇ ਹਾਂ ਤਾਂ ਜੋ ਸਾਡੀਆਂ ਫ਼ਸਲਾਂ ਹਰੀਆਂ-ਭਰੀਆਂ ਰਹਿਣ, ਧਰਤੀ ਹੇਠਲੇ ਪਾਣੀ ਦੇ ਭੰਡਾਰ ਭਰੇ ਰਹਿਣ ਅਤੇ ਸੂਬੇ ਦੀ ਖੇਤੀਬਾੜੀ ਅਰਥਵਿਵਸਥਾ ਦਾ ਪਹੀਆ ਘੁੰਮਦਾ ਰਹੇ ਅਤੇ ਦੂਜੇ ਪਾਸੇ ਹੁਣ ਵਰਖਾ ਕਾਰਨ ਹੋਣ ਵਾਲੀ ਤਬਾਹੀ ਤੇ ਅਨਿਸ਼ਚਿਤਤਾ ਦਾ ਡਰ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਦਰਿਆਵਾਂ ਦੇ ਕੰਢਿਆਂ 'ਤੇ ਵਸੇ ਪਿੰਡ ਪਾਣੀ ਦੇ ਵਧਦੇ ਪੱਧਰ ਨੂੰ ਸਹਿਮ ਨਾਲ ਤੱਕਦੇ ਹਨ, ਸ਼ਹਿਰੀ ਬਸਤੀਆਂ ਜਲ-ਥਲ (ਵਾਟਰ ਲੌਗਿੰਗ) ਦੇ ਖ਼ੌਫ਼ ਦੇ ਸਾਏ ਹੇਠ ਜਿਊਂਦੀਆਂ ਹਨ ਅਤੇ ਸਰਕਾਰਾਂ ਹੜ੍ਹ ਦੀਆਂ ਚਿਤਾਵਨੀਆਂ ਦਾ ਜਵਾਬ ਦੇਣ ਵਿੱਚ ਰੁੱਝੀਆਂ ਰਹਿੰਦੀਆਂ ਹਨ। ਪੰਜਾਬ ਸਾਹਮਣੇ ਹੁਣ ਸਿਰਫ਼ ਹੜ੍ਹ ਪ੍ਰਬੰਧਨ ਦੀ ਹੀ ਚੁਣੌਤੀ ਨਹੀਂ ਹੈ ਸਗੋਂ ਬਦਲਦੇ ਜਲਵਾਯੂ, ਘਟਦੀ ਦਰਿਆਈ ਸਮਰੱਥਾ ਅਤੇ ਦਹਾਕਿਆਂ ਦੀ ਵਾਤਾਵਰਣਕ ਅਣਦੇਖੀ ਦੇ ਮੱਦੇਨਜ਼ਰ ਮਾਨਸੂਨ ਲਈ ਤਿਆਰੀ ਵੀ ਵੱਡਾ ਸਵਾਲ ਬਣ ਗਈ ਹੈ। ਸੂਬੇ ਦੇ ਦਰਿਆ, ਖ਼ਾਸਕਰ ਸਤਲੁਜ ਅਤੇ ਬਿਆਸ, ਅੱਜ ਉਸ ਵਾਧੂ ਬੋਝ ਹੇਠ ਦੱਬੇ ਹੋਏ ਹਨ, ਜਿਸ ਦੀ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਗਈ। ਸਾਲਾਂ ਤੋਂ ਨਿਰੰਤਰ ਜਮ੍ਹਾਂ ਹੋ ਰਹੀ ਗਾਦ (ਸਿਲਟ), ਦਰਿਆਈ ਜ਼ਮੀਨ 'ਤੇ ਨਾਜਾਇਜ਼ ਕਬਜ਼ਿਆਂ ਅਤੇ ਗ਼ੈਰ-ਵਿਗਿਆਨਕ ਦਰਿਆਈ ਪ੍ਰਬੰਧਨ ਨੇ ਮੌਨਸੂਨ ਦੇ ਪਾਣੀ ਨੂੰ ਸੁਰੱਖਿਅਤ ਢੰਗ ਨਾਲ ਲੰਘਾਉਣ ਦੀ ਦਰਿਆਵਾਂ ਦੀ ਸਮਰੱਥਾ ਨੂੰ ਬਹੁਤ ਘਟਾ ਦਿੱਤਾ ਹੈ। ਨਤੀਜੇ ਵਜੋਂ, ਅੱਜ ਸਾਧਾਰਨ ਜਾਂ ਦਰਮਿਆਨੀ ਮਾਤਰਾ ਵਿੱਚ ਛੱਡਿਆ ਗਿਆ ਪਾਣੀ ਵੀ ਉਨ੍ਹਾਂ



ਇਲਾਕਿਆਂ ਵਿੱਚ ਤਬਾਹੀ ਮਚਾ ਦਿੰਦਾ ਹੈ, ਜੋ ਕਦੇ ਪੂਰੀ ਤਰ੍ਹਾਂ ਸੁਰੱਖਿਅਤ ਮੰਨੇ ਜਾਂਦੇ ਸਨ। ਪੰਜਾਬ ਵਿੱਚ ਹੜ੍ਹਾਂ ਦੀ ਦੁਖਾਂਤਕ ਕਹਾਣੀ ਉੱਪਰਲੇ ਪਹਾੜੀ ਖੇਤਰਾਂ ਤੋਂ ਸ਼ੁਰੂ ਹੁੰਦੀ ਹੈ। ਸਤਲੁਜ ਤੇ ਬਿਆਸ ਦਰਿਆ ਹਿਮਾਲਿਆ ਦੇ ਨਾਜ਼ੁਕ ਪਹਾੜੀ ਸਰੋਤਾਂ ਤੋਂ ਆਪਣੇ ਨਾਲ ਭਾਰੀ ਮਾਤਰਾ ਵਿੱਚ ਮਿੱਟੀ ਤੇ ਗਾਦ ਵਹਾ ਕੇ ਲਿਆਉਂਦੇ ਹਨ। ਰਵਾਇਤੀ ਤੌਰ 'ਤੇ ਦਰਿਆਵਾਂ ਕੋਲ ਇਸ ਮਿੱਟੀ ਨੂੰ ਅੱਗੇ ਲਿਜਾਣ ਲਈ ਕਾਫ਼ੀ ਚੌੜਾਈ ਤੇ ਡੂੰਘਾਈ ਹੁੰਦੀ ਸੀ, ਪਰ ਦਹਾਕਿਆਂ ਤੋਂ ਜਮ੍ਹਾਂ ਹੋ ਰਹੀ ਸਿਲਟ ਨੇ ਦਰਿਆਵਾਂ ਦੇ ਹੇਠਲੇ ਤਲ ਨੂੰ ਉੱਚਾ ਕਰ ਦਿੱਤਾ ਹੈ, ਜਿਸ ਕਾਰਨ ਇਨ੍ਹਾਂ ਦੇ ਕੁਦਰਤੀ ਪ੍ਰਵਾਹ ਮਾਰਗ ਤੰਗ ਹੋ ਗਏ ਹਨ। ਇਸ ਦੇ ਨਾਲ ਹੀ ਦਰਿਆਈ ਖੇਤਰਾਂ ਵਿੱਚੋਂ ਅੰਨ੍ਹੇਵਾਹ ਹੋ ਰਹੇ ਰੇਤ ਅਤੇ ਬੱਜਰੀ ਦੇ ਗ਼ੈਰ-ਕਾਨੂੰਨੀ ਖਣਨ ਨੇ ਇਸ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ।

ਮਾਹਿਰਾਂ ਅਨੁਸਾਰ ਪੰਜਾਬ ਵਿੱਚ ਕਈ ਥਾਵਾਂ 'ਤੇ ਗਾਦ (ਸਿਲਟ) ਜਮ੍ਹਾਂ ਹੋਣ ਕਾਰਨ ਦਰਿਆਵਾਂ ਦੇ ਹੇਠਲੇ ਹਿੱਸੇ 5 ਤੋਂ 12 ਫੁੱਟ ਤੱਕ ਉੱਚੇ ਹੋ ਗਏ ਹਨ। ਇਸ ਕਾਰਨ ਦਰਿਆਵਾਂ ਅਤੇ ਨਿਕਾਸ ਚੈਨਲਾਂ ਦੀ ਪਾਣੀ ਲਿਜਾਣ ਦੀ ਸਮਰੱਥਾ ਵਿੱਚ ਭਾਰੀ ਕਮੀ ਆਈ ਹੈ। ਕੁਝ ਹਿੱਸਿਆਂ ਵਿੱਚ ਤਾਂ ਇਹ ਸਮਰੱਥਾ ਪਹਿਲਾਂ ਦੇ ਮੁਕਾਬਲੇ ਮਹਿਜ਼ ਇੱਕ-ਤਿਹਾਈ ਰਹਿ ਗਈ ਹੈ। ਇਸ ਦੇ ਨਤੀਜੇ ਹੁਣ ਸਾਫ਼ ਦਿਖਾਈ ਦੇਣ ਲੱਗੇ ਹਨ, ਜੋ ਪਾਣੀ ਪਹਿਲਾਂ ਦਰਿਆ ਦੇ ਕੰਢਿਆਂ ਦੇ ਅੰਦਰ-ਅੰਦਰ ਵਹਿੰਦਾ ਸੀ, ਉਹ ਹੁਣ ਬੰਨ੍ਹਾਂ ਨੂੰ ਤੋੜ ਜਾਂ ਟੱਪ ਕੇ ਰਿਹਾਇਸ਼ੀ ਇਲਾਕਿਆਂ ਵਿੱਚ ਵੜ ਜਾਂਦਾ ਹੈ। ਨਤੀਜੇ ਵਜੋਂ, ਕਿਸੇ ਵੇਲੇ ਆਮ ਮੰਨਿਆ ਜਾਂਦਾ ਮਾਨਸੂਨੀ ਵਹਾਅ ਵੀ ਵਿਗਿਆਨਕ ਤਿਆਰੀ ਦੀ ਘਾਟ ਕਾਰਨ ਹੁਣ ਹੜ੍ਹ ਦੀ ਆਫ਼ਤ ਵਿੱਚ ਬਦਲ ਜਾਂਦਾ ਹੈ।

ਮਾਹਿਰਾਂ ਵੱਲੋਂ ਵਾਰ-ਵਾਰ ਦਿੱਤੀਆਂ ਜਾਂਦੀਆਂ ਚਿਤਾਵਨੀਆਂ ਦੇ ਬਾਵਜੂਦ ਦਰਿਆਵਾਂ ਵਿੱਚੋਂ ਗਾਦ ਕੱਢਣ ਦਾ ਕੰਮ ਹਮੇਸ਼ਾ ਖਿੰਡਿਆ-ਪੁੰਡਿਆ ਅਤੇ ਅਣਗੌਲਿਆ ਰਿਹਾ ਹੈ। ਵੱਖ-ਵੱਖ ਥਾਵਾਂ 'ਤੇ ਮਸ਼ੀਨੀ ਢੰਗ ਨਾਲ ਗਾਦ ਕੱਢਣਾ ਸਮੁੱਚੇ ਵਹਾਅ ਖੇਤਰ (ਬੇਸਿਨ) ਦੀ ਰਣਨੀਤੀ ਦਾ ਬਦਲ ਨਹੀਂ ਹੋ ਸਕਦਾ। ਸੂਬੇ ਨੂੰ ਲੰਮੇ ਸਮੇਂ ਦੇ ਅੰਕੜੇ ਇਕੱਠੇ ਕਰਨ, ਵਹਾਅ ਅਧਿਐਨ ਅਤੇ ਦਰਿਆਈ ਬਣਤਰ ਦੀ ਸਮਝ 'ਤੇ ਆਧਾਰਿਤ ਵਿਗਿਆਨਕ ਮਿੱਟੀ ਤੇ ਗਾਦ ਪ੍ਰਬੰਧਨ ਯੋਜਨਾ ਦੀ ਲੋੜ ਹੈ। ਇਹ ਮਸਲਾ ਇਸ ਲਈ ਵੀ ਹੋਰ ਗੰਭੀਰ ਹੋ ਜਾਂਦਾ ਹੈ ਕਿਉਂਕਿ ਦਰਿਆਵਾਂ ਦੇ ਅੰਦਰਲੇ ਹਿੱਸਿਆਂ ਅਤੇ ਹੜ੍ਹ ਮੈਦਾਨਾਂ (ਖੱਡਿਆਂ/ਮੰਡ ਖੇਤਰਾਂ) 'ਤੇ ਲਗਾਤਾਰ ਨਾਜਾਇਜ਼ ਕਬਜ਼ੇ ਹੋ ਰਹੇ ਹਨ। ਅਜਿਹੇ ਇਲਾਕਿਆਂ ਵਿੱਚ ਪੱਕੀਆਂ ਬਸਤੀਆਂ ਉਸਰ ਚੁੱਕੀਆਂ ਹਨ, ਜੋ ਇਲਾਕੇ ਇਤਿਹਾਸਕ ਤੌਰ 'ਤੇ ਕੁਦਰਤੀ ਹੜ੍ਹ-ਰੋਕੂ ਬਫ਼ਰ ਜ਼ੋਨ ਦਾ ਕੰਮ ਕਰਦੇ ਸਨ। ਜਦੋਂ ਦਰਿਆ ਡੂੰਘਾਈ ਅਤੇ ਚੌੜਾਈ ਦੋਵੇਂ ਹੀ ਗੁਆ ਲੈਂਦੇ ਹਨ ਤਾਂ ਹੜ੍ਹ ਆਉਣਾ ਅਟੱਲ ਹੋ ਜਾਂਦਾ ਹੈ।

ਪੰਜਾਬ ਦੀ ਹੜ੍ਹਾਂ ਪ੍ਰਤੀ ਸੰਵੇਦਨਸ਼ੀਲਤਾ ਦਾ ਸਿੱਧਾ ਸਬੰਧ ਗੋਬਿੰਦ ਸਾਗਰ ਜਲ ਭੰਡਾਰ (ਡੈਮ ਦੀ ਝੀਲ) ਦੀ ਸਥਿਤੀ ਨਾਲ ਵੀ ਜੁੜਿਆ ਹੋਇਆ ਹੈ, ਜੋ ਭਾਖੜਾ ਡੈਮ ਦੁਆਰਾ ਬਣਾਈ ਗਈ ਇੱਕ ਜੀਵਨ-ਰੇਖਾ ਹੈ। ਛੇ ਦਹਾਕਿਆਂ ਤੋਂ ਵੱਧ ਦੇ ਸੰਚਾਲਨ ਦੌਰਾਨ ਇਸ ਜਲ ਭੰਡਾਰ ਅੰਦਰ ਭਾਰੀ ਮਾਤਰਾ ਵਿੱਚ ਸਿਲਟ ਜਮ੍ਹਾਂ ਹੋ ਚੁੱਕੀ ਹੈ। ਹਾਲੀਆ ਅੰਦਾਜ਼ੇ ਦੱਸਦੇ ਹਨ ਕਿ ਜਲ ਭੰਡਾਰ ਦੀ ਅਸਲ ਭੰਡਾਰਨ ਸਮਰੱਥਾ ਦਾ ਲਗਪਗ ਇੱਕ-ਚੌਥਾਈ ਹਿੱਸਾ ਗਾਦ ਕਾਰਨ ਖ਼ਤਮ ਹੋ ਚੁੱਕਾ ਹੈ। ਅਨੁਮਾਨ ਹੈ ਕਿ 2.5 ਅਰਬ ਘਣ ਮੀਟਰ ਤੋਂ ਵੱਧ ਦੀ ਭੰਡਾਰਨ ਥਾਂ ਗਾਦ ਨਾਲ ਭਰ ਚੁੱਕੀ ਹੈ।

ਰਿਪੋਰਟਾਂ ਮੁਤਾਬਿਕ ਇਸ ਸੀਜ਼ਨ ਵਿੱਚ ਜਲ ਭੰਡਾਰ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ ਕਾਫ਼ੀ ਉੱਚਾ ਹੈ। ਸਿੰਚਾਈ ਅਤੇ ਬਿਜਲੀ ਉਤਪਾਦਨ ਲਈ ਜਲ ਭੰਡਾਰ ਵਿੱਚ ਲੋੜੀਂਦਾ ਪਾਣੀ ਹੋਣਾ ਚੰਗੀ ਗੱਲ ਹੈ, ਪਰ ਇਹ ਸਾਨੂੰ ਇਸ ਗੱਲ ਦੀ ਵੀ ਯਾਦ ਦਿਵਾਉਂਦਾ ਹੈ ਕਿ ਮਾਨਸੂਨ ਦੇ ਸਿਖਰਲੇ ਵਹਾਅ ਤੋਂ ਪਹਿਲਾਂ ਡੈਮ ਵਿੱਚ ਹੜ੍ਹ ਰੋਕੂ ਸੁਰੱਖਿਆ ਕੁਸ਼ਨ (ਖਾਲੀ ਥਾਂ) ਬਣਾਈ ਰੱਖਣਾ ਕਿੰਨਾ ਜ਼ਰੂਰੀ ਹੈ। ਪੰਜਾਬ ਹੁਣ ਇਹ ਮੰਨ ਕੇ ਨਹੀਂ ਬੈਠ ਸਕਦਾ ਕਿ ਹੜ੍ਹ ਸਿਰਫ਼ ਇੱਕ ਮੌਸਮੀ ਆਫ਼ਤ ਹੈ, ਜਿਸ ਵੱਲ ਧਿਆਨ ਉਦੋਂ ਹੀ ਦੇਣਾ ਹੈ ਜਦੋਂ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ ਜਾਵੇ। ਹੜ੍ਹਾਂ ਦੇ ਟਾਕਰੇ ਦੀ ਤਿਆਰੀ ਸਾਲ ਭਰ ਸਰਕਾਰ ਦੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ। ਇਸ ਲਈ ਦਰਿਆਵਾਂ ਅਤੇ ਜਲ ਭੰਡਾਰਾਂ ਵਿੱਚੋਂ ਵਿਗਿਆਨਕ ਤਰੀਕੇ ਨਾਲ ਗਾਦ (ਸਿਲਟ) ਕੱਢਣ, ਹੜ੍ਹ ਮੈਦਾਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਸਖ਼ਤੀ ਨਾਲ ਮੁਕਤ ਕਰਵਾਉਣ, ਬੰਨ੍ਹਾਂ ਨੂੰ ਮਜ਼ਬੂਤ ਕਰਨ, ਕੁਦਰਤੀ ਨਿਕਾਸ ਪ੍ਰਣਾਲੀਆਂ ਨੂੰ ਬਹਾਲ ਕਰਨ, ਅਸਲ ਸਮੇਂ ਵਿੱਚ ਪਾਣੀ ਦੇ ਪੱਧਰ ਦੀ ਨਿਗਰਾਨੀ ਅਤੇ ਦਰਿਆਈ ਬੇਸਿਨ ਸਾਂਝੇ ਕਰਨ ਵਾਲੇ ਗੁਆਂਢੀ ਸੂਬਿਆਂ ਵਿੱਚ ਬਿਹਤਰ ਤਾਲਮੇਲ ਦੀ ਸਖ਼ਤ ਲੋੜ ਹੈ।

ਪੰਜਾਬ ਨੇ ਹਮੇਸ਼ਾ ਵੱਡੀਆਂ ਮੁਸ਼ਕਿਲਾਂ ਵਿੱਚ ਆਪਣੀ ਦ੍ਰਿੜ੍ਹਤਾ ਅਤੇ ਜੁਝਾਰੂ ਜਜ਼ਬੇ ਦਾ ਸਬੂਤ ਦਿੱਤਾ ਹੈ, ਪਰ ਇਹ ਜਜ਼ਬਾ ਅਗਾਊਂ ਤਿਆਰੀ ਦਾ ਬਦਲ ਨਹੀਂ ਹੋ ਸਕਦਾ। ਜਿਉਂ-ਜਿਉਂ ਜਲਵਾਯੂ ਪਰਿਵਰਤਨ ਦੇ ਖ਼ਤਰੇ ਵਧ ਰਹੇ ਹਨ ਅਤੇ ਦਰਿਆਈ ਪ੍ਰਣਾਲੀਆਂ ਕਮਜ਼ੋਰ ਹੋ ਰਹੀਆਂ ਹਨ, ਸੂਬੇ ਨੂੰ ਹੜ੍ਹ ਆਉਣ ਤੋਂ ਬਾਅਦ ਰਾਹਤ ਕਾਰਜ ਚਲਾਉਣ ਦੀ ਪੁਰਾਣੀ ਪਹੁੰਚ ਛੱਡ ਕੇ ਹੜ੍ਹ ਰੋਕਣ ਦੀ ਅਗਾਊਂ ਰਣਨੀਤੀ ਵੱਲ ਵਧਣਾ ਹੋਵੇਗਾ। ਮਾਨਸੂਨ ਦਾ ਮੌਸਮ ਹਰ ਸਾਲ ਪੰਜਾਬ ਦੀ ਪ੍ਰੀਖਿਆ ਲੈਂਦਾ ਰਹੇਗਾ ? ਸਵਾਲ ਇਹ ਹੈ ਕਿ ਕੀ ਅਸੀਂ ਆਫ਼ਤਾਂ ਆਉਣ ਤੋਂ ਬਾਅਦ ਜਾਗਾਂਗੇ ? ਜਾਂ ਫਿਰ ਉਨ੍ਹਾਂ ਨੂੰ ਰੋਕਣ ਲਈ ਪਹਿਲਾਂ ਹੀ ਠੋਸ ਕਦਮ ਚੁੱਕਾਂਗੇ ?

# ਆਸਟ੍ਰੇਲੀਆ 'ਚ ਭਾਰਤੀ ਬਜ਼ੁਰਗ: ਜੀਵਨ-ਜਾਚ, ਸੰਘਰਸ਼ ਅਤੇ ਪਰਵਾਸ ਦੀ ਅਸਲ ਤਸਵੀਰ

**ਹਰਜਿੰਦਰ ਸਿੰਘ ਗੁਲਪੁਰ**

ਮੈਂ 2011 ਤੋਂ ਹਰ ਸਾਲ ਆਸਟ੍ਰੇਲੀਆ ਆਉਂਦਾ ਹਾਂ ਅਤੇ ਇੱਕ ਸਾਲ ਬਾਅਦ ਇੱਥੇ ਰਹਿ ਕੇ ਵਾਪਸ ਪੰਜਾਬ ਪਰਤ ਜਾਂਦਾ ਹਾਂ। ਹੁਣ ਤੱਕ ਮੈਂ ਕਾਫੀ ਕੁਝ ਦੇਖਿਆ ਹੈ। ਇੱਥੇ ਦੋ ਤਰ੍ਹਾਂ ਦੇ ਬਜ਼ੁਰਗ ਆਉਂਦੇ ਹਨ; ਇੱਕ ਕੰਮ ਕਰਨ ਵਾਲੇ ਅਤੇ ਦੂਜੇ ਪੂਰੀ ਤਰ੍ਹਾਂ ਵਿਹਲੇ ਰਹਿ ਕੇ ਸਮਾਂ ਗੁਜ਼ਾਰਨ ਵਾਲੇ ਅਤੇ ਘਰ ਦੇ ਨਿੱਕੇ ਮੋਟੇ ਕੰਮਾਂ ਵਿੱਚ ਹੱਥ ਵਟਾਉਣ ਵਾਲੇ। ਕੰਮ ਕਰਨ ਵਾਲੇ ਬਜ਼ੁਰਗ ਜਾਂ ਤਾਂ ਦੂਰ ਦੁਰਾਡੇ ਆਪਣੀ ਜਾਣ ਪਛਾਣ ਵਾਲੇ ਫਾਰਮਾਂ ਵਿੱਚ ਚਲੇ ਜਾਂਦੇ ਹਨ ਜਾਂ ਹਰ ਰੋਜ਼ ਸੌ ਡੇਢ ਸੌ ਕਿਲੋਮੀਟਰ ਦੂਰ ਪੈਂਦੇ ਫਾਰਮਾਂ ਵਿੱਚ ਸਵੇਰੇ ਚਲੇ ਜਾਂਦੇ ਹਨ ਅਤੇ ਸ਼ਾਮ ਨੂੰ ਵਾਪਸ ਘਰ ਆ ਜਾਂਦੇ ਹਨ। ਠੇਕੇਦਾਰ ਉਨ੍ਹਾਂ ਨੂੰ ਗੱਡੀਆਂ ਰਾਹੀਂ ਲੈ ਜਾਂਦੇ ਹਨ ਅਤੇ ਬਣਦਾ ਕਿਰਾਇਆ ਲੈ ਕੇ ਵਾਪਸ ਲੈ ਆਉਂਦੇ ਹਨ। ਉਸੇ ਤਰ੍ਹਾਂ ਜਿਵੇਂ ਸਾਡੇ ਪੰਜਾਬ ਵਿੱਚ ਬੱਚਿਆਂ ਨੂੰ ਸਕੂਲ ਛੱਡਣ ਅਤੇ ਵਾਪਸ ਲਿਆਉਣ ਦਾ ਕੰਮ ਵੱਖ ਵੱਖ ਵਾਹਨਾਂ ਵਾਲੇ ਕਰਦੇ ਹਨ। ਇਸ ਕਿਸਮ ਦੇ ਬਜ਼ੁਰਗਾਂ ਨਾਲ ਮੇਲਜੋਲ ਘੱਟ ਹੀ ਹੁੰਦਾ ਹੈ ਕਿਉਂਕਿ ਉਨ੍ਹਾਂ ਦਾ ਜੀਵਨ ਬਹੁਤ ਜ਼ਿਆਦਾ ਵਿਅਸਤ ਹੁੰਦਾ ਹੈ। ਪੂਰੀ ਤਰ੍ਹਾਂ ਵਿਹਲੇ ਬਜ਼ੁਰਗ ਇੱਥੇ ਬਹੁਤਾ ਮਿਲ ਜਾਂਦੇ ਨੇ। ਇਨ੍ਹਾਂ ਵਿੱਚੋਂ ਜ਼ਿਆਦਾਤਰ ਬਜ਼ੁਰਗਾਂ ਦਾ ਦਿਨ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ ਕਿ ਉਹ ਚਾਹ ਪਾਣੀ ਪੀ ਕੇ ਆਪਣੇ ਆਪਣੇ ਢੰਗ ਨਾਲ ਤਿਆਰ ਹੁੰਦੇ ਹਨ। ਇਸ ਤੋਂ ਬਾਅਦ ਉਹ ਆਪਣੇ ਪੋਤਿਆਂ ਦੋਹਤਿਆਂ ਨੂੰ ਸਕੂਲ ਛੱਡਣ ਲਈ ਨਿਕਲ ਜਾਂਦੇ ਹਨ। ਪ੍ਰਾਇਮਰੀ ਸਕੂਲ ਘਰਾਂ ਦੇ ਨੇੜੇ ਤੇੜੇ ਹੀ ਹੁੰਦੇ ਹਨ।

ਬੱਚਿਆਂ ਨੂੰ ਸਕੂਲ ਛੱਡ ਕੇ ਕਈ ਬਜ਼ੁਰਗ ਸੈਰ ਕਰਨ ਲੱਗ ਪੈਂਦੇ ਅਤੇ ਕਈ ਬਜ਼ੁਰਗ ਪਾਰਕਾਂ ਅਤੇ ਖੇਡ ਮੈਦਾਨਾਂ ਵਿੱਚ ਬੈਠ ਜਾਂਦੇ ਹਨ। ਜਿਨ੍ਹਾਂ ਬਜ਼ੁਰਗਾਂ ਨੇ ਆਪਣੇ ਦੇਸ਼ ਵਿੱਚ ਕਦੇ ਸੈਰ ਨਹੀਂ ਕੀਤੀ, ਉਹ ਲੰਬੀਆਂ ਲੰਬੀਆਂ ਸੈਰਾਂ ਕਰਦੇ ਹਨ ਅਤੇ ਸਾਫ ਹਵਾ ਅੰਦਰ ਖਿੱਚਣ ਦਾ ਲੁਤਫ ਲੈਂਦੇ ਹਨ। ਪਾਰਕਾਂ ਅਤੇ ਖੇਡ ਮੈਦਾਨਾਂ ਦਾ ਪੂਰੇ ਆਸਟ੍ਰੇਲੀਆ ਵਿੱਚ ਜਾਲ਼ ਵਿਛਿਆ ਹੋਇਆ ਹੈ। ਜਿਸ ਪਾਸੇ ਮਰਜ਼ੀ ਤੁਰ ਪਵੋ, ਦਸ ਮਿੰਟ ਬਾਅਦ ਸ਼ਾਨਦਾਰ ਪਾਰਕ ਆ ਜਾਂਦਾ ਹੈ। ਉੱਥੇ ਹਲਕੀਆਂ ਫੁਲਕੀਆਂ ਕਸਰਤਾਂ ਲਈ ਜਿੰਮ ਵਾਂਗ ਮਸ਼ੀਨਾਂ ਦਾ ਪ੍ਰਬੰਧ ਕੀਤਾ ਹੋਇਆ ਹੈ। ਤਕਰੀਬਨ ਦਸ ਕੁ ਵਜੇ ਬਹੁਤੇ ਬਜ਼ੁਰਗ ਨੇੜਲੇ ਕਮਿਉਨਿਟੀ ਹਾਲ ਵਿੱਚ ਚਲੇ ਜਾਂਦੇ ਹਨ ਅਤੇ ਬਾਕੀ ਦੇ ਘਰ ਚਲੇ ਜਾਂਦੇ ਹਨ।

ਕਮਿਉਨਿਟੀ ਹਾਲ ਵਿੱਚ ਬਜ਼ੁਰਗਾਂ ਦਾ ਮੇਲਾ ਲੱਗ ਜਾਂਦਾ ਹੈ। ਉੱਥੇ ਬਕਾਇਦਾ ਕੁਰਸੀਆਂ ਅਤੇ ਮੇਜ਼ਾਂ ਦਾ ਪ੍ਰਬੰਧ ਕੌਂਸਲ ਵੱਲੋਂ ਕੀਤਾ ਹੋਇਆ ਹੈ। ਆਪੋ ਆਪਣੀਆਂ ਟੋਲੀਆਂ ਬਣਾ ਕੇ ਤਾਸ਼ ਖੇਡਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਜ਼ਿਆਦਾ ਕਰਕੇ ਸੀਪ ਖੇਡੀ ਜਾਂਦੀ ਹੈ। ਜਿਨ੍ਹਾਂ ਨੂੰ ਇਹ ਖੇਡ ਨਹੀਂ ਆਉਂਦੀ,ਉਹ ਇੱਕ ਪਾਸੇ ਬੈਠ ਕੇ ਗੱਪਾਂ ਮਾਰਨ ਲੱਗ ਪੈਂਦੇ ਹਨ। ਕਈ ਮਨਚਲੇ ਬਜ਼ੁਰਗ ਲਤੀਫੇ ਅਤੇ ਤਰ੍ਹਾਂ ਤਰ੍ਹਾਂ ਦੇ ਟੋਟਕੇ ਸੁਣਾਉਣ ਦੇ ਮਾਹਰ ਹੁੰਦੇ ਹਨ। ਪੰਜਾਬ ਅਤੇ ਦੇਸ਼ ਦੀ ਰਾਜਨੀਤੀ ਗੱਲਾਂਬਾਤਾਂ ਦਾ ਮੁੱਖ ਧੁਰਾ ਹੁੰਦੀ ਹੈ। ਤਾਸ਼ ਖੇਡਣ ਵਾਲੇ ਚੁੱਪ ਚਾਪ ਤਾਸ਼ ਖੇਡਦੇ ਰਹਿੰਦੇ ਹਨ। ਚਾਹ ਅਤੇ ਕੌਫੀ ਦਾ ਸਮਾਨ ਇੱਕ ਪਾਸੇ ਪਿਆ ਹੁੰਦਾ ਹੈ। ਜਦੋਂ ਜੀਅ ਕਰਦਾ ਹੈ, ਉਹ ਤਿਆਰ ਕਰਕੇ ਪੀਂਦੇ ਰਹਿੰਦੇ ਹਨ। ਇਸਦਾ ਖਰਚਾ ਕੌਂਸਲ ਵੱਲੋਂ ਕੀਤਾ ਜਾਂਦਾ ਹੈ। ਕੌਂਸਲ ਵੱਲੋਂ ਮਹੀਨੇ ਵਿੱਚ ਦੋ ਕੁ ਵਾਰੀ ਉਨ੍ਹਾਂ ਨੂੰ ਸੌ ਪੰਜਾਹ ਕਿ.ਮੀ. ਤੱਕ ਪਿਕਨਿਕ ਮਨਾਉਣ ਲਈ ਬੱਸ ਵੀ ਮੁਹਈਆ ਕਰਵਾਈ ਜਾਂਦੀ ਹੈ। ਕਮਿਉਨਿਟੀ ਹਾਲ ਵਿੱਚ ਤਿੰਨ ਵਜੇ ਤਕ ਸਮਾਂ ਗੁਜ਼ਾਰ ਕੇ ਉਹ ਸਕੂਲ ਦੇ ਮੁੱਖ ਦੁਆਰ 'ਤੇ ਪਹੁੰਚ ਜਾਂਦੇ ਹਨ ਆਪਣੇ ਬੱਚਿਆਂ ਨੂੰ ਘਰ ਲਿਜਾਣ ਲਈ।




ਇਨ੍ਹਾਂ ਵਿੱਚੋਂ ਕੁਝ ਬਜ਼ੁਰਗ ਸ਼ਾਮ ਨੂੰ ਸੈਰ ਸਪਾਟਾ ਕਰਨ ਲਈ ਫਿਰ ਪਾਰਕਾਂ ਦੀ ਸ਼ਰਨ ਵਿੱਚ ਆ ਜਾਂਦੇ ਹਨ। ਇਨ੍ਹਾਂ ਵਿੱਚ ਬਹੁਤੇ ਬਜ਼ੁਰਗ ਅੰਦਰਖਾਤੇ ਪੈੱਗ ਸ਼ੈਗ ਦਾ ਪ੍ਰਬੰਧ ਕਰਕੇ ਆਉਂਦੇ ਹਨ।

ਇਕੱਠੇ ਰਹਿਣ ਦੀ ਆਦਤ ਕਰਕੇ ਕੁਝ ਭਾਰਤੀ ਸੂਬਿਆਂ ਦੇ ਬਜ਼ੁਰਗ ਲੋਕ ਗਰੁੱਪਾਂ ਵਿੱਚ ਘੁੰਮਦੇ ਆਮ ਦੇਖੇ ਜਾ ਸਕਦੇ ਹਨ, ਖਾਸ ਕਰਕੇ ਨੇਪਾਲੀ ਅਤੇ ਭੂਟਾਨੀ। ਗੋਰੇ ਬਜ਼ੁਰਗ ਸੈਰ ਕਰਨ ਸਮੇਂ ਗਰੁੱਪਾਂ ਵਿੱਚ ਨਹੀਂ ਘੁੰਮਦੇ। ਉਹ ਸੈਰ ਨੂੰ ਸੈਰ ਸਮਝ ਕੇ ਕਰਦੇ ਹਨ। ਪ੍ਰਦੇਸਾਂ ਵਿੱਚ ਜੀਅ ਲਾਉਣ ਲਈ ਆਪਣੀ ਜੀਵਨ ਜਾਚ ਵਿੱਚ ਥੋੜ੍ਹੇ ਬਹੁਤੇ ਬਦਲਾਅ ਕਰਨੇ ਪੈਂਦੇ ਹਨ ਜੋ ਜ਼ਿਆਦਾ ਔਖੇ ਨਹੀਂ ਹਨ। ਜਿਹੜੇ ਬਜ਼ੁਰਗ ਆਪਣੀ ਜੀਵਨ ਜਾਚ ਨਹੀਂ ਬਦਲਦੇ ਉਹ ਪੰਜਾਬ ਅਤੇ ਭਾਰਤ ਵਾਂਗ ਇੱਥੇ ਵੀ ਦੁਖੀ ਰਹਿੰਦੇ ਹਨ। ਸਿਆਣੇ ਬਜ਼ੁਰਗ ਇੱਥੋਂ ਦੇ ਜੀਵਨ ਮੁਤਾਬਿਕ ਆਪਣੇ ਆਪ ਨੂੰ ਢਾਲ ਲੈਂਦੇ ਹਨ। ਕੁਝ ਬਜ਼ੁਰਗ ਆਪਣੇ ਸਖਤ ਸੁਭਾਅ ਕਾਰਨ ਨੂੰਹਾਂ ਅਤੇ ਬੱਚਿਆਂ ਨਾਲ ਘੁਲ ਮਿਲ ਕੇ ਨਹੀਂ ਰਹਿ ਸਕਦੇ। ਅਜਿਹੇ ਬਜ਼ੁਰਗਾਂ ਦਾ ਇੱਥੇ ਰਹਿਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਅਜਿਹੇ ਬਜ਼ੁਰਗ ਬੱਚਿਆਂ ਦੇ ਕੰਮਾਂ ਵਿੱਚ ਦਖਲ ਅੰਦਾਜ਼ੀ ਕਰਦੇ ਰਹਿੰਦੇ ਹਨ, ਜਿਸ ਨੂੰ ਧੀਆਂ ਪੁੱਤ ਤਾਂ ਬਰਦਾਸ਼ਤ ਕਰ ਲੈਂਦੇ ਹਨ ਪ੍ਰੰਤੂ ਅਗਲੀ ਪੀੜ੍ਹੀ ਬਰਦਾਸ਼ਤ ਨਹੀਂ ਕਰਦੀ। ਜਿਹੜੇ ਬਜ਼ੁਰਗ ਆਪਣੇ ਆਪ ਨੂੰ ਇੱਥੋਂ ਦੇ ਸਿਸਟਮ ਅਨੁਸਾਰ ਢਾਲ ਲੈਂਦੇ ਹਨ ਉਨ੍ਹਾਂ ਦਾ ਜੀਅ ਇੱਥੇ ਲੱਗਾ ਰਹਿੰਦਾ ਹੈ। ਇਸ ਲਈ ਉਹ ਵਾਰ ਵਾਰ ਇੱਥੇ ਆਉਂਦੇ ਰਹਿੰਦੇ ਹਨ।

ਸ਼ਨਿੱਚਰਵਾਰ ਅਤੇ ਐਤਵਾਰ ਨੂੰ ਬਹੁਤੇ ਬਜ਼ੁਰਗ ਨੇੜੇ ਪੈਂਦੇ ਗੁਰਦੁਆਰਿਆਂ ਅਤੇ ਮੰਦਰਾਂ ਵਿੱਚ ਚਲੇ ਜਾਂਦੇ ਹਨ। ਕੋਈ ਉੱਥੇ ਲੰਗਰ ਵਿੱਚ ਸੇਵਾ ਕਰਦਾ ਹੈ ਅਤੇ ਕੋਈ ਸਾਫ ਸਫਾਈ ਕਰਨ ਵਿੱਚ ਹੱਥ ਵਟਾਉਂਦਾ ਹੈ। ਕੁਝ ਬਜ਼ੁਰਗ ਸਮੇਤ ਪਰਿਵਾਰ ਜਾਂਦੇ ਹਨ, ਕੁਝ ਆਪਣੇ ਹਮ ਉਮਰ ਸਾਥੀਆਂ ਨਾਲ। ਸਾਰੀ ਦਿਹਾੜੀ ਗੁਰਦਵਾਰਿਆਂ ਜਾਂ ਮੰਦਰਾਂ ਵਿੱਚ ਬਿਤਾ ਕੇ ਅਤੇ ਆਪਣੇ ਹਮ ਵਤਨਾਂ ਨਾਲ ਨਵੀਂਆਂ ਸਾਂਝਾਂ ਪਾ ਕੇ ਦੇਰ ਸ਼ਾਮ ਘਰਾਂ ਨੂੰ ਪਰਤ ਆਉਂਦੇ ਹਨ। ਇਨ੍ਹਾਂ ਅਸਥਾਨਾਂ ਉੱਤੇ ਸਵੇਰ ਤੋਂ ਸ਼ਾਮ ਤਕ ਖਾਣ ਪੀਣ ਦੀ ਕੋਈ ਘਾਟ ਨਹੀਂ ਹੁੰਦੀ। ਕਮਿਉਨਿਟੀ ਕੇਂਦਰਾਂ ਤੋਂ ਇਲਾਵਾ ਧਾਰਮਿਕ ਸਥਾਨ ਆਪਸ ਵਿੱਚ ਮਿਲ ਬੈਠਣ ਦਾ ਵਧੀਆ ਜ਼ਰੀਆ ਮੰਨੇ ਜਾਂਦੇ ਹਨ।

ਬਜ਼ੁਰਗਾਂ ਦਾ ਮੁੱਖ ਮਕਸਦ ਸਮਾਂ ਗੁਜ਼ਾਰਨਾ ਹੁੰਦਾ ਹੈ। ਪਾਰਕ, ਖੇਡ ਮੈਦਾਨ, ਕਮਿਉਨਿਟੀ ਸੈਂਟਰ ਅਤੇ ਧਾਰਮਿਕ ਅਸਥਾਨ ਉਨ੍ਹਾਂ ਦਾ ਮਨ ਭਾਉਂਦਾ ਟਿਕਾਣਾ ਬਣਦੇ ਹਨ। ਇਸ ਤੋਂ ਇਲਾਵਾ ਉਹ ਪਰਿਵਾਰਕ ਪਾਰਟੀਆਂ ਵਿੱਚ ਵੀ ਸ਼ਾਮਲ ਹੁੰਦੇ ਰਹਿੰਦੇ ਹਨ। ਹਰ ਕਮਿਉਨਿਟੀ ਸਮੇਂ ਸਮੇਂ ਖੇਡ ਮੇਲੇ ਕਰਵਾਉਂਦੀ ਰਹਿੰਦੀ ਹੈ। ਇਨ੍ਹਾਂ ਮੇਲਿਆਂ ਵਿੱਚ ਵੀ ਬਜ਼ੁਰਗਾਂ ਦੀ ਹਾਜ਼ਰੀ ਭਰਪੂਰ ਹੁੰਦੀ ਹੈ। ਜਿਹੜੇ ਬਜ਼ੁਰਗ ਪੜ੍ਹੇ ਲਿਖੇ ਅਤੇ ਸਾਹਿਤਕ ਰੁਚੀਆਂ ਦੇ ਮਾਲਕ ਹੁੰਦੇ ਹਨ, ਉਹ ਅਖਬਾਰਾਂ ਰਸਾਲੇ ਪੜ੍ਹ ਕੇ ਵੀ ਟਾਈਮ ਪਾਸ ਕਰ ਲੈਂਦੇ ਹਨ। ਲਿਖਣ ਵਾਲਿਆਂ ਕੋਲ ਇੱਥੇ ਖੁੱਲ੍ਹਾ ਸਮਾਂ ਹੁੰਦਾ ਹੈ। ਸਾਹਿਤਕ ਸਮਾਗਮ ਵੀ ਹੁੰਦੇ ਰਹਿੰਦੇ ਹਨ, ਜਿੱਥੇ ਨਵੇਂ ਪੁਰਾਣੇ ਲੇਖਕਾਂ ਨੂੰ ਮਿਲਣ ਦਾ ਸਬੱਬ ਬਣਦਾ ਰਹਿੰਦਾ ਹੈ।

ਮੁੱਕਦੀ ਗੱਲ ਇਹ ਹੈ ਕਿ ਸਾਰਾ ਕਿੱਸਾ ਮਨ ਉੱਤੇ ਆ ਕਿ ਖੜ੍ਹ ਜਾਂਦਾ ਹੈ। ਮਨ ਪਰਦੇਸੀ ਜੇ ਥੀਆ ਸਭ ਦੇਸ਼ ਪਰਾਇਆ। ਅਗਰ ਤੁਹਾਡਾ ਮਨ ਅਵਾਰਾਗਰਦੀ ਕਰਦਾ ਰਹੇ ਤਾਂ ਤੁਹਾਨੂੰ ਖੁਦ ਦਾ ਦੇਸ ਵੀ ਪਰਦੇਸ ਲਗਦਾ ਹੈ। ਸੀਮਿਤ ਬੁੱਧੀ ਦੇ ਮਾਲਕਾਂ ਲਈ ਕੰਧ ਓਹਲੇ ਦਾ ਮਾਮਲਾ ਵੀ ਪਰਦੇਸ ਦੇ ਬਰਾਬਰ ਹੁੰਦਾ ਹੈ। ਦੂਜੇ ਪਾਸੇ ਬਾਬਾ ਬੁੱਲੇ ਸ਼ਾਹ ਨੇ ਫਰਮਾਇਆ ਹੈ ਕਿ ਬੁੱਲ੍ਹਿਆ ਮਨ ਦਾ ਕੀ ਸਮਝਾਉਣਾ, ਏਧਰੋਂ ਪੁੱਟ ਕੇ ਇੱਧਰ ਲਾਉਣਾ। ਤੁਸੀਂ ਜਿੱਥੇ ਰਹਿੰਦੇ ਹੋ ਤੁਹਾਨੂੰ ਮਨੋ ਵਿਗਿਆਨਕ ਸਮਝ ਹੋਣੀ ਚਾਹੀਦੀ ਹੈ। ਫਿਰ ਭਾਵੇਂ ਤੁਹਾਡਾ ਜਨਮ ਅਸਥਾਨ ਹੋਵੇ ਜਾਂ ਕੋਈ ਪਰਾਇਆ ਦੇਸ਼। ਆਪਣੀ ਜਨਮ ਭੂਮੀ ਦਾ ਹੇਰਵਾ ਤੁਹਾਡਾ ਖਹਿੜਾ ਮੌਤ ਤਕ ਨਹੀਂ ਛੱਡਦਾ। ਤੁਹਾਨੂੰ ਰਾਤ ਦੇ ਸੁਪਨੇ ਆਪਣੀ ਜਨਮ ਭੂਮੀ ਦੇ ਹੀ ਆਉਂਦੇ ਹਨ। ਲੇਕਿਨ ਸਭ ਤੋਂ ਵੱਡਾ ਸੱਚ ਇਹ ਹੈ ਕਿ ਦੁਨੀਆਦਾਰੀ ਨਿਭਾਉਣ ਅਤੇ ਰੋਟੀ ਰੋਜ਼ੀ ਦੇ ਚੱਕਰਾਂ ਵਿੱਚ ਸਾਨੂੰ ਤੁਹਾਨੂੰ ਮਨ ਉੱਤੇ ਕਾਬੂ ਪਾਉਣਾ ਹੀ ਪੈਂਦਾ ਹੈ। ਜੇ ਮਨ ਦੇ ਅੱਥਰੇ ਘੋੜੇ ਦੀਆਂ ਲਗਾਮਾਂ ਫੜ ਕੇ ਰੱਖੋਗੇ ਤਾਂ ਚਾਰ ਦਿਨ ਸੁੱਖ ਦੇ ਕੱਟ ਲਵੋਗੇ ਨਹੀਂ ਤਾਂ ਮਾਨਸਿਕ ਰੋਗਾਂ ਦੇ ਸ਼ਿਕਾਰ ਬਣ ਜਾਵੋਗੇ।




# ਚੱਕਰਵਤੀ ਬਰਸਾਤ ਦਾ ਮਹੀਨਾ 'ਭਾਦੋਂ'




ਜਗਮੋਹਨ ਸਿੰਘ 'ਲੱਕੀ'
9463819174

**ਭਾਦੋਂ ਮਹੀਨੇ ਪੈਂਦੀ ਚੱਕਰਵਾਤੀ ਬਰਸਾਤ ਇਸ ਗੱਲ ਦੀ ਸੂਚਕ ਹੈ ਕਿ ਮਨੁੱਖੀ ਜਿੰਦਗੀ ਵਿੱਚ ਅਨੇਕਾਂ ਉਤਰਾਓ ਚੜਾਓ ਅਤੇ ਚੱਕਰਵਾਤ ਆਉਂਦੇ ਰਹਿੰਦੇ ਹਨ, ਪਰ ਮਨੁੱਖ ਨੂੰ ਥਿੜਕਣਾ ਅਤੇ ਡੋਲਣਾ ਨਹੀਂ ਚਾਹੀਦਾ ਅਤੇ ਮਿਹਨਤ ਕਰਦਿਆਂ ਉਸ ਕਾਦਰ ਦੀ ਕੁਦਰਤ ਦਾ ਆਨੰਦ ਮਾਣਦਿਆਂ ਜਿੰਦਗੀ ਬਤੀਤ ਕਰਨੀ ਚਾਹੀਦੀ ਹੈ। ਭਾਦੋਂ ਮਹੀਨੇ ਸਿੱਲੀ ਸਿੱਲੀ ਹਵਾ ਦੇ ਵਾ- ਵਰੋਲਿਆਂ ਦੀ ਸ਼ੀਤਲਤਾ ਦਾ ਆਨੰਦ ਹਰ ਇਨਸਾਨ ਨੂੰ ਉਠਾਉਣਾ ਚਾਹੀਦਾ ਹੈ। ਭਾਦੋਂ ਮਹੀਨੇ ਦੌਰਾਨ ਅੱਧੀਂ ਰਾਤੀਂ ਵੱਡੇ ਤੜਕੇ ਰੁਮਕਦੀ ਠੰਡੀ ਤੇ ਸਿੱਲੀ ਸਿੱਲੀ ਹਵਾ ਅਤੇ ਨਿੱਕੀ ਕਣੀ ਦਾ ਪੈਂਦਾ ਮੀਂਹ ਸਭ ਦਾ ਮਨ ਮੋਹ ਲੈਂਦੇ ਹਨ।**

ਕੁਦਰਤ ਦੇ ਨੇਮ 'ਚ ਬੱਝੀਆਂ ਵੱਖ- ਵੱਖ ਰੁੱਤਾਂ ਆਪੋ ਆਪਣੇ ਸਮੇਂ 'ਤੇ ਆ ਕੇ ਆਪਣੀ ਕਲਾ ਵਿਖਾਉਂਦੀਆਂ ਹਨ। ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਇਸ ਸਮੇਂ ਸਾਵਣ ਮਹੀਨਾ ਹੋਣ ਕਾਰਨ ਬਰਸਾਤ ਦੀ ਰੁੱਤ ਚੱਲ ਰਹੀ ਹੈ ਅਤੇ ਭਾਦੋਂ ਦਾ ਮਹੀਨਾ ਸ਼ੁਰੂ ਹੋਣ ਵਾਲਾ ਹੈ। ਇਸ ਸਾਲ ਮੌਨਸੂਨ ਢਿੱਲੀ ਰਹਿਣ ਕਾਰਨ ਪੰਜਾਬ ਸਮੇਤ ਕਈ ਸੂਬਿਆਂ ਵਿੱਚ ਬਰਸਾਤਾਂ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਪੈ ਰਹੀਆਂ ਹਨ, ਪਰ ਆਸਾਮ ਵਰਗੇ ਸੂਬਿਆਂ ਵਿੱਚ ਵਧੇਰੇ ਬਰਸਾਤਾਂ ਹੋਣ ਕਾਰਨ ਹੜ੍ਹ ਆਏ ਹੋਏ ਹਨ। ਇਹ ਸਭ ਕੁਦਰਤ ਦੇ ਰੰਗ ਹਨ। ਇਹ ਸਤਰਾਂ ਲਿਖਣ ਵੇਲੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਇਸ ਸਮੇਂ ਸਿੱਲੀ ਸਿੱਲੀ ਹਵਾ ਰੁਮਕਦੀ ਜਾ ਰਹੀ ਹੈ, ਅਸਮਾਨ 'ਤੇ ਮੀਂਹ ਨਾਲ ਭਰੇ ਬੱਦਲ ਛਾਏ ਹੋਏ ਹਨ, ਕਿਤੇ ਕਿਤੇ ਹਲਕੀ ਭੂਰ ਵੀ ਪੈ ਰਹੀ ਹੈ ਜਿਸ ਕਾਰਨ ਮੌਸਮ ਕਾਫ਼ੀ ਸੋਹਾਵਣਾ ਹੋ ਗਿਆ ਹੈ। ਇਸ ਸੋਹਾਵਣੇ ਮੌਸਮ ਦਾ ਆਨੰਦ ਜਿੱਥੇ ਨੌਜਵਾਨ ਮੁੰਡੇ ਕੁੜੀਆਂ ਉਠਾ ਰਹੇ ਹਨ, ਉਥੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਵੱਲੋਂ ਵੀ ਇਸ ਬਰਸਾਤੀ ਮੌਸਮ ਦਾ ਆਨੰਦ ਉਠਾਇਆ ਜਾ ਰਿਹਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਸਾਵਣ ਮਹੀਨੇ ਵਾਂਗ ਹੀ ਭਾਦੋਂ ਮਹੀਨੇ ਦਾ ਵੀ ਵਿਸੇਸ਼ ਮਹੱਤਵ ਹੈ। ਭਾਦੋਂ ਮਹੀਨੇ ਪੰਜਾਬ ਸਮੇਤ ਪੂਰੇ ਉਤਰੀ ਭਾਰਤ ਵਿੱਚ ਮੌਨਸੂਨ ਪੌਣਾਂ ਪੂਰੇ ਜੋਬਨ 'ਤੇ ਹੁੰਦੀਆਂ ਹਨ ਅਤੇ ਨਮੀ ਨਾਲ ਭਰੀਆਂ ਇਹ ਮੌਨਸੂਨ ਪੌਣਾਂ ਆਪਣੀ ਜਵਾਨੀ ਦੇ ਜਲਵੇ ਦਿਖਾਉਂਦੀਆਂ ਛਮ ਛਮ ਬਰਸਦੀਆਂ ਹਰ ਪਾਸੇ ਜਲ ਥਲ ਕਰ ਦਿੰਦੀਆਂ ਹਨ। ਭਾਦੋਂ ਮਹੀਨੇ ਨੂੰ ਭਾਦਰੋਂ ਮਹੀਨਾ ਵੀ ਕਿਹਾ ਜਾਂਦਾ ਹੈ। ਬਰਸਾਤ ਰੁੱਤ ਦੇ ਮਹੀਨੇ ਅਤੇ ਸੇਵੀਆਂ ਵੱਟਣ ਦੇ ਮਹੀਨੇ ਮੰਨੇ ਜਾਂਦੇ ਭਾਦੋਂ ਮਹੀਨੇ ਜਿਥੇ ਦਿਨ ਵੇਲੇ ਅਸਮਾਣ 'ਤੇ ਕਾਲੀਆਂ ਘਟਾਵਾਂ ਚੜ੍ਹੀਆਂ ਦਿਖਾਈ ਦਿੰਦੀਆਂ ਹਨ, ਉਥੇ ਭਾਦੋਂ ਮਹੀਨੇ ਰਾਤਾਂ ਵੀ ਕਾਲੀਆਂ ਹੋ ਜਾਂਦੀਆਂ ਹਨ, ਭਾਦੋਂ ਮਹੀਨੇ ਦਿਨ ਛੋਟੇ ਹੁੰਦੇ ਜਾਂਦੇ ਹਨ ਅਤੇ ਰਾਤਾਂ ਵੱਡੀਆਂ ਹੋਣ ਲੱਗਦੀਆਂ ਹਨ। ਜਿਵੇਂ ਜਿਵੇਂ ਭਾਦੋਂ ਮਹੀਨਾ ਬੀਤਦਾ ਜਾਂਦਾ ਹੈ ਤਾਂ ਭਾਦੋਂ ਦੀਆਂ ਕਾਲੀਆਂ ਰਾਤਾਂ ਹਲਕੀਆਂ ਠੰਡੀਆਂ ਵੀ ਹੁੰਦੀਆਂ ਜਾਂਦੀਆਂ ਹਨ। ਭਾਦੋਂ ਮਹੀਨੇ ਦੀ ਚੜ੍ਹਦੀ ਸਵੇਰ ਬਿਲਕੁਲ ਹਲਕੀ ਜਿਹੀ ਗੁਲਾਬੀ ਠੰਡਕ ਵਾਲੀ ਹੁੰਦੀ ਹੈ, ਜੋ ਕਿ ਗਰਮੀਆਂ ਦੇ ਮਹੀਨਿਆਂ ਦੌਰਾਨ ਤਪੇ ਹੋਏ ਅਤੇ ਮਹਿੰਗਾਈ ਦੀ ਭੱਠੀ ਵਿੱਚ ਝੁਲਸੇ ਦਿਲਾਂ ਤੇ ਸਰੀਰਾਂ ਨੂੰ ਧੁਰ ਅੰਦਰ ਤਕ ਹਲਕਾ ਜਿਹਾ ਠਾਰਦੀ ਤੇ ਨਸ਼ਿਆਉਂਦੀ ਜਾਂਦੀ ਹੈ। ਭਾਦੋਂ ਦੇ ਮਹੀਨੇ ਪੈਣ ਵਾਲੀ ਬਰਸਾਤ ਦੀ ਇੱਕ ਵਿਸ਼ੇਸ਼ ਗੱਲ ਇਹ ਵੀ ਹੈ ਕਿ ਇਸ ਮਹੀਨੇ ਪੈਣ ਵਾਲੀ ਬਰਸਾਤ ਚੱਕਰਵਾਤੀ ਹੁੰਦੀ ਹੈ।



ਇਹ ਬਰਸਾਤ ਇੱਕ ਪਾਸੇ ਬਾਛੜ ਨਹੀਂ ਕਰਦੀ, ਸਗੋਂ ਮੀਂਹ ਪੈਣ ਦੌਰਾਨ ਚਾਰੋ ਪਾਸੇ ਹੀ ਬਾਛੜ ਘੁੰਮਦੀ ਰਹਿੰਦੀ ਹੈ।

ਭਾਦੋਂ ਦੇ ਮਹੀਨੇ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਦਿਨ ਵਿੱਚ ਪਹਿਲਾਂ ਤਿੱਖੀ ਧੁੱਪ ਨਿਕਲ ਆਉਂਦੀ ਹੈ, ਜਿਸ ਕਰਕੇ ਘਰਾਂ ਦੀਆਂ ਸੁਆਣੀਆਂ ਕਪੜੇ ਧੋ ਕੇ ਛੱਤਾਂ 'ਤੇ ਸੁਕਣੇ ਪਾ ਦਿੰਦੀਆਂ ਹਨ, ਤੇਜ਼ ਧੁੱਪ ਦੌਰਾਨ ਹੀ ਅਚਾਨਕ ਮੋਹਲੇਧਾਰ ਮੀਂਹ ਪੈਣ ਲੱਗਦਾ ਹੈ, ਜੋ ਮੋਟੀ ਕਣੀ ਦਾ ਹੁੰਦਾ ਹੈ, ਜਿਸ ਕਾਰਨ ਆਟਾ ਗੁੰਨਦੀਆਂ ਜਾਂ ਹੋਰ ਕੰਮ ਧੰਦੇ ਕਰਨ ਲੱਗੀਆਂ ਸੁਆਣੀਆਂ ਨੂੰ ਤੁਰੰਤ ਛੱਤ ਤੇ ਜਾ ਕੇ ਸੁਕਣੇ ਪਾਏ ਕਪੜੇ ਉਤਾਰਨੇ ਪੈ ਜਾਂਦੇ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ...। ਸਾਉਣ ਵਾਂਗੂ ਹੀ ਭਾਦੋਂ ਦੇ ਛਰਾਟੇ ਵੀ ਆਪਣੀ ਵੱਖਰੀ ਅਹਿਮੀਅਤ ਰੱਖਦੇ ਹਨ।

ਭਾਦੋਂ ਮਹੀਨੇ ਦੇ 'ਚਮਾਸੇ' ਵੀ ਬਹੁਤ ਮਸ਼ਹੂਰ ਹਨ। ਭਾਦੋਂ ਮਹੀਨੇ ਸਿਰਫ ਬਰਸਾਤ ਹੀ ਨਹੀਂ ਪੈਂਦੀ ਸਗੋਂ ਤਿੱਖੀ ਧੁੱਪ ਵੀ ਨਿਕਲਦੀ ਹੈ, ਜੋ ਕਿ ਮਨੁਖੀ ਸਰੀਰਾਂ ਨੂੰ ਚੁਭਦੀ ਲੱਗਦੀ ਹੈ। ਭਾਦੋਂ ਮਹੀਨੇ ਭਾਰੀ ਬਰਸਾਤ ਪੈਣ ਤੋਂ ਬਾਅਦ ਤੁਰੰਤ ਹੀ ਤਿੱਖੀ ਧੁੱਪ ਵੀ ਨਿਕਲ ਆਉਂਦੀ ਹੈ ਜਿਸ ਕਰਕੇ ਹਰ ਪਾਸੇ ਹੁੰਮਸ ਜਿਹੀ ਪੈਦਾ ਹੋ ਜਾਂਦੀ ਹੈ। ਭਾਦੋਂ ਮਹੀਨੇ ਵਿੱਚ ਖੇਤਾਂ ਵਿੱਚ ਕੰਮ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ ਕਿਉਂਕਿ ਇਕ ਤਾਂ ਭਾਰੀ ਮੀਂਹ ਆਪਣੀ ਮਰਜ਼ੀ ਨਾਲ ਪੈਂਦਾ ਰਹਿੰਦਾ ਹੈ, ਫਿਰ ਮੀਂਹ ਤੋਂ ਬਾਅਦ ਬਹੁਤ ਹੀ ਤੇਜ਼ ਤੇ ਤਿੱਖੀ ਧੁੱਪ ਨਿਕਲਦੀ ਹੈ, ਜਿਸ ਵਿੱਚ ਚਿੜੀ ਵੀ ਨਹੀਂ ਫੜਕਦੀ। ਅਜਿਹੇ ਹੁੰਮਸ ਭਰੇ ਮਾਹੌਲ ਵਿੱਚ ਖੇਤਾਂ ਵਿੱਚ ਕੰਮ ਕਰਨਾ ਬਹੁਤ ਹੀ ਮੁਸ਼ਕਿਲ ਹੋ ਜਾਂਦਾ ਹੈ। ਇਸ ਮਹੀਨੇ ਮਨੁਖੀ ਸਰੀਰ ਨੂੰ ਪਸੀਨਾ ਚਿਪਚਿਪਾ ਜਿਹਾ ਆਉਂਦਾ ਹੈ। ਅਜਿਹੀ ਹੁੰਮਸ ਅਤੇ ਗਰਮੀ ਵਿੱਚ ਸਖ਼ਤ ਮਿਹਨਤ ਵਾਲਾ ਕੰਮ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।



ਅੱਜ ਦਾ ਬਚਪਣ ਜਿਥੇ ਮੋਬਾਇਲ ਤੇ ਕੰਪਿਊਟਰ ਗੇਮਾਂ ਵਿੱਚ ਗੁਆਚ ਜਿਹਾ ਗਿਆ ਹੈ, ਉਥੇ ਅੱਜ ਦੀ ਜਵਾਨੀ ਬੇਰੁਜ਼ਗਾਰੀ ਦਾ ਸਾਹਮਣਾ ਕਰਦੀ ਹੋਈ ਅਕਸਰ ਨਸ਼ੇ ਦੀ ਦਲ ਦਲ ਵਿੱਚ ਫਸ ਜਾਂਦੀ ਹੈ, ਇਸ ਜਵਾਨੀ ਨੂੰ ਸੰਭਾਲਣ ਦੀ ਲੋੜ ਹੈ। ਪੰਜਾਬ ਵਿੱਚ ਵਹਿ ਰਹੇ ਨਸ਼ੇ ਦੇ ਦਰਿਆ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਵੱਡੀ ਗਿਣਤੀ ਪੰਜਾਬੀ ਮਾਪੇ ਆਪਣੇ ਧੀਆਂ ਪੁੱਤਰਾਂ ਨੂੰ ਜਹਾਜ਼ ਚੜਾ ਕੇ ਸੱਤ ਸਮੁੰਦਰ ਪਾਰ ਵਿਦੇਸ਼ ਭੇਜਣ ਨੂੰ ਤਰਜੀਹ ਦੇ ਰਹੇ ਹਨ ਤਾਂ ਕਿ ਉਹਨਾਂ ਦੇ ਲਾਡਾਂ ਨਾਲ ਪਾਲੇ ਬੱਚੇ ਨਸ਼ਿਆਂ ਅਤੇ ਹੋਰ ਅਲਾਮਤਾਂ ਤੋਂ ਬਚੇ ਰਹਿਣ। ਅਜਿਹੇ ਤਨਾਓ ਅਤੇ ਆਪਾਧਾਪੀ ਵਾਲੇ ਮਾਹੌਲ ਵਿੱਚ ਬੱਚਿਆਂ ਨੂੰ ਜਿਥੇ ਹੁਣ ਭਾਦੋਂ ਮਹੀਨੇ ਭਰਵੀਂ ਬਰਸਾਤ ਪੈਣ ਤੋਂ ਬਾਅਦ ਗਲੀਆਂ ਸੜਕਾਂ 'ਤੇ ਵਗਦੇ ਬਰਸਾਤੀ ਪਾਣੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਅਤੇ ਕਾਗਜ਼ ਦੇ ਜਹਾਜ਼ ਚਲਾਉਂਦੇ ਵੇਖਣਾ ਦੁਰਲਭ ਹੋ ਗਿਆ ਹੈ, ਉਥੇ ਪੰਜਾਬ ਦੀ ਜਵਾਨੀ ਅੱਧਮੀਟੀਆਂ ਜਿਹੀਆਂ ਅੱਖੀਆਂ ਨਾਲ ਜਾਂ ਤਾਂ ਵਿਦੇਸ਼ ਜਾਣ ਦੇ ਸੁਪਨੇ ਲੈਂਦੀ ਵਿਖਾਈ ਦਿੰਦੀ ਹੈ, ਜਾਂ ਕਿਸੇ ਚੰਗੀ ਨੌਕਰੀ ਦੀ ਭਾਲ ਵਿੱਚ ਉਹਨਾਂ ਦੀਆਂ ਅੱਖਾਂ ਖਾਲੀ ਖਾਲੀ ਹਰ ਪਾਸੇ ਵੇਖਦੀਆਂ ਰਹਿੰਦੀਆਂ ਹਨ।

ਅੰਗ੍ਰੇਜੀ ਸਕੂਲਾਂ ਵਿੱਚ ਪੜ੍ਹੇ ਪੰਜਾਬ ਦੇ ਵੱਡੀ ਗਿਣਤੀ ਬੱਚਿਆਂ ਅਤੇ ਨੌਜਵਾਨਾਂ ਨੂੰ ਦੇਸੀ ਮਹੀਨਿਆਂ ਬਾਰੇ ਬਹੁਤ ਘੱਟ ਜਾਣਕਾਰੀ ਹੁੰਦੀ ਹੈ। ਫਿਰ ਵੀ ਸਾਵਣ ਮਹੀਨੇ ਮਨਾਈਆਂ ਜਾਂਦੀਆਂ ਤੀਆਂ ਅਤੇ ਹਰਿਆਲੀ ਤੀਜ਼ ਦੇ ਤਿਉਹਾਰ ਕਰਕੇ ਆਧੁਨਿਕ ਯੁੱਗ ਦੇ ਬੱਚਿਆਂ ਨੂੰ ਵੀ ਸਾਵਣ ਮਹੀਨੇ ਬਾਰੇ ਅਤੇ ਉਸ ਤੋਂ ਬਾਅਦ ਆਉਂਦੇ ਭਾਦੋਂ ਮਹੀਨੇ ਬਾਰੇ ਕਿਸੇ ਨਾ ਕਿਸੇ ਪਾਸਿਓਂ ਕੁਝ ਜਾਣਕਾਰੀ ਤਾਂ ਜ਼ਰੂਰ ਮਿਲ ਜਾਂਦੀ ਹੈ। ਚਾਹੀਦਾ ਤਾਂ ਇਹ ਹੈ ਕਿ ਬੱਚਿਆਂ ਦੇ ਸਕੂਲੀ ਸਿਲੇਵਸ ਵਿੱਚ ਇੱਕ ਪਾਠ ਦੇਸੀ ਮਹੀਨਿਆਂ ਬਾਰੇ ਵੀ ਪੜਾਇਆ ਜਾਵੇ ਤਾਂ ਕਿ ਸਾਡੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਪੁਰਾਤਨ ਵਿਰਸੇ ਅਤੇ ਦੇਸੀ ਮਹੀਨਿਆਂ ਦੇ ਮਹੱਤਵ ਬਾਰੇ ਵੀ ਜਾਣਕਾਰੀ ਮਿਲ ਸਕੇ।





# ਸ਼ਹੀਦ ਊਧਮ ਸਿੰਘ ਬਾਰੇ ਪ੍ਰਚੱਲਤ ਕਹਾਣੀਆਂ ਅਤੇ ਅਸਲੀਅਤ ਦਾ ਨਿਖੇੜਾ




ਡਾ. ਗੁਰਵਿੰਦਰ ਸਿੰਘ

ਸ਼ਹੀਦ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸ ਨੇ ਗ਼ੁਲਾਮੀ ਦੇ ਸੰਗਲ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। ਸ਼ਹੀਦ ਊਧਮ ਸਿੰਘ ਦੇ ਜੀਵਨ 'ਤੇ ਪੰਛੀ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਉਸ ਬਾਰੇ ਪ੍ਰਚਲਿਤ ਝੂਠੀਆਂ ਧਾਰਨਾਵਾਂ ਤੋਂ ਕੋਹਾਂ ਦੂਰ, ਅਸਲੀਅਤ ਵਿੱਚ ਪ੍ਰਮਾਣਿਕ ਦਸਤਾਵੇਜ਼ ਕੁਝ ਹੋਰ ਬਿਆਨ ਕਰਦੇ ਹਨ। ਇਸ ਲਿਖਤ ਦਾ ਮਨੋਰਥ ਅਜਿਹੇ ਕੱਚ ਅਤੇ ਸੱਚ ਦਾ ਨਿਖੇੜਾ ਕਰਨਾ ਹੈ। ਇਥੋਂ ਤੱਕ ਕਿ ਲੰਡਨ ਵਿੱਚ ਊਧਮ ਸਿੰਘ ਨੇ ਅਦਾਲਤ ਵਿੱਚ ਜੋ ਬਿਆਨ ਦਿੱਤੇ, ਉਹਨਾਂ ਵਿੱਚ ਵੀ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਹੁੰਦੇ ਹਨ। ਹੋ ਸਕਦਾ ਹੈ ਕਿ ਕੇਸ ਮੁਤਾਬਕ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰਨ ਲਈ ਊਧਮ ਸਿੰਘ ਨੇ ਅਦਾਲਤੀ ਬਿਆਨ ਬਦਲੇ ਹੋਣ। ਇਸ ਲੇਖ ਵਿੱਚ ਪ੍ਰਮਾਣਿਕ ਸੱਚ ਨੂੰ ਅੱਗੇ ਰੱਖਿਆ ਗਿਆ ਹੈ, ਫ਼ਿਰ ਵੀ ਕੋਈ ਦਾਅਵਾ ਨਹੀਂ ਕਿ ਇਹ ਅੰਤਿਮ ਸੱਚਾਈ ਹੈ, ਭਵਿੱਖ ਵਿੱਚ ਨਵੀਂ ਖੋਜ ਅਤੇ ਦਸਤਾਵੇਜ਼ਾਂ ਅਨਸਾਰ ਇਸ ਨੂੰ ਵੀ ਸੋਧਿਆ ਜਾ ਸਕਦਾ ਹੈ।

**ਜਨਮ, ਮਾਤਾ-ਪਿਤਾ ਤੇ ਬਚਪਨ ਬਾਰੇ ਪ੍ਰਮਾਣਿਕ ਸੱਚ** : 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਮਿਹਨਤਕਸ਼ ਪਰਿਵਾਰ 'ਚ, ਮਾਤਾ ਹਰਨਾਮ ਕੌਰ ਅਤੇ ਪਿਤਾ ਟਹਿਲ ਸਿੰਘ ਦੇ ਘਰ ਜਨਮੇ ਊਧਮ ਸਿੰਘ ਦਾ ਪਹਿਲਾਂ ਨਾਂਅ 'ਸ਼ੇਰ ਸਿੰਘ' ਅਤੇ ਪੰਜ ਸਾਲ ਵੱਡੇ ਭਰਾ ਦਾ ਨਾਂਅ ਸਾਧੂ ਸਿੰਘ ਸੀ। 'ਇਨਕਲਾਬੀ ਸ਼ਹੀਦ ਊਧਮ ਸਿੰਘ' ਦੇ ਲਿਖਾਰੀ ਡਾ. ਗੁਰਚਰਨ ਸਿੰਘ ਜ਼ੀਰਾ, ਕਿਤਾਬ ਦੇ ਪੰਨਾ 15 'ਤੇ ਲਿਖਦੇ ਹਨ ਕਿ ਊਧਮ ਸਿੰਘ ਦੇ ਮਾਤਾ-ਪਿਤਾ ਗਰੀਬ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਸ ਦੇ ਪਿਤਾ ਦਾ ਨਾਂਅ ਚੂਹੜ ਰਾਮ ਅਤੇ ਮਾਤਾ ਦਾ ਨਾਂਅ ਨਰਾਇਣੀ ਸੀ। ਮਗਰੋਂ ਦੋਹਾਂ ਨੇ ਕਪਤਾਨ ਰਾਮ ਸਿੰਘ ਦੇ ਪ੍ਰਚਾਰ ਦੇ ਪ੍ਰਭਾਵ ਅਧੀਨ 'ਅੰਮ੍ਰਿਤਪਾਨ' ਕੀਤਾ। ਅੰਮ੍ਰਿਤ ਛੱਕ ਕੇ ਚੂਹੜ ਰਾਮ ਦਾ ਨਾਂਅ ਟਹਿਲ ਸਿੰਘ ਰੱਖਿਆ ਗਿਆ ਅਤੇ ਨਰਾਇਣੀ ਦਾ ਨਵਾਂ ਨਾਂ ਹਰਨਾਮ ਕੌਰ ਰੱਖ ਦਿੱਤਾ ਗਿਆ। ਇਸ ਗਰੀਬ ਪਰਿਵਾਰ ਦੇ ਚਿਰਾਗ ਊਧਮ ਸਿੰਘ ਨੂੰ ਬਚਪਨ ਤੋਂ ਸਿੱਖੀ ਰਵਾਇਤਾਂ ਦੀ ਗੁੜਤੀ ਪ੍ਰਾਪਤ ਹੋਈ, ਜਿਸ ਕਰਕੇ ਉਸ ਨੇ ਅਣਖ ਦਾ ਪ੍ਰਮਾਣ ਦੇ ਕੇ ਇਤਿਹਾਸ 'ਤੇ ਅਮਿੱਟ ਛਾਪ ਛੱਡੀ। ਕਈ ਲੇਖਕਾਂ ਨੇ ਮਾਈਕਲ ਓਡਵਾਇਰ ਕਤਲ ਮੁਕਦਮੇ ਦੌਰਾਨ ਊਧਮ ਸਿੰਘ ਵੱਲੋਂ ਲਿਖਵਾਈ ਜਨਮ ਤਾਰੀਖ਼ ਮਾਰਚ 1903 ਜਾਂ ਫ਼ਿਰ 'ਨੈਸ਼ਨਲ ਰਜਿਸਟਰੇਸ਼ਨ ਕਾਰਡ' ਲੈਣ ਸਮੇਂ ਲੰਡਨ ਵਿੱਚ ਲਿਖਵਾਈ ਤਾਰੀਖ਼ 23 ਅਕਤੂਬਰ 1905 ਨੂੰ ਬਿਆਨ ਕੀਤਾ ਹੈ, ਜੋ ਕਿ ਸਹੀ ਨਹੀਂ। ਇਸੇ ਤਰ੍ਹਾਂ ਊਧਮ ਸਿੰਘ ਨੇ ਕੁਝ ਦਸਤਾਵੇਜ਼ਾਂ 'ਚ ਖ਼ੁਦ ਨੂੰ ਰਾਮਗੜ੍ਹੀਆ ਲਿਖਿਆ, ਇਸ ਗੱਲ ਨੂੰ ਕਈ ਲੇਖਕਾਂ ਨੇ ਵੀ ਆਧਾਰ ਬਣਾ ਲਿਆ, ਜਦ ਕਿ ਅਸਲੀਅਤ ਵਿੱਚ ਉਹ ਕੰਬੋਜ ਬਰਾਦਰੀ ਨਾਲ ਸੰਬੰਧਿਤ ਸਨ।



ਸ੍ਰ. ਊਧਮ ਸਿੰਘ, ਕੈਪਟਨ ਬਚਨ ਸਿੰਘ ਅਤੇ ਮਨਜੀਤ ਸਿੰਘ ਕਾਸ਼ਿਦ ਦੇ ਵਿਚਕਾਰ ਖੜ੍ਹੇ ਹੋਏ ਅਤੇ ਗੋਦ ਵਿਚ ਰਘਵੀਰ ਸਿੰਘ ਰਿਟਾਇਰਡ ਈ.ਓ. ਸੰਨ 1933 (ਸਥਾਨ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸੁਨਾਮ।

**ਊਧਮ ਸਿੰਘ ਦੇ ਵੱਖ-ਵੱਖ ਪਾਸਪੋਰਟਾਂ 'ਤੇ ਵੱਖ-ਵੱਖ ਨਾਵਾਂ ਦੀ ਸੱਚਾਈ** : ਊਧਮ ਸਿੰਘ ਘੁਮੱਕੜ ਸੁਭਾਅ ਦੇ ਮਾਲਕ ਸਨ। ਉਹਨਾਂ ਦੇ ਵੱਖ-ਵੱਖ ਨਾਂਅ ਚਰਚਾ ਵਿੱਚ ਆਉਂਦੇ ਹਨ, ਜਿਵੇਂ ਕਿ ਊਧਮ ਸਿੰਘ, ਸ਼ੇਰ ਸਿੰਘ, ਉਦੈ ਸਿੰਘ, ਫ਼ਰੈਂਕ ਬ੍ਰਾਜ਼ੀਲ, ਬਾਵਾ, ਉਡਾਨ ਸਿੰਘ, ਯੂ.ਐਸ. ਸਿੱਧੂ, ਮੋਹਣ ਸਿੰਘ, ਯੂ.ਐਸ. ਆਜ਼ਾਦ, ਮੁਹੰਮਦ ਸਿੰਘ ਆਜ਼ਾਦ, ਐਮ ਸਿੰਘ ਆਦਿ। ਇਸੇ ਤਰੀਕੇ ਨਾਲ ਵੱਖ-ਵੱਖ ਨਾਵਾਂ ਦੇ ਪਾਸਪੋਰਟ ਬਣਾ ਕੇ ਉਹ ਅਮਰੀਕਾ, ਇੰਗਲੈਂਡ, ਹੋਲੈਂਡ, ਯੂਕਰੇਨ, ਸੋਵੀਅਤ ਯੂਨੀਅਨ, ਆਸਟਰੀਆ, ਬ੍ਰਿਟਿਸ਼ ਅਫ਼ਰੀਕਾ, ਮੈਕਸੀਕੋ, ਸਵਿਟਜ਼ਰਲੈਂਡ, ਪੋਲੈਂਡ, ਹੰਗਰੀ, ਜਰਮਨੀ, ਬੈਲਜੀਅਮ, ਫ਼ਰਾਂਸ, ਇਟਲੀ, ਇਸਟੋਨੀਆ, ਮੈਸੋਪਟਾਮੀਆ, ਲੈਟਵੀਆ ਮਿਡਲ ਈਸਟ ਆਦਿ ਦੇਸ਼ਾਂ ਵਿੱਚ ਗਏ। ਪ੍ਰਮਾਣਿਕ ਦਸਤਾਵੇਜ਼ਾਂ ਅਨੁਸਾਰ ਪੂਰਬੀ ਅਫ਼ਰੀਕਾ ਤੋਂ ਭਾਰਤ ਆ ਕੇ, ਊਧਮ ਸਿੰਘ ਨਵਾਂ ਪਾਸਪੋਰਟ ਬਣਾ ਕੇ 1922 'ਚ ਲੰਡਨ, ਫ਼ਿਰ ਮੈਕਸਿਕੋ ਗਏ। ਮੌਜੀ ਬਿਰਤੀ ਦੇ ਮਾਲਕ ਊਧਮ ਸਿੰਘ ਨੇ ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਫ਼ਿਲਮਾਂ ਸਾਬੂ ਦਾ ਐਲੀਫ਼ੈਂਟ ਬੁਆਏ, ਦਾ ਡਰੱਮ, ਦਾ ਫ਼ੋਰ ਫ਼ਾਦਰਜ਼, ਦਾ ਥੀਫ਼ ਆਫ਼ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ।

**ਊਧਮ ਸਿੰਘ ਦੇ ਗ਼ਦਰ ਲਹਿਰ ਨਾਲ ਜੁੜੇ ਹੋਣ ਦਾ ਸੱਚ** : ਊਧਮ ਸਿੰਘ 1923-24 ਦੌਰਾਨ ਅਮਰੀਕਾ ਰਹੇ। 2 ਸਾਲ ਕੈਲੀਫ਼ੋਰਨੀਆ ਰਹਿੰਦਿਆਂ ਮਿਹਨਤਕਸ਼ ਵਜੋਂ ਕੰਮ-ਕਾਰ ਕੀਤਾ ਅਤੇ ਗ਼ਦਰੀਆਂ ਦੇ ਸੰਪਰਕ ਵਿੱਚ ਰਹੇ। ਅੱਗੇ ਜਾ ਕੇ ਊਧਮ ਸਿੰਘ ਦੀ ਗ੍ਰਿਫ਼ਤਾਰੀ ਸਮੇਂ ਉਹਨਾਂ ਕੋਲੋਂ ਫ਼ੜਿਆ ਗਿਆ 'ਗ਼ਦਰ ਲਿਟਰੇਚਰ' ਵੀ ਉਹਨਾਂ ਦੀ ਪੰਜ ਸਾਲ ਕੈਦ ਦਾ ਕਾਰਨ ਬਣਿਆ ਸੀ। ਕੈਲੀਫ਼ੋਰਨੀਆ 'ਚ ਉਹ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਅਤੇ ਸਰਗਰਮੀਆਂ 'ਚ ਹਿੱਸਾ ਲੈਣ ਲੱਗੇ। ਇੱਥੇ ਹੀ ਗੁਰਦੁਆਰਾ ਖ਼ਾਲਸਾ ਦੀਵਾਨ ਸਟਾਕਟਨ, ਕੈਲੀਫ਼ੋਰਨੀਆ ਵਿਖੇ ਊਧਮ ਸਿੰਘ ਦਾ ਆਉਣ-ਜਾਣ ਰਿਹਾ। ਜ਼ਿਕਰਯੋਗ ਹੈ ਕਿ ਮਗਰੋਂ ਊਧਮ ਸਿੰਘ ਦੇ ਮੁਕਦਮੇ ਦੌਰਾਨ ਗੁਰਦੁਆਰਾ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਵੱਲੋਂ ਕਾਨੂੰਨੀ ਮਦਦ ਲਈ ਮਾਇਆ ਭੇਜੀ ਸੀ।

**ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ ਮੁਲਾਕਾਤਾਂ ਬਾਰੇ ਅਸਲੀਅਤ** : 30 ਅਗਸਤ 1927 ਨੂੰ ਊਧਮ ਸਿੰਘ ਅੰਗਰੇਜ਼ੀ ਭੇਸ ਵਿੱਚ ਅਸਲੇ ਸਮੇਤ ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਫ਼ੜਿਆ ਗਿਆ ਅਤੇ 1928 'ਚ ਊਧਮ ਸਿੰਘ ਨੂੰ 5 ਸਾਲ ਕੈਦ ਹੋਈ। 23 ਅਕਤੂਬਰ 1931 ਨੂੰ ਊਧਮ ਸਿੰਘ ਜੇਲ੍ਹ 'ਚੋਂ ਰਿਹਾਅ ਹੋਇਆ। ਕਈ ਲਿਖਾਰੀਆਂ ਨੇ ਊਧਮ ਸਿੰਘ ਤੇ ਭਗਤ ਸਿੰਘ ਦੀਆਂ ਮੁਲਾਕਾਤਾਂ ਦੇ ਵੇਰਵੇ ਦਿੱਤੇ ਹਨ। ਕਈਆਂ ਨੇ ਤਾਂ ਭਗਤ ਸਿੰਘ ਨੂੰ ਊਧਮ ਸਿੰਘ ਦਾ 'ਗੁਰੂ' ਕਹਿ ਕੇ ਵੀ ਸੰਬੋਧਨ ਕੀਤਾ ਤੇ ਮਾਨਾਂਵਾਲਾ ਥਾਂ 'ਤੇ ਭਗਤ ਸਿੰਘ ਅਤੇ ਊਧਮ ਸਿੰਘ ਵੱਲੋਂ ਰੇਲਵੇ ਲਾਈਨ 'ਤੇ 'ਕਰੰਸੀ ਅਤੇ ਪਿਸਤੌਲ ਬਰਾਮਦ ਕਰਨ ਦੀ ਕਹਾਣੀ' ਵੀ ਘੜ ਦਿੱਤੀ, ਜਦ ਕਿ ਅਸਲੀਅਤ ਵਿੱਚ ਇਹ ਮੁਲਾਕਾਤਾਂ ਕੋਰੀਆਂ ਕਲਪਨਾਵਾਂ ਹਨ। ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ 23 ਮਾਰਚ 1931 ਨੂੰ ਫ਼ਾਂਸੀ ਹੋ ਗਈ ਸੀ, ਜਦ ਕਿ ਊਧਮ ਸਿੰਘ 1927 ਤੋਂ ਅਕਤੂਬਰ 1931 ਤੱਕ ਜੇਲ੍ਹ ਵਿੱਚ ਸੀ। ਇਉ ਇਹਨਾਂ ਦੋਹਾਂ ਦੀ ਮੁਲਾਕਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। 20 ਮਾਰਚ 1933 ਨੂੰ ਉਸ ਨੇ ਲਾਹੌਰ ਤੋਂ ਊਧਮ ਸਿੰਘ ਦੇ ਨਾਮ 'ਤੇ ਨਵਾਂ ਪਾਸਪੋਰਟ ਹਾਸਲ ਕਰ ਲਿਆ ਅਤੇ ਸੰਨ 1934 'ਚ ਇੰਗਲੈਂਡ ਪਹੁੰਚ ਗਿਆ ਸੀ। ਇਸ ਦਾ ਅਰਥ ਇਹ ਨਹੀਂ ਕਿ ਊਧਮ ਸਿੰਘ ਉੱਪਰ ਭਗਤ ਸਿੰਘ ਦੀ ਸ਼ਹਾਦਤ ਦਾ ਅਸਰ ਨਹੀਂ ਸੀ। ਸ਼ਹੀਦ ਊਧਮ ਸਿੰਘ ਜਿੱਥੇ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰਭਾਵਿਤ ਸੀ, ਉਥੇ ਉਸ ਨੇ ਗ਼ਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਤੋਂ ਵੀ ਪ੍ਰਭਾਵ ਕਬੂਲਿਆ। ਉਸ ਦੀ ਸ਼ਖ਼ਸੀਅਤ ਉਪਰ ਗਦਰੀ ਯੋਧੇ ਭਾਈ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ ਦਾ ਗਹਿਰਾ ਅਸਰ ਸੀ। ਸ਼ਹੀਦ ਸਰਾਭਾ ਅਤੇ ਗਦਰ ਲਹਿਰ ਨਾਲ ਜੁੜੀ ਇਹ ਕਵਿਤਾ ਸ਼ਹੀਦ ਊਧਮ ਸਿੰਘ ਅਕਸਰ ਗੁਣਗੁਣਾਉਂਦੇ ਰਹਿੰਦੇ;

ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨਾਂ ਦੇਸ ਸੇਵਾ ਵਿੱਚ ਪੈਰ ਪਾਇਆ
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।



ਜਨਰਲ ਓਡਵਾਇਰ ਨੂੰ ਗੋਲੀ ਮਾਰਨ ਤੋਂ ਬਾਅਦ ਗ੍ਰਿਫਤਾਰੀ ਸਮੇਂ ਸ.ਊਧਮ ਸਿੰਘ
ਮਿਤੀ 13 ਮਾਰਚ 1940 ਸਥਾਨ :- ਕੈਕਸਟਨ ਹਾਲ ਲੰਡਨ




10, ਕੈਕਸਟਨ ਹਾਲ ਰੋਡ, ਲੰਡਨ ਦੇ ਬਾਹਰ ਲੇਖਕ।

**ਸ਼ਹੀਦ ਊਧਮ ਸਿੰਘ ਨੇ ਓਡਵਾਇਰ ਮਾਰਿਆ ਸੀ, ਨਾ ਕਿ ਡਾਇਰ** : ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦੀ ਸਾਕੇ ਮੌਕੇ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਮਾਈਕਲ ਓਡਵਾਇਰ ਸੀ ਅਤੇ ਪੁਲਿਸ ਨੂੰ ਗੋਲ਼ੀਆਂ ਚਲਾਉਣ ਦਾ ਹੁਕਮ ਦੇਣ ਵਾਲਾ ਜਨਰਲ ਡਾਇਰ। ਇਹ ਤੱਥ ਜਗ ਜ਼ਾਹਰ ਹੈ ਕਿ ਸ਼ਹੀਦ ਊਧਮ ਸਿੰਘ ਨੇ ਡਾਇਰ ਨਹੀਂ, ਓਡਵਾਇਰ ਨੂੰ ਮਾਰਿਆ ਸੀ। ਮਾਇਕਲ ਓਡਵਾਇਰ ਜਦ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਸੀ, ਤਾਂ ਉਸ ਨੇ 42 ਇਨਕਲਾਬੀਆਂ ਨੂੰ ਮੌਤ ਦੀ ਸਜ਼ਾ, 114 ਨੂੰ ਉਮਰ ਕੈਦ, ਅਨੇਕਾਂ ਹੋਰਾਂ ਨੂੰ ਵੱਖੋ-ਵੱਖ ਜੇਲ੍ਹ ਸਜ਼ਾਵਾਂ ਦਿੱਤੀਆਂ ਸਨ। ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦੀ ਅਗਵਾਈ ਵੀ, ਸਰਕਾਰ ਦੇ ਆਗੂ ਵਜੋਂ ਲੈਫ਼ਟੀਨੈਂਟ ਗਵਰਨਰ ਮਾਈਕਲ ਓਡਵਾਇਰ ਵੱਲੋਂ ਕੀਤੀ ਗਈ ਸੀ। ਇਸ ਖ਼ੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਊਧਮ ਸਿੰਘ ਨੇ 21 ਸਾਲ ਮਗਰੋਂ ਚੁਕਾਇਆ, ਪਰ ਕਈ ਲਿਖਾਰੀਆਂ ਨੇ ਟਪਲਾ ਖਾ ਕੇ 'ਡਾਇਰ' ਦਾ ਨਾਂਅ ਹੀ ਲਿਖ ਦਿੱਤਾ। ਇਥੋਂ ਤੱਕ ਕਿ ਅਮਰ ਸਿੰਘ ਤੇਗ ਨੇ ਪੱਤਰਕਾਰ ਹਰਭਜਨ ਹਲਵਾਰਵੀ ਨਾਲ 3 ਨਵੰਬਰ 1979 ਨੂੰ ਹੋਈ ਗੱਲਬਾਤ ਵਿੱਚ ਵੀ ਊਧਮ ਸਿੰਘ ਵੱਲੋਂ ਜਨਰਲ ਡਾਇਰ ਨੂੰ ਮਾਰਨ ਦਾ ਟਪਲਾ ਖਾਧਾ। ਅਸਲੀਅਤ ਇਹ ਹੈ ਕਿ ਜਰਨਲ ਡਾਇਰ ਦੀ ਮੌਤ, ਹੰਟਰ ਕਮਿਸ਼ਨ ਵੱਲੋਂ ਖ਼ੂਨੀ ਸਾਕੇ ਦਾ ਦੋਸ਼ੀ ਠਹਿਰਾਉਣ ਮਗਰੋਂ, ਜਬਰੀ ਸੇਵਾ ਮੁਕਤੀ ਦੌਰਾਨ 23 ਜੁਲਾਈ 1927 ਵਿੱਚ ਹੋ ਚੁੱਕੀ ਸੀ। ਇੱਥੋਂ ਤੱਕ ਕਿ ਅਗਾਂਹਵਧੂ ਕਵੀ ਹਰਭਜਨ ਸਿੰਘ 'ਹੁੰਦਲ' ਵੀ ਅਜਿਹਾ ਭੁਲੇਖਾ ਖਾਂਦੇ ਹੋਏ ਲਿਖਦੇ ਹਨ ;

ਅਸੀਂ ਭਾਜੀਆਂ ਮੋੜਨਾ ਜਾਣਦੇ ਹਾਂ,
ਜਾ ਕੇ ਪੁੱਛ ਲਓ ਮੁਗ਼ਲ ਦਰਬਾਰ ਕੋਲੋਂ।
ਜੇਕਰ ਫ਼ਿਰ ਵੀ ਕਿਸੇ ਨੂੰ ਸ਼ੱਕ ਹੋਵੇ,
ਜਾ ਕੇ ਪੁੱਛ ਲਓ 'ਡਾਇਰ' ਪਰਿਵਾਰ ਕੋਲੋਂ।

**ਊਧਮ ਸਿੰਘ ਵੱਲੋਂ 'ਕਿਤਾਬ ਵਿੱਚ ਪਿਸਤੌਲ ਲੁਕਾ ਕੇ ਲਿਜਾਣ' ਦਾ ਸੱਚ** : ਸ਼ਹੀਦ ਊਧਮ ਸਿੰਘ 13 ਮਾਰਚ 1940 ਨੂੰ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਕੈਕਸਟਨ ਹਾਲ ਲੰਡਨ ਜਾ ਪੁੱਜਿਆ। ਕਈ ਲਿਖਾਰੀ ਆਖਦੇ ਹਨ ਕਿ ਉਸ ਨੇ ਪਿਸਤੌਲ ਕਿਤਾਬ ਵਿੱਚ ਲੁਕੋਇਆ ਹੋਇਆ ਸੀ, ਜਦ ਕਿ ਇਹ ਪਿਸਤੌਲ ਕਿਤਾਬ ਵਿੱਚ ਨਹੀਂ ਲੁਕੋਇਆ ਸੀ, ਬਲਕਿ ਊਧਮ ਸਿੰਘ ਦੇ ਕੋਟ ਦੀ ਜੇਬ ਵਿੱਚ ਸੀ। ਊਧਮ ਸਿੰਘ ਦੇ ਕੈਕਸਟਨ ਹਾਲ ਵਿੱਚ ਦਾਖਲ ਹੋਣ ਬਾਰੇ ਵੀ ਗਲਤ ਧਾਰਨਾ ਹੈ ਕਿ ਊਧਮ ਸਿੰਘ ਦੀ 'ਪ੍ਰੇਮਿਕਾ' ਉਸ ਨੂੰ ਨਾਲ ਲੈ ਕੇ ਗਈ। ਦਰਅਸਲ 13 ਮਾਰਚ 1940 ਦੀ ਮੀਟਿੰਗ 'ਈਸਟ ਇੰਡੀਆ ਐਸੋਸੀਏਸ਼ਨ' ਅਤੇ 'ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ' ਵੱਲੋਂ ਸੱਦੀ ਗਈ ਸੀ। ਮੀਟਿੰਗ ਵਿੱਚ ਦਾਖਲਾ ਕੇਵਲ ਪਾਸ ਰਾਹੀਂ ਹੋ ਸਕਦਾ ਸੀ ਤੇ ਇੱਕ ਪਾਸ 'ਤੇ ਦੋ ਵਿਅਕਤੀ ਜਾ ਸਕਦੇ ਸਨ। ਊਧਮ ਸਿੰਘ ਕੈਕਸਟਨ ਹਾਲ ਦੇ ਬਾਹਰ ਮੌਜੂਦ ਸੀ ਅਤੇ ਦਾਖਲ ਹੋਣ ਲਈ ਉਸ ਨੇ ਇੱਕ ਮਹਿਮਾਨ ਔਰਤ ਨੂੰ ਗੁਜ਼ਾਰਿਸ਼ ਕੀਤੀ, ਜਿਸ ਕੋਲ ਇੱਕ ਵਿਅਕਤੀ ਨਾਲ ਲਿਜਾਣ ਦੀ ਗੁੰਜਾਇਸ਼ ਸੀ। ਇਸ ਤਰ੍ਹਾਂ ਫ਼ੁਰਤੀ ਨਾਲ ਉਹ ਹਾਲ ਵਿੱਚ ਦਾਖਲ ਹੋਇਆ।

**ਊਧਮ ਸਿੰਘ ਦਾ ਮਕਸਦ 'ਬ੍ਰਿਟਿਸ਼ ਬਸਤੀਵਾਦ' ਚੁਣੌਤੀ ਦੇਣਾ ਸੀ, ਨਾਕਿ ਇਕੱਲੇ ਓਡਵਾਇਰ ਨੂੰ ਮਾਰਨਾ** : ਜ਼ਿਆਦਾਤਰ ਲੇਖਕ ਊਧਮ ਸਿੰਘ ਦਾ ਮਕਸਦ ਲੰਡਨ ਵਿੱਚ ਓਡਵਾਇਰ ਨੂੰ ਮਾਰਨ ਤੱਕ ਸੀਮਤ ਕਰਦੇ ਹਨ, ਜਦ ਕਿ ਊਧਮ ਸਿੰਘ ਦਾ ਮਕਸਦ ਇਸ ਤੋਂ ਵੱਡਾ ਸੀ। ਮਾਈਕਲ ਓਡਵਾਇਰ ਨੂੰ ਊਧਮ ਸਿੰਘ ਲੰਡਨ ਵਿੱਚ ਕਈ ਮੌਕਿਆਂ 'ਤੇ ਮਿਲਦਾ ਰਿਹਾ, ਪਰ ਉਸ ਨੂੰ ਮਾਰ ਕੇ ਮਹਿਜ਼ ਬਦਲਾ ਲੈਣ ਤੱਕ ਊਧਮ ਸਿੰਘ ਦੀ ਸੋਚ ਸੀਮਤ ਨਹੀਂ ਸੀ। ਉਹ ਬ੍ਰਿਟਿਸ਼ ਬਸਤੀਵਾਦ ਨੂੰ ਚੁਣੌਤੀ ਦੇਣਾ ਚਾਹੁੰਦਾ ਸੀ। ਬੀਤੇ ਵਰ੍ਹਿਆਂ ਦੌਰਾਨ ਮੇਰੇ ਲਈ ਉਹ ਪਲ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ ਓਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ, ਪਰ ਉੱਥੇ ਖੜਦਿਆਂ ਹੀ 'ਰੂਹ ਤੱਕ ਝਰਨਾਹਟ' ਛਿੜ ਜਾਂਦੀ ਹੈ।

13 ਮਾਰਚ 1940 ਕੈਕਸਟਨ ਹਾਲ ਵਿਖੇ ਭਾਸ਼ਣ ਦੇਣ ਵਾਲਿਆਂ ਵਿੱਚ ਸਾਬਕਾ ਵਜ਼ੀਰੇ-ਹਿੰਦ ਲਾਰਡ ਜੈਟਲੈਂਡ, ਲਾਰਡ ਲਮਿੰਗਟਨ ਅਤੇ ਪੰਜਾਬ ਦੇ ਸਾਬਕਾ ਲੈਫ਼ਟੀਨੈਂਟ ਗਵਰਨਰ ਸਰ ਲੂਈ ਡੇਨ ਤੇ ਮਾਈਕਲ ਓਡਵਾਇਰ ਸ਼ਾਮਿਲ ਸਨ। ਬ੍ਰਿਟਿਸ਼ ਇੰਡੀਅਨ ਸਟੇਟ ਦੇ ਇਹਨਾਂ ਮੁਖੀਆਂ ਉੱਪਰ ਊਧਮ ਸਿੰਘ ਨੇ 6 ਗੋਲ਼ੀਆਂ ਚਲਾਈਆਂ। ਓਡਵਾਇਰ ਦੀ ਪਿੱਠ 'ਤੇ ਦੋ ਗੋਲ਼ੀਆਂ ਲੱਗੀਆਂ ਤੇ ਉਹ ਮੌਕੇ 'ਤੇ ਹੀ ਮਾਰਿਆ ਗਿਆ। ਲਾਰਡ ਲਿਮਿੰਗਟਨ ਦੇ ਸੱਜੇ ਹੱਥ 'ਤੇ ਗੋਲ਼ੀ ਲੱਗੀ, ਸਰ ਲੂਈ ਡੇਨ ਦੇ ਬਾਂਹ 'ਤੇ ਗੋਲ਼ੀ ਲੱਗੀ ਅਤੇ ਲਾਰਡ ਜੈਟਲੈਂਡ ਫ਼ਰਸ਼ 'ਤੇ ਡਿੱਗ ਕੇ ਬਚਿਆ। ਊਧਮ ਸਿੰਘ ਦਾ ਰਿਵਾਲਵਰ ਪਹਿਲੇ ਵਿਸ਼ਵ ਯੁੱਧ ਵੇਲੇ ਦਾ ਸੀ, ਜੋ ਕਾਫ਼ੀ ਪੁਰਾਣਾ ਸੀ। ਰਿਵਾਲਵਰ ਤੇ ਗੋਲ਼ੀਆਂ 'ਚ ਕੁਝ ਨੁਕਸ ਹੋਣ ਕਾਰਨ ਕਈਆਂ ਦਾ ਬਚਾਅ ਹੋ ਗਿਆ। ਪਿਸਤੌਲ ਬਾਰੇ ਮਾਹਿਰ ਰੋਬਰਟ ਚਰਚਲ ਦੇ ਦੱਸਣ ਅਨੁਸਾਰ ਗੋਲ਼ੀਆਂ ਪਿਸਤੌਲ ਦੀ ਚੈਂਬਰ 'ਚ ਪੂਰੀਆਂ ਫ਼ਿਟ ਨਹੀਂ ਸਨ, ਜਿਸ ਕਾਰਨ ਨਿਸ਼ਾਨਾ ਠੀਕ ਨਹੀਂ ਬੈਠਿਆ। ਇਥੋਂ ਤੱਕ ਕਿ ਜਿਹੜੀਆਂ ਗੋਲ਼ੀਆਂ ਨਾਲ ਓਡਵਾਇਰ ਮਰਿਆ, ਉਹ ਵੀ 6 ਤੋਂ 8 ਇੰਚ ਦੇ ਫ਼ਾਸਲੇ ਤੋਂ ਲੱਗਣ ਕਾਰਨ ਹੀ ਸਹੀ ਨਿਸ਼ਾਨੇ 'ਤੇ ਲੱਗੀਆਂ ਸਨ। (ਬਾਕੀ ਸਫ਼ਾ 27 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS Loves AMBEST

## FUEL CARDS

NO CREDIT - NO PROBLEM
BEST CUSTOMER SERVICE

QUIKQ wex




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਬਾਰੀ ਰਤਨ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਲਾਏ ਮਾਨਵਵਾਦੀ ਧਰਮ ਵਿੱਚ ਮਨੁੱਖਤਾ ਦੀ ਭਲਾਈ ਦਾ ਇਨਕਲਾਬ ਆਇਆ। ਪੁਰਾਤਨ ਝੂਠੇ ਕਰਮ ਕਾਂਡਾ, ਵਹਿਮਾਂ, ਭਰਮਾਂ ਵਿਚੋਂ ਸਮਾਜ ਨੂੰ ਕੱਢ ਕੇ ਸਵੈ ਮਾਣ ਸਵੈ ਰੱਖਿਆ ਵਾਲਾ ਜੀਵਨ ਜਿਉਣ ਦੇ ਕਾਬਿਲ ਬਣਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਪਦੇਸ਼ ਵਿੱਚ ਇੱਕ ਵਿਕਸਤ ਸ਼ਬਦਾਵਲੀ ਦਾ ਭੰਡਾਰ ਸੀ। ਉਹਨਾਂ ਨੂੰ ਹਰ ਧਰਮ ਦਾ ਡੂੰਘਾ ਗਿਆਨ ਸੀ। ਜਿਸ ਨਾਲ ਉਹ ਆਤਮਿਕ ਵਿਦਿਆ ਵਿੱਚ ਨਿਪੁੰਨ ਸਨ। ਉਹਨਾਂ ਦੇ ਜੀਵਨ ਦਾ ਬਹੁਤ ਸਾਰਾ ਸਮਾਂ ਜੋਗੀਆਂ, ਸੰਤਾਂ ਤੇ ਫਕੀਰਾਂ ਨਾਲ ਚਰਚਾ ਵਿੱਚ ਬੀਤਿਆ। ਸਿੱਧ- ਗੋਸ਼ਟੀ ਵੀ ਉਹਨਾਂ ਦੇ ਇਸੇ ਹੁਨਰ 'ਤੇ ਆਧਾਰਿਤ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।

ਹੇ ਨਾਨਕ! ਜਦ ਤੱਕ ਦੁਨੀਆ ਵਿੱਚ ਜਿਉਣਾ ਹੈ, ਪਰਮਾਤਮਾ ਦੀ ਸਿਫਤਿ ਸਾਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹ ਉਸ ਸਦਭਾਵਨਾ ਦਾ ਮੰਤਰ ਹੈ ਕਿ ਕਿਸੇ ਦੀ ਗੱਲ ਸੁਨਣਾ ਤੇ ਆਪਣੀ ਕਹਿਣ ਨਾਲ ਸੁੱਖ ਮਿਲਦਾ ਹੈ। ਇੱਕ ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚਲਦੀ ਹੈ। ਸ਼ੰਕੇ ਦੂਰ ਹੁੰਦੇ ਹਨ। ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਅਧਿਆਤਮਕ ਵਿਦਿਅਕ ਵਿਵਹਾਰਕ ਤੇ ਰਾਜਨੀਤਕ ਪੱਖੋਂ ਜਾਗ੍ਰਿਤ ਕਰਨਾ ਸੀ। ਜਿੰਨਾ ਚਿਰ ਅਧਿਆਤਮਕ ਗਿਆਨ ਦਾ ਪ੍ਰਚਾਰ ਪਸਾਰ ਨਹੀਂ ਹੁੰਦਾ, ਉਤਨਾ ਚਿਰ ਪ੍ਰਬਲ ਪ੍ਰਕਾਸ਼ ਵੀ ਸਕਾਰਥ ਨਹੀਂ ਹੁੰਦਾ। ਗਿਆਨ ਨੂੰ ਬਾਣੀ ਰੂਪ ਵਿੱਚ ਸੰਗਠਿਤ ਕਰਕੇ ਮਾਨਵ ਧਰਮ ਦਾ ਆਧਾਰ ਬਣਾਇਆ। ਉਸ ਵੇਲੇ ਮਨੁੱਖ ਸਮਾਜ ਦੇ ਵਿਕਾਸ ਲਈ ਸੂਝ ਬੂਝ ਦਾ ਵਿਕਾਸ ਜ਼ਰੂਰੀ ਸੀ। ਉਹਨਾਂ ਖੁਦ ਬਾਣੀ ਉਚਾਰਣ ਕੀਤੀ ਤੇ ਥਾਂ ਥਾਂ ਫਿਰ ਆਪਣੇ ਪ੍ਰਚਾਰਕ ਦੌਰਿਆ ਸਮੇਂ ਹਿੰਦ ਭਰ ਵਿਚੋਂ ਅਨੁਭਵੀ ਮਹਾਂਪੁਰਖਾਂ ਦੇ ਬਚਨ ਸੰਚਿਤ ਕੀਤੇ ਕਿ ਅਗਿਆਨ ਮਿਟਾ ਦੇ ਚਾਨਣ ਪਸਾਰਿਆ ਜਾਵੇ।

ਗੁਰੂ ਸਾਹਿਬ ਜੀ ਨੇ ਆਪਣੇ ਗੱਦੀ ਨਸੀਨਾਂ ਨੂੰ ਉਪਦੇਸ਼ ਦਿੱਤਾ ਕਿ ਰੂਹਾਨੀ ਸਾਹਿਤ ਅਥਵਾ ਬਾਣੀ ਦਾ ਥਾਂ ਥਾਂ ਪ੍ਰਚਾਰ ਕਰਨ ਅਤੇ ਜਿਥੋਂ ਕਿਤੇ ਵੀ ਹੋਰ ਸੰਤਾ ਫਕੀਰਾਂ ਦੀ ਬਾਣੀ ਮਿਲੇ, ਉਸ ਦੀ ਵੀ ਸੰਭਾਲ ਕਰਨੀ ਹੈ। ਜਦੋਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਜੋ ਬਾਣੀ ਦੀ ਸੰਚੀ ਮਿਲੀ, ਉਸ ਨੂੰ ਆਪ ਨੇ ਲਿਖ ਲਿਖਾ ਕੇ ਥਾਂ ਥਾਂ ਸਿੱਖਾਂ ਵਿੱਚ ਪ੍ਰਚਾਰਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਫਰਾਂ ਦੀ ਸਾਖੀ ਤਿਆਰ ਕਰਵਾ ਕੇ ਉਤਮ ਵਾਰਤਕ ਦੀ ਬੁਨਿਆਦ ਰੱਖੀ। ਜਿਸ ਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਭਤੀਜੇ ਬਾਬਾ ਮਿਹਰਵਾਨ ਨੇ 'ਗੋਸਟਿ ਗੁਰੂ ਬਾਬੇ ਨਾਨਕ ਜੀ ਕੀ' ਦਾ ਵਿਸ਼ਾਲ ਗ੍ਰੰਥ ਲਿਖਿਆ। ਗੁਰੂ ਅਮਰਦਾਸ ਜੀ ਨੇ ਆਪਣੇ ਸਾਰੇ ਪ੍ਰਵਾਰ ਨੂੰ ਹੀ ਇਸ ਸਾਹਿਤਕ ਕਾਰਜ 'ਤੇ ਲਾ ਦਿੱਤਾ। ਗੁਰੂ ਰਾਮਦਾਸ ਸਾਹਿਬ ਜੀ ਆਪ ਇੱਕ ਕਵੀ ਸਨ, ਉਹਨਾਂ ਨੇ ਵੀ ਬਾਣੀ ਲਿਖੀ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸੰਤਾਂ, ਫਕੀਰਾਂ ਦੀ ਬਾਣੀ ਨੂੰ ਆਦਰ ਸਹਿਤ ਆਦਿ ਗ੍ਰੰਥ ਦੇ ਰੂਪ ਵਿੱਚ ਸੰਪਾਦਿਤ ਕੀਤਾ ਤਾਂ ਜੋ ਅਜਿਹੀ ਧਰਮ ਪੋਥੀ ਤਿਆਰ ਕੀਤੀ ਜਾਵੇ ਜੋ ਸਰਬ ਸਾਂਝੀਵਾਲਤਾ ਤੇ ਸ਼ਵਿਗਿਆਨਕਤਾ ਦੀ ਕਸਵੱਟੀ 'ਤੇ ਪੂਰੀ ਉਤਰ ਸਕੇ। ਹਿੰਦੁਸਤਾਨ ਵਿੱਚ ਦੋ ਹੀ ਗ੍ਰੰਥ ਪ੍ਰਚਲਿਤ ਸਨ ਵੇਦ ਤੇ ਕੁਰਾਨ। ਵੇਦ ਜਾਂ ਹੋਰ ਸਨਾਤਨੀ ਧਰਮ ਗਿਆਨ ਸੰਸਕ੍ਰਿਤ ਵਿੱਚ ਸੀ ਜੋ ਆਮ ਲੋਕਾਂ ਦੀ ਸਮਝ ਤੋਂ ਪਰੇ ਸੀ। ਅਰਬੀ ਵੀ ਵਿਦੇਸ਼ੀ ਭਾਸ਼ਾ ਸੀ, ਉਹ ਵੀ ਲੋਕਾਂ ਦੀ ਗਿਆਨ ਦੀ ਲੋੜ ਨੂੰ ਪੂਰੀ ਨਹੀਂ ਕਰਦੀ ਸੀ। ਇਸ ਸਮੇਂ ਅਜਿਹੇ ਗਿਆਨ ਦੀ ਲੋੜ ਸੀ ਜੋ ਜਨ ਸਧਾਰਣ ਦੀ ਭਾਸ਼ਾ ਵਿੱਚ ਹੋਵੇ। ਇਸ ਲਈ ਸੰਤ ਭਾਸ਼ਾ ਵਿੱਚ ਗਿਆਨ ਦੀ ਸੰਪਾਦਨਾ ਕਰਕੇ ਇੱਕ ਬੇਮਿਸਾਲ ਕਾਰਜ ਕੀਤਾ। ਜੋ ਕੇਵਲ ਧਾਰਮਿਕ ਜਾਂ ਸੱਭਿਆਚਾਰਕ ਖੇਤਰ ਵਿੱਚ ਹੀ ਨਹੀਂ ਸਾਹਿਤ ਖੇਤਰ ਵਿੱਚ ਵੀ ਨਵੀਂ ਪ੍ਰਾਪਤੀ ਸੀ। ਇਸ ਦੀ ਸੰਪਾਦਨਾ ਵਿੱਚ ਮਜਬ ਸੰਪ੍ਰਦਾ, ਨਸਲ, ਵਰਣ ਜਾਂ ਪ੍ਰਾਂਤਕ ਭੇਦ ਨਹੀਂ ਰੱਖਿਆ। ਹਰ ਇੱਕ ਲਈ ਉਪਦੇਸ਼ ਸਾਂਝਾ ਹੈ।

ਸਿੱਖ ਗੁਰੂ ਸਾਹਿਬਾਨ ਅਨੁਭਵ ਕਰਦੇ ਸਨ ਕਿ ਜ਼ਿੰਦਗੀ ਦੇ ਵਿਕਾਸ ਲਈ ਅਧਿਆਤਮਕ ਸਾਹਿਤ ਦਾ ਮਹੱਤਵ ਹੈ। ਗਿਆਨ ਤੋਂ ਬਿਨਾਂ ਮਨੁੱਖ ਦਾ ਪਾਰ ਉਤਾਰਾ ਨਹੀਂ ਹੋ ਸਕਦਾ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦਾ ਦਰਜਾ ਦੇ ਕੇ ਵਡਿਆਈ ਕੀਤੀ। ਬਾਣੀ ਨੂੰ ਇਸ ਸਿੰਘਾਸਨ 'ਤੇ ਸੁਸ਼ੋਭਿਤ ਕੀਤਾ ਕਿ ਮਨੁੱਖ ਸਦਾ ਲਈ ਸ਼ਖਸ਼ੀ ਗੁਲਾਮੀ ਤੋਂ ਛੁਟਕਾਰਾ ਪਾ ਸਕੇ। ਮਨੁੱਖ ਸਿਵਾਏ ਪਰਮੇਸ਼ਰ ਦੇ ਕਿਸੇ ਦਾ ਆੜ੍ਹੀ ਨਾ ਹੋਵੇ। ਕਿਸੇ ਪੀਰ ਅਵਤਾਰ ਦੀ ਮੁਰੀਦੀ ਮੁਥਾਜੀ ਦੀ ਲੋੜ ਨਹੀਂ।

ਇਸ ਸਿਧਾਂਤ ਦੀ ਰਾਖੀ ਵੀ ਕਰਨੀ ਸੀ। ਮਨੁੱਖ ਸਮਾਜ ਦਾ ਵਿਕਾਸ ਹੋਣਾ ਸੀ। ਇਸ ਸਿਧਾਂਤ ਨੂੰ ਕਾਇਮ ਰੱਖਣ ਲਈ ਗੁਰੂ ਹਰਿਗੋਬਿੰਦ , ਗੁਰੂ ਹਰਿ ਰਾਇ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕਰੜੀ ਘਾਲ ਘਾਲੀ। ਫਿਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੈਰਾਗਮਈ ਬਾਣੀ ਕਹਿ ਕੇ ਇਸ ਸਿੱਖੀ ਸਿਧਾਂਤ ਨੂੰ ਵਿਆਪਕ ਲਹਿਰ ਬਨਾਉਣ ਦਾ ਯਤਨ ਕੀਤਾ। ਨਾਲ ਹੀ ਲੋਕਾਂ ਨੂੰ ਸੰਸਾਰ ਦੀ ਨਾਸ਼ਮਾਨਤਾ ਤੇ ਨਿਰਭੈਤਾ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਬਰ ਤਿਆਰ ਕੀਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਇਹ ਲਹਿਰ ਸਿਖਰ 'ਤੇ ਪੁੱਜ ਚੁੱਕੀ ਸੀ। ਅਧਿਆਤਮਕ ਗਿਆਨ ਨੂੰ ਬਲਵਾਨ ਰੱਖਣਾ ਸੀ। ਇਸ ਲਈ ਸ਼ਸ਼ਤਰਧਾਰੀ ਪੰਥ ਬਣਾਇਆ। ਉਹਨਾਂ ਨਵਾਂ ਬਲਵੰਤ ਸਾਹਿਤ ਰਚਿਆ। ਜਿਸ ਨਾਲ ਜ਼ਿੰਦਗੀ ਗੌਰਵ ਅਨੁਭਵ ਕਰਕੇ ਉਮਾਹ ਵਿੱਚ ਆਏ। ਦਬੀ ਕੁਚਲੀ ਕੌਮ ਨੂੰ ਜਗਾਉਣ ਲਈ ਰੂਹਾਨੀ ਸਾਹਿਤ ਨੂੰ ਬੀਰ ਰਸੀ ਪਾਹ ਦੇ ਕੇ ਨਵੇਂ ਰੰਗ ਵਿੱਚ ਪ੍ਰਗਟਾਇਆ। ਧਰਮ ਯੁੱਧ ਦਾ ਚਾਉ ਪੈਦਾ ਕੀਤਾ। ਨਿਹੱਥੇ ਤੇ ਨਿਤਾਣੇ ਲੋਕ ਮੁਗਲ ਸਾਮਰਾਜ ਨਾਲ ਟੱਕਰ ਲੈਣ ਲਈ ਤਿਆਰ ਬਰ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਆਪ ਹੀ ਸਾਹਿਤ ਨਹੀਂ ਰਚਿਆ ਸਗੋਂ ਕਿਤਨੇ ਹੀ ਹੋਰ ਲੇਖਕਾਂ ਕਵੀਆਂ ਨੂੰ ਇਸ ਸੱਭਿਆਚਾਰਕ ਉਸਾਰੀ ਵਿੱਚ ਆਪਣੇ ਸਰਗਰਮ ਸਹਿਯੋਗੀ ਬਣਾ ਕੇ ਨਵੀਂ ਸਾਹਿਤਧਾਰਾ ਦੀ ਸਥਾਪਨਾ ਕੀਤੀ।

ਗੁਰੂ ਸਾਹਿਬ ਨੇ ਜਿਥੇ ਚੰਗੇ ਸ਼ਸ਼ਤਰਧਾਰੀ ਸੂਰਮੇ ਭਰਤੀ ਕੀਤੇ। ਦੂਜੇ ਪਾਸੇ ਸ਼ਸ਼ਤਰ ਵੇਦਾਂ ਵਿਦਵਾਨ ਕਲਮਧਾਰੀ ਵੀ ਬੜੇ ਮਾਣ ਨਾਲ ਨਿਵਾਜੇ। ਗੁਰੂ ਸਾਹਿਬ ਜੀ ਦੀ ਸ਼ਖਸ਼ੀਅਤ ਅਧਿਆਤਮਕ ਗੁਰੂ , ਬੀਰ ਸੈਨਾਪਤੀ, ਵਿਦਵਾਨ ਤੇ ਕਵੀ ਦਾ ਸੁਮੇਲ ਸੀ। ਗੁਰੂ ਸਾਹਿਬ ਜੀ ਨੇ ਮਨੁੱਖੀ ਜੀਵਨ ਦੇ ਵਿਕਾਸ ਲਈ ਹਰ ਖੇਤਰ ਵਿੱਚ ਕਰੜੀ ਘਾਲ ਘਾਲੀ ਕਿ ਕਲਮ ਵੀ ਚਲਾਈ ਤੇ ਤੇਗ ਵੀ ਵਾਹੀ। ਗੁਰੂ ਸਾਹਿਬ ਜੀ ਦੀ ਲੇਖਣੀ ਦਾ ਸਫਰ 1678 ਤੋਂ ਸ਼ੁਰੂ ਹੋ ਕੇ ਦੋ ਦਹਾਕੇ ਚਲਦਾ ਹੈ। ਜਿਸ ਵਿੱਚ ਆਨੰਦਪੁਰ ਸਾਹਿਬ ਦਾ ਦਰਬਾਰ, ਪਾਉਂਟਾ ਸਾਹਿਬ ਤੋਂ ਵਾਪਸ ਆਨੰਦਪੁਰ ਸਾਹਿਬ, ਦਮਦਮਾ ਸਾਹਿਬ ਅਤੇ ਲੱਖੀ ਜੰਗਲ ਵਿੱਚ ਵੀ ਸਾਹਿਤ ਦਾ ਪ੍ਰਵਾਹ ਚੱਲਿਆ ਹੈ। ਆਨੰਦਪੁਰ ਸਾਹਿਬ ਦੇ ਦਰਬਾਰ ਵਿੱਚ ਦੇਸ਼ ਦੇ ਕੋਨੇ ਕੋਨੇ ਤੋਂ ਲਿਖਾਰੀ, ਵਿਦਵਾਨ ਕਵੀਆਂ ਨੂੰ ਸੱਦਾ ਦਿੱਤਾ। ਬਹੁਤ ਸਾਰੇ ਸਾਹਿਤਕਾਰ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਏ। ਦਸ਼ਮੇਸ਼ ਪਿਤਾ ਜੀ ਦੇ ਅਨੁਪਮ ਇਲਾਹੀ ਦਰਬਾਰ ਵਿੱਚ ਨਾ ਕੇਵਲ ਕਥਾ, ਕੀਰਤਨ, ਧਰਮ ਉਪਦੇਸ਼ ਅਤੇ ਜੀਅਦਾਨ ਦਾ ਪ੍ਰਵਾਹ ਚਲਦਾ ਸੀ। ਨਾ ਕੇਵਲ ਬੀਰ ਰਸੀ ਅਭਿਆਸ ਆਪਣੇ ਜੋਬਨ 'ਤੇ ਸੀ। ਨਾ ਕੇਵਲ ਸ਼ਸ਼ਤਰਾਂ ਦੀ ਘਾੜਤ ਅਤੇ ਟੁਨਕਾਰ ਸੀ। ਸਗੋਂ ਵਿਦਿਆ ਕਲਾ ਅਤੇ ਕਵਿਤਾ ਦੀ ਰੌਣਕ ਵੀ ਬਾਕਮਾਲ ਸੀ। ਇਥੇ ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਦੀਆਂ ਲਿਖਤਾਂ ਦਾ ਅਨੁਵਾਦ ਹੋਇਆ। ਬ੍ਰਿਜ ਭਾਸ਼ਾ ਅਤੇ ਪੰਜਾਬੀ ਵਿੱਚ ਅਨੁਵਾਦ ਹੋਇਆ। ਜੰਗੀ ਹੁਨਰ ਅਤੇ ਸੱਭਿਆਚਾਰ 'ਤੇ ਵੀ ਸਾਹਿਤ ਰਚਨਾ ਹੋਈ। ਕੁਝ ਸਮਾ ਗੁਰੂ ਸਾਹਿਬ ਪਾਉਂਟਾ ਸਾਹਿਬ ਵਿਖੇ 1685 ਤੋਂ 1689 ਤੱਕ ਰਹੇ। ਯਮੁਨਾ ਨਦੀ ਦੇ ਕੰਢੇ ਰਮਣੀਕ ਸਥਾਨ 'ਤੇ ਕਵੀ ਦਰਬਾਰ ਅਤੇ ਕਾਵਿ ਗੋਸ਼ਟੀਆਂ ਦਾ ਪ੍ਰਵਾਹ ਚੱਲਿਆ। ਫ਼ੌਜੀ ਛਾਉਣੀਆਂ ਦੇ ਨਾਲ ਸਾਹਿਤ ਰਚਨਾ ਦੀ ਵੀ ਸਥਾਪਨਾ ਹੋਈ।

ਜਦ ਆਨੰਦਪੁਰ ਸਾਹਿਬ ਪਰਤੇ ਤਾਂ ਸਾਹਿਤਕ ਕਾਰ ਦੀ ਯੋਜਨਾ ਸੰਜੀਦਗੀ ਨਾਲ ਬਣਾਈ। ਬੜੇ ਜੋਸ਼ ਅਤੇ ਸਰਗਰਮੀ ਨਾਲ ਕਵੀਆਂ ਨੂੰ ਸੰਗਠਿਤ ਕੀਤਾ। ਦਿੱਲੀ ਦਰਬਾਰ ਦੇ ਸਨਮਾਨਿਤ ਕਵੀ ਵੀ ਗੁਰੂ ਸਾਹਿਬ ਜੀ ਦੇ ਸੰਗਠਨ ਵਿੱਚ ਆਏ। ਜਿਵੇਂ ਆਲਮ, ਸੁਖਦੇਵ, ਬ੍ਰਿੰਦ, ਚੰਦ, ਕਾਸ਼ੀਰਾਮ, ਕੁੰਵਰੇਸ਼, ਨੰਦ ਰਾਮ, ਨੰਦ ਲਾਲ ਗੋਯਾ ਆਦਿ ਵੀ ਆਨੰਦਪੁਰ ਦਰਬਾਰ ਵਿੱਚ ਆਏ। ਗੁਰੂ ਸਾਹਿਬ ਜੀ ਦੀ ਸਾਹਿਤਕ ਦੇਣ ਦੀ ਕਵੀ ਕਦਰ ਕਰਦੇ ਸਨ ਕਿ ਗੁਰੂ ਸਾਹਿਬ ਜੀ ਭਾਰਤੀ ਸੰਸਕ੍ਰਿਤੀ ਦੀ ਪੁਨਰ ਸੁਰਜੀਤੀ ਲਈ ਇਹ ਸਾਹਿਤਕ ਕਾਰਜ ਕਰਕੇ ਇੱਕ ਨਵੇਂ ਮਨੁੱਖੀ ਭਲਾਈ ਦੇ ਇਨਕਲਾਬ ਦੀ ਨੀਂਹ ਰੱਖ ਰਹੇ ਸਨ। ਗੁਰੂ ਸਾਹਿਬ ਕਵੀਆਂ ਨੂੰ ਦਾਨ ਸਨਮਾਨ ਨਾਲ ਨਿਵਾਜਦੇ, ਉਹ ਕਵੀਆਂ ਨੂੰ ਰੋਜ ਧਨ ਦੌਲਤ ਨਾਲ ਮਾਲਾਮਾਲ ਕਰਦੇ। ਰੋਜ ਦਾਤਾਂ ਵੰਡੀਆਂ ਜਾਂਦੀਆਂ। ਕਵੀ ਗੁਰੂ ਸਾਹਿਬ ਦਾ ਜਸ ਗਾਉਂਦੇ ਨਾ ਥੱਕਦੇ। ਕੇਵਲ ਨਗਦ ਪੈਸੇ ਹੀ ਨਹੀਂ ਸੁੰਦਰ ਘੋੜੇ, ਹਥਿਆਰ, ਹੀਰੇ ਮੋਤੀ ਤੇ ਹੋਰ ਸੁਨਿਹਰਰੀ ਭੂਸ਼ਣ ਵੀ ਕਵੀਆਂ ਨੂੰ ਪ੍ਰਦਾਨ ਕਰਦੇ।

ਗੁਰੂ ਸਾਹਿਬ ਖੁਦ ਹਿੰਦੀ, ਫਾਰਸੀ , ਪੰਜਾਬੀ ਦੇ ਮਹਾਨ ਕਵੀ ਸਨ। ਇਸੇ ਲਈ ਗੁਣੀ ਪੁਬਸ਼ਾਂ ਦਾ ਸਿਰ ਵੀ ਗੁਰੂ ਸਾਹਿਬ ਦੀ ਕਲਮ ਅੱਗੇ ਝੁਕਦਾ ਸੀ। ਇਸ ਕਲਾ ਪ੍ਰੇਮ ਤੇ ਕਦਰਦਾਨੀ ਸਦਕਾ ਹੀ ਫਾਰਸੀ , ਸੰਸਕ੍ਰਿਤ ਦੇ ਅਨੇਕਾਂ ਵਿਦਵਾਨ ਦੂਰੋ ਦੂਰੋ ਆ ਕੇ ਗੁਰੂ ਦਰਬਾਰ ਦਾ ਸ਼ਿੰਗਾਰ ਬਣੇ। ਗੁਰੂ ਸਾਹਿਬ ਦੀ ਉਦਾਰ ਪ੍ਰੇਣਾ ਹੀ ਸਭ ਨੂੰ ਆਨੰਦ ਪ੍ਰਦਾਨ ਕਰਦੀ ਸੀ। ਇਹ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਦਾ ਧਰਮ ਯੁੱਗ ਸੀ। ਇਹ ਸਾਰੀ ਸੰਸਕ੍ਰਿਤਕ ਸਰਗਰਮੀ ਗੁਰੂ ਸਾਹਿਬ ਦੇ ਯਤਨਾਂ ਨੂੰ ਬੜੇ ਮਨੋਹਰ ਰੂਪ ਵਿੱਚ ਪੇਸ਼ ਕਰ ਰਹੀ ਸੀ। ਜੋ ਸਾਹਿਤ ਰਚਿਆ ਗਿਆ, ਉਸ ਦਾ ਮਨੋਰਥ ਲੋਕ ਜਾਗ੍ਰਿਤੀ ਵਿੱਚ ਕ੍ਰਾਂਤੀ ਲਿਆਉਣਾ ਸੀ।

ਗੁਰੂ ਦਰਬਾਰ ਵਿੱਚ ਸਮੇਂ ਸਮੇਂ ਵਿਦਵਾਨਾ ਦੇ ਆਉਣ ਜਾਣ ਦਾ ਤਾਂਤਾ ਲੱਗਿਆ ਰਹਿੰਦਾ ਸੀ। ਸਮੂਹਕ ਲੇਖਣੀ, ਨਾਲ ਸਾਹਿਤ ਦਾ ਵੱਡਾ ਭੰਡਾਰ ਹੋ ਗਿਆ ਸੀ। ਜਿਸ ਨੂੰ ਵਿਦਿਆ ਸਾਗਰ ਜਾਂ ਵਿਦਿਆ ਸਰ ਕਿਹਾ ਜਾਂਦਾ ਸੀ। ਪਰ ਆਨੰਦਪੁਰ ਛੱਡਣ ਸਮੇਂ ਖੁਰਦ ਬੁਰਦ ਹੋ ਗਿਆ ਸੀ। ਸਿਰਫ ਉਹ ਸਾਹਿਤ ਬੱਚਿਆ ਜੋ ਸਾਹਿਤਕਾਰਾਂ ਕੋਲ ਸੀ। ਜਾਂ ਉਹਨਾਂ ਦੇ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਸੀ। ਕਵੀ ਆਪਣੀਆਂ ਰਚਨਾਵਾਂ ਵਿੱਚ ਅਜਿਹੇ ਦ੍ਰਿਸ਼ ਬੰਨਦੇ ਸਨ ਜਿਵੇਂ ਭਿਆਨਕ ਜੰਗ, ਜੰਗ ਦੀਆਂ ਤਿਆਰੀਆਂ, ਨਗਾਰਿਆਂ ਦੀ ਚੋਟ, ਫ਼ੌਜੀ ਅਭਿਆਸ, ਰਣ ਭੂਮੀ ਦੇ ਵੀਰਤਾ ਦ੍ਰਿਸ਼ ਬੀਰ ਰਸ, ਤੀਰ ਅੰਦਾਜ਼ੀ , ਸ਼ਿਕਾਰ, ਗੱਤਕੇ ਦੇ ਕਰਤਬ ਆਦਿ ਪ੍ਰਸੰਗ ਸ਼ਾਮਲ ਸਨ।

ਗੁਰੂ ਸਾਹਿਬ ਨੇ ਸਾਹਿਤਕਾਰਾਂ ਦੇ ਦ੍ਰਿਸ਼ਟੀਕੋਣ ਬਦਲ ਦਿੱਤੇ ਤੇ ਉਨ੍ਹਾਂ ਦੀ ਕਲਾ ਨੂੰ ਸਹੀ ਸੇਧ ਦੇ ਕੇ ਸਮਾਜ ਲਈ ਉਪਯੋਗੀ ਬਣਾਇਆ। ਲੋਕ ਉਪਯੋਗੀ ਸਾਹਿਤ ਦਾ ਅਨੁਵਾਦ ਕਰਵਾਇਆ। ਦਰਬਾਰ ਵਿੱਚ ਪਰਮ ਰਥਕ ਵਿਸ਼ਿਆਂ 'ਤੇ ਗਿਆਨ ਗੋਸ਼ਟੀਆਂ ਵੀ ਹੁੰਦੀਆਂ। ਜਿਸ ਵਿੱਚ ਵਿਦਵਾਨਾਂ ਦੀ ਵਿਚਾਰ ਰੋਸ਼ਨੀ ਵਿੱਚ ਜ਼ਿੰਦਗੀ ਦੇ ਗੰਭੀਰ ਪ੍ਰਸ਼ਨਾਂ ਨੂੰ ਵੀ ਸੁਲਝਾਇਆ ਜਾਂਦਾ। ਜਿਸ ਨਾਲ ਜਨ ਸਧਾਰਣ ਵਿੱਚ ਉਭਾਰ ਆਵੇ ਤੇ ਉਹ ਖੰਡਾ ਫੜ ਕੇ ਅਜ਼ਾਦੀ ਦੇ ਦੁਸ਼ਮਣਾਂ ਦਾ ਤਹਿਸ ਨਹਿਸ ਕਰ ਦੇਵੇ। ਆਨੰਦਪੁਰ ਦਾ ਦਰਬਾਰ ਸ਼ਸ਼ਤਰਧਾਰੀ ਤੇ ਸ਼ਾਸ਼ਤਰਧਾਰੀ ਦੋਹਾਂ ਦਾ ਕੇਂਦਰੀ ਸਥਾਨ ਸੀ। ਆਨੰਦਪੁਰ ਛੱਡਣਾ ਪਿਆ ਤਾਂ ਦਮਦਮਾ ਸਾਹਿਬ ਲਿਖਣਸਰ ਬਣਾ ਕੇ 'ਗੁਰੂ ਕੀ ਕਾਸ਼ੀ' ਦਾ ਵਰ ਦਿੱਤਾ। ਲੱਖੀ ਜੰਗਲ ਵਿੱਚ ਵੀ ਕਵੀ ਹਾਜਰ ਸਨ।

ਕਵੀਆਂ ਨੇ ਗੁਰੂ ਸਾਹਿਬ ਜੀ ਦੇ ਦੀਦਾਰ ਕੀਤੇ ਸਨ। ਉਹਨਾਂ ਦੀ ਸਖਸੀਅਤ ਤੇ ਰਚਨਾਵਾਂ ਰਚੀਆਂ ਹਨ। ਭਾਵੇਂ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਖਸੀਅਤ ਨੂੰ ਲਫ਼ਜ਼ਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਪਰ ਕਵੀਆਂ ਨੇ ਦਰਸਾਇਆ ਕਿ ਉਨ੍ਹਾਂ ਦੀ ਸ਼ਖਸ਼ੀਅਤ ਅੱਗੇ ਸਿਰ ਝੁਕ ਜਾਂਦਾ ਹੈ। ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਭਾਈ ਨੰਦ ਲਾਲ ਜੀ ਗੋਯਾ ਜੀ ਦੀ ਰਚਨਾ ' ਗੰਜਨਾਮਾ' ਵਿੱਚ ਮਹਾਰਾਜ ਦੇ ਸਤਿਕਾਰ, ਉਹਨਾਂ ਦੇ ਗੁਣਾਂ ਦੀ ਉਪਮਾਂ ਵਿੱਚ ਲਿਖਿਆ ਹੈ

ਬਾਦ ਜਾਨਸ਼ ਫਿਦਾਏ ਗੁਰੂ ਗੋਬਿੰਦ ਸਿੰਘ, ਫਰਕ ਉਬਰ ਪਾਇ ਗੁਰੂ ਗੋਬਿੰਦ ਸਿੰਘ ਭਾਵ ਬੇਨਤੀ ਏ ਕਿ ਮੇਰੀ ਜਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੋ ਤੋਂ ਕੁਰਬਾਨ ਹੋਵੇ ਅਤੇ ਮੇਰਾ ਸੀਸ ਸਦਾ ਮਹਾਰਾਜ ਦੇ ਚਰਨਾ ਵਿੱਚ ਰਹੇ।

ਸਿੱਖ ਇਤਿਹਾਸ ਵਿੱਚ ਆਨੰਦਪੁਰ ਸਾਹਿਬ ਦੇ ਦਰਬਾਰ ਵਿੱਚ ਕਵੀਆਂ ਦੀ ਗਿਣਤੀ 52 ਤੇ ਲਿਖਾਰੀਆਂ ਦੀ 36 ਹੈ। ਜਿਵੇਂ ਗਦਕਾਰ , ਵਿਆਖਿਆਕਾਰ, ਵਕਤਾ, ਵਿਚਾਰਵਾਨ ਤੇ ਵਿਦਵਾਨ ਆਦਿ। ਜਿੰਨਾਂ ਨੂੰ ਦਰਬਾਰੀ ਰਤਨ ਕਿਹਾ ਜਾ ਸਕਦਾ ਹੈ। ਭਾਵੇਂ ਪ੍ਰਮੁੱਖ ਤੌਰ 'ਤੇ ਕਵੀਆਂ ਦਾ ਹੀ ਯੋਗਦਾਨ ਸੀ। ਗੁਰੂ ਦਰਬਾਰ ਦਾ ਹਿਸਾਬ ਰੱਖਣ ਵਾਲੇ ਮੁਸੱਦੀ ਤੇ ਦਫਤਰੀ ਬਾਬੂ ਵੀ ਸਨ। ਇਤਨੇ ਵੱਡੇ ਪ੍ਰਬੰਧ ਹੇਠ ਗੁਰੂ ਸਾਹਿਬ ਜੀ ਦੀ ਵਿਸ਼ਾਲ ਸਾਹਿਤਕ ਦੇਣ ਉਨ੍ਹਾਂ ਦੀ ਬੌਧਿਕ ਤੇ ਅਧਿਆਤਮਕ ਕਲਾ ਦਾ ਹੀ ਸਿੱਟਾ ਹੈ।



# ਸੰਧਾਰਾ ਆਇਆ, ਸੰਧਾਰਾ ਆਇਆ ਵੀਰ ਮੇਰਾ ਅੰਬਰੋਂ ਤਾਰਾ ਲਿਆਇਆ !

**ਬਰਜਿੰਦਰ ਕੌਰ ਬਿਸਰਾਓ**

ਪੰਜਾਬੀ ਲੋਕ ਆਪਣੇ ਅਮੀਰ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਲਈ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਹਰ ਤਿਉਹਾਰ ਅਤੇ ਰਸਮਾਂ ਰਿਵਾਜਾਂ ਨਾਲ ਸਾਡਾ ਕੋਈ ਨਾ ਕੋਈ ਰਿਸ਼ਤਾ ਵੀ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਸ ਦਾ ਮਕਸਦ ਸਿੱਧੇ ਤੌਰ 'ਤੇ ਰਿਸ਼ਤਿਆਂ ਵਿੱਚ ਮਿਠਾਸ ਭਰ ਕੇ ਤਿਉਹਾਰ ਦੀ ਖ਼ੁਸ਼ੀ ਨੂੰ ਦੁੱਗਣਾ ਕਰਨਾ ਹੁੰਦਾ ਹੈ। ਉਂਝ ਤਾਂ ਹਰ ਦਿਨ-ਤਿਉਹਾਰ 'ਤੇ ਕਦੇ ਭੈਣਾਂ ਵੱਲੋਂ ਭਰਾਵਾਂ ਦਾ ਤੇ ਭਰਾਵਾਂ ਵੱਲੋਂ ਭੈਣਾਂ ਦਾ, ਮਾਪਿਆਂ ਵੱਲੋਂ ਧੀਆਂ ਦਾ ਮਾਣ ਵਧਾਇਆ ਜਾਂਦਾ ਹੈ, ਪਰ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬੀ ਸੱਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ।ਸੰਧਾਰਾ ਦੇਣ ਦਾ ਰਿਵਾਜ ਕੇਵਲ ਤੋਹਫ਼ੇ ਦੇਣ ਦੀ ਰਸਮ ਨਹੀਂ, ਸਗੋਂ ਧੀ ਪ੍ਰਤੀ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਨਿਸ਼ਾਨੀ ਹੈ। ਸੰਧਾਰਾ ਪੇਕੇ ਘਰ ਦੀਆਂ ਉਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਹੈ ਜੋ ਵਿਆਹ ਤੋਂ ਬਾਅਦ ਵੀ ਧੀ ਨਾਲ ਦਿਲੋਂ ਅਤੇ ਭਾਵਨਾਤਮਕ ਤੌਰ 'ਤੇ ਜੁੜੀਆਂ ਰਹਿੰਦੀਆਂ ਹਨ। ਰਵਾਇਤੀ ਤੌਰ 'ਤੇ ਧੀਆਂ ਨੂੰ ਸਾਲ ਵਿੱਚ ਦੋ ਵਾਰ ਸੰਧਾਰਾ ਦਿੱਤਾ ਜਾਂਦਾ ਹੈ। ਇੱਕ ਸੰਧਾਰਾ ਸਾਉਣ ਦੇ ਮਹੀਨੇ ਖ਼ਾਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਵਿਆਹੀਆਂ ਧੀਆਂ ਨੂੰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਤੀਆਂ ਮਨਾਉਣ ਲਈ ਆਪਣੇ ਪੇਕੇ ਆਉਂਦੀਆਂ ਹਨ ਅਤੇ ਵਾਪਸ ਸਹੁਰੇ ਘਰ ਜਾਂਦੀਆਂ ਹਨ ਤਾਂ ਮਾਪੇ ਉਨ੍ਹਾਂ ਨੂੰ ਨਵੇਂ ਕੱਪੜੇ, ਚੂੜੀਆਂ, ਮਹਿੰਦੀ, ਮਿਠਾਈਆਂ, ਮੱਠੀਆਂ, ਬਿਸਕੁਟ, ਲੱਡੂ ਅਤੇ ਹੋਰ ਲੋੜੀਂਦਾ ਸਾਮਾਨ ਦੇ ਕੇ ਭੇਜਦੇ ਹਨ। ਕਈ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਗਹਿਣੇ ਜਾਂ ਹੋਰ ਕੀਮਤੀ ਤੋਹਫ਼ੇ ਵੀ ਦਿੰਦੇ ਹਨ। ਇਸ ਬਾਰੇ ਲੋਕ ਬੋਲੀਆਂ ਵਿੱਚ ਵੀ ਕੁੜੀਆਂ ਦੀਆਂ ਭਾਵਨਾਵਾਂ ਦਾ ਜ਼ਿਕਰ ਆਉਂਦਾ ਹੈ;

ਸੰਧਾਰਾ ਆਇਆ, ਸੰਧਾਰਾ ਆਇਆ
ਵੀਰ ਮੇਰਾ ਅੰਬਰੋਂ ਤਾਰਾ ਲਿਆਇਆ!
ਖਾਣ ਨੂੰ ਪਿੰਨੇ, ਪਹਿਨਣ ਨੂੰ ਚੀਰ
ਮੈਂ ਵਾਰੀ ਜਾਵਾਂ ਆਪਣੇ ਵੀਰ!

ਦੂਜਾ ਸੰਧਾਰਾ ਲੋਹੜੀ ਦੇ ਤਿਉਹਾਰ 'ਤੇ ਦਿੱਤਾ ਜਾਂਦਾ ਹੈ ਜਿਸ ਵਿੱਚ ਗੁੜ ਅਤੇ ਤਿਲ ਦੇ ਲੱਡੂ, ਚੌਲਾਂ ਦੀਆਂ ਪਿੰਨੀਆਂ, ਮੂੰਗਫਲੀ, ਰਿਓੜੀਆਂ ਅਤੇ ਭੁੱਗੇ ਦੀ ਮਠਿਆਈ ਆਦਿ ਖ਼ਾਸ ਤੌਰ 'ਤੇ ਮਾਪੇ ਜਾਂ ਭਰਾ ਆਪਣੀਆਂ ਧੀਆਂ-ਭੈਣਾਂ ਨੂੰ ਸਹੁਰੇ ਘਰ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਸੰਧਾਰੇ ਦੀ ਰਸਮ ਨੂੰ ਕੁੜੀਆਂ ਦਾ ਸਹੁਰੇ ਘਰ ਵਿੱਚ ਮਾਣ ਵਧਾਉਣ ਦਾ ਇੱਕ ਜ਼ਰੀਆ ਵੀ ਮੰਨਿਆ ਜਾਂਦਾ ਹੈ। ਸੰਧਾਰਾ ਧੀ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਵਿਆਹ ਤੋਂ ਬਾਅਦ ਵੀ ਉਸ ਦਾ ਪੇਕਾ ਘਰ ਉਸ ਲਈ ਪਹਿਲਾਂ ਵਾਂਗ ਹੀ ਉਸ ਦਾ ਪੂਰਾ ਮਾਣ ਕਰਦਾ ਹੈ। ਇਹ ਰਿਵਾਜ ਧੀ ਦੇ ਸਨਮਾਨ, ਉਸ ਦੀਆਂ ਭਾਵਨਾਵਾਂ ਅਤੇ ਪਰਿਵਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ। ਸੰਧਾਰਾ ਸਿਰਫ਼ ਸੌਗਾਤਾਂ ਦਾ ਲੈਣ-ਦੇਣ ਨਹੀਂ, ਸਗੋਂ ਮਾਪਿਆਂ ਦੀਆਂ ਅਸੀਸਾਂ ਅਤੇ ਭੈਣ-ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ।

ਸਮੇਂ ਦੇ ਨਾਲ ਨਾਲ ਇਸ ਰਿਵਾਜ ਦਾ ਰੂਪ ਵੀ ਜ਼ਰੂਰ ਬਦਲਿਆ ਹੈ। ਪਹਿਲਾਂ ਸੰਧਾਰਾ ਹੱਥੀਂ ਬਣੀਆਂ ਮੱਠੀਆਂ, ਘਰ ਦੇ ਬਣਾਏ ਬਿਸਕੁਟ, ਸੂਟ ਅਤੇ ਰਵਾਇਤੀ ਚੀਜ਼ਾਂ ਦਾ ਹੁੰਦਾ ਸੀ, ਪਰ ਅੱਜ ਇਸ ਵਿੱਚ ਤਿਆਰ ਕੱਪੜੇ, ਮਠਿਆਈਆਂ, ਹੋਰ ਘਰੇਲੂ ਉਪਕਰਨ ਜਿਸ ਦੀ ਲੜਕੀ ਨੂੰ ਜ਼ਰੂਰਤ ਹੋਵੇ ਜਾਂ ਨਕਦ ਰਕਮ ਜਾਂ ਹੋਰ ਆਧੁਨਿਕ ਤੋਹਫ਼ੇ ਆਦਿ ਵੀ ਸ਼ਾਮਲ ਹੋ ਗਏ ਹਨ। ਸੰਧਾਰੇ ਦੇ ਰੂਪ ਵਿੱਚ ਚਾਹੇ ਸਮੇਂ ਦੇ ਨਾਲ ਬਦਲਾਅ ਆ ਗਏ ਹਨ, ਪਰ ਫਿਰ ਵੀ ਇਸ ਦੀ ਰੂਹ ਵਿੱਚ ਧੀ ਪ੍ਰਤੀ ਪਿਆਰ ਅਤੇ ਸਨੇਹ ਉਹੀ ਹੈ।

ਅੱਜ ਦੇ ਤੇਜ਼-ਰਫ਼ਤਾਰ ਜੀਵਨ ਵਿੱਚ ਭਾਵੇਂ ਕਈ ਪੁਰਾਣੀਆਂ ਰਸਮਾਂ ਮੱਧਮ ਪੈ ਰਹੀਆਂ ਹਨ, ਪਰ ਸੰਧਾਰਾ ਦੇਣ ਦੀ ਪਰੰਪਰਾ ਅਜੇ ਵੀ ਪੰਜਾਬੀ ਪਰਿਵਾਰਾਂ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਇਹ ਰਿਵਾਜ ਸਾਨੂੰ ਯਾਦ ਦਿਵਾਉਂਦਾ ਹੈ ਕਿ ਧੀਆਂ ਵੀ ਘਰ ਦਾ ਮਾਣ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ। ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ ਦਾ ਇੱਕ ਅਨਮੋਲ ਹਿੱਸਾ ਹੈ। ਇਹ ਰਿਸ਼ਤਿਆਂ ਦੇ ਨਿੱਘ, ਪਰਿਵਾਰਕ ਏਕਤਾ ਅਤੇ ਧੀ ਪ੍ਰਤੀ ਅਟੁੱਟ ਮੋਹ ਦਾ ਪ੍ਰਤੀਕ ਹੈ। ਅਜਿਹੀਆਂ ਪਰੰਪਰਾਵਾਂ ਨੂੰ ਸੰਭਾਲਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿਉਂਕਿ ਇਹੋ ਜਿਹੇ ਰੀਤੀ ਰਿਵਾਜਾਂ ਵਿੱਚ ਹੀ ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਵੱਸਦੀ ਹੈ।



# ਆ ਵੇ ਪ੍ਰਾਹੁਣਿਆਂ, ਬੈਠ ਵੇ ਪ੍ਰਾਹੁਣਿਆਂ ....

## ਸਮਿਆਂ ਨਾਲ ਬਦਲ ਗਏ ਪ੍ਰਾਹੁਣਚਾਰੀ ਦੇ ਰੰਗ

**ਗੁਰਬਿੰਦਰ ਸਿੰਘ ਮਾਣਕ**

ਮਨੁੱਖੀ ਜੀਵਨ ਸਦਾ ਇਕੋ ਜਿਹਾ ਨਹੀਂ ਰਹਿੰਦਾ, ਸਮਿਆਂ ਨਾਲ ਇਹ ਨਿਰੰਤਰ ਬਦਲਦਾ ਰਿਹਾ ਹੈ। ਸਿੱਖਿਆ ਦਾ ਪਾਸਾਰ, ਵਿਗਿਆਨਕ ਖੋਜਾਂ, ਤਕਨਾਲੋਜੀ ਤੇ ਸੂਚਨਾ ਖੇਤਰ ਵਿੱਚ ਆਈ ਹੈਰਾਨਕੁੰਨ ਕ੍ਰਾਂਤੀ ਨੇ ਜੀਵਨ ਦੀ ਤੋਰ ਨੂੰ ਬਦਲਣ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਭਾਰਤੀ ਸੰਸਕ੍ਰਿਤੀ ਵਿੱਚ ਘਰ ਆਏ ਮਹਿਮਾਨ ਨੂੰ ਰੱਬ ਦਾ ਰੂਪ ਸਮਝਦਿਆਂ ਉਸ ਦੀ ਆਦਰ ਨਾਲ ਚੰਗੇ ਭੋਜਨ ਨਾਲ ਟਹਿਲ-ਸੇਵਾ ਕੀਤੀ ਜਾਂਦੀ ਸੀ। ਬਜ਼ੁਰਗ ਦੱਸਦੇ ਸਨ ਕਿ ਉਨ੍ਹਾਂ ਸਮਿਆਂ ਵਿੱਚ ਜੇ ਕੋਈ ਸਫ਼ਰ 'ਤੇ ਨਿਕਲਿਆ ਰਾਹੀ ਕਿਸੇ ਲੋੜ ਲਈ ਕਿਸੇ ਘਰ ਦਾ ਦਰਵਾਜ਼ਾ ਖੜਕਾਉਂਦਾ ਸੀ ਤਾਂ ਉਸ ਨੂੰ ਕੋਈ ਇਹ ਨਹੀਂ ਪੁੱਛਦਾ ਸੀ ਕਿ ਉਹ ਕੌਣ ਹੈ। ਉਸ ਦੀ ਬੜੇ ਆਦਰ-ਮਾਣ ਨਾਲ ਲੱਸੀ-ਪਾਣੀ ਤੇ ਲੰਗਰ ਨਾਲ ਸੇਵਾ ਕੀਤੀ ਜਾਂਦੀ ਸੀ। ਲੋਕਾਂ 'ਚ ਇੱਕ-ਦੂਜੇ ਪ੍ਰਤੀ ਬਹੁਤ ਸਨੇਹ ਤੇ ਮਿਲਵਰਤਣ ਦੀ ਭਾਵਨਾ ਸੀ।

ਪੰਜਾਬੀਆਂ ਦੀ ਪ੍ਰਾਹੁਣਚਾਰੀ ਤਾਂ ਬਹੁਤ ਹੀ ਮਸ਼ਹੂਰ ਹੈ। ਇਹ ਤਾਂ ਘਰ ਆਏ ਮਹਿਮਾਨ ਨੂੰ ਅੱਖਾਂ 'ਤੇ ਬਿਠਾਉਂਦੇ ਸਨ। ਪ੍ਰਾਹੁਣੇ ਲਈ ਵਿਸ਼ੇਸ਼ ਭੋਜਨ ਤਿਆਰ ਕਰ ਕੇ ਉਸ ਦੀ ਖ਼ੂਬ ਖਾਤਰਦਾਰੀ ਕਰਨੀ ਉਸ ਸਮੇਂ ਲੋਕਾਂ ਦੇ ਸੁਭਾਅ ਦਾ ਹਿੱਸਾ ਸੀ। ਬਚਪਨ ਵਿੱਚ ਜਦੋਂ ਕਦੇ ਨਾਨਕਿਆਂ ਜਾਂ ਭੂਆ, ਮਾਸੀ ਦੇ ਘਰ ਜਾਣ ਦੀ ਗੱਲ ਤੁਰਨੀ ਤਾਂ ਚਾਅ ਚੜ੍ਹ ਜਾਂਦਾ ਸੀ। ਪਹਿਲੀ ਗੱਲ ਹੀ ਮਨ ਵਿੱਚ ਇਹ ਆਉਂਦੀ ਸੀ ਕਿ ਉੱਥੇ ਜਾ ਕੇ ਖ਼ੂਬ ਖਾਵਾਂ ਪੀਵਾਂਗੇ। ਘਰਾਂ ਵਿੱਚ ਦੁੱਧ ਘਿਉ ਆਮ ਹੋਣ ਕਰਕੇ ਘਰ ਆਏ ਪ੍ਰਾਹੁਣੇ ਦੀ ਸੇਵਾ ਦੁੱਧ, ਘਿਉ, ਲੱਸੀ, ਦਹੀਂ, ਮੱਖਣ, ਖੀਰ, ਕੜਾਹ ਤੇ ਘਿਓ-ਸ਼ੱਕਰ ਨਾਲ ਕੀਤੀ ਜਾਂਦੀ ਸੀ। ਮੈਨੂੰ ਯਾਦ ਹੈ ਜਦੋਂ ਵੀ ਕਿਸੇ ਘਰ ਰਿਸ਼ਤੇਦਾਰ ਆਉਂਦਾ ਤਾਂ ਬਾਪੂ ਜੀ ਮਾਂ ਨੂੰ ਕਹਿ ਦਿੰਦੇ ਕਿ ਪ੍ਰਾਹੁਣੇ ਦੀ ਦਾਲ-ਸਬਜ਼ੀ ਵਿੱਚ ਘਿਉ ਚੰਗਾ ਪਾ ਦੇਵੀਂ, ਘਿਉ-ਸ਼ੱਕਰ ਵੀ ਰਲਾ ਲਈਂ ਤੇ ਕੜਾਹ ਵੀ ਬਣਾ ਲਈਂ। ਪ੍ਰਾਹੁਣੇ ਨੂੰ ਰੋਟੀ-ਪਾਣੀ ਖੁਆਉਣ ਦੀ ਸੇਵਾ ਮੇਰੇ ਹਿੱਸੇ ਹੀ ਆਉਂਦੀ ਸੀ। ਬਾਪੂ ਜੀ ਵੱਲੋਂ ਬੜੀਆਂ ਸਖ਼ਤ ਹਦਾਇਤਾਂ ਮਿਲਦੀਆਂ ਸਨ ਤੇ ਗਲਤੀ ਹੋਣ 'ਤੇ ਝਿੜਕਾਂ ਵੀ ਪੈਂਦੀਆਂ ਸਨ। ਬਹੁਤ ਇੱਜ਼ਤ-ਸਤਿਕਾਰ ਨਾਲ ਪਹਿਲਾਂ ਮਹਿਮਾਨ ਦੇ ਪਾਣੀ ਨਾਲ ਹੱਥ ਸੁੱਚੇ ਕਰਾਉਣੇ ਤੇ ਸਾਫਾ ਨਾਲ ਰੱਖਣਾ ਤਾਂ ਕਿ ਪ੍ਰਾਹਣਾ ਹੱਥ ਪੂੰਝ ਸਕੇ।



ਬਾਪੂ ਜੀ ਨੇ ਕਹਿਣਾ ਲੱਥਦਾ-ਲੱਥਦਾ ਫੁਲਕਾ ਲੈ ਕੇ ਆਈਂ ਪੁੱਤ। ਪ੍ਰਾਹੁਣੇ ਦੇ ਰੋਟੀ ਖਾਣ ਸਮੇਂ ਕੋਲ ਹੀ ਖੜ੍ਹੇ ਰਹਿਣਾ ਤਾਂ ਕਿ ਕਿਸੇ ਚੀਜ਼ ਦੀ ਲੋੜ ਪਵੇ ਤਾਂ ਝੱਟ ਦੇਣੀ ਲਿਆਂਦੀ ਜਾ ਸਕੇ। ਪ੍ਰਾਹੁਣੇ ਦੇ ਨਾਂਹ- ਨਾਂਹ ਕਹਿਣ 'ਤੇ ਵੀ ਬਾਪੂ ਜੀ ਨੇ ਰੋਟੀ ਸਬਜ਼ੀ ਆਦਿ ਪ੍ਰਾਹੁਣੇ ਦੀ ਥਾਲੀ ਵਿੱਚ ਬਦੋ-ਬਦੀ ਪੁਆਈ ਜਾਣੀ। ਨਾਲੇ ਕਹੀ ਜਾਣਾ, ਤੂੰ ਕੁਝ ਖਾਂਦਾ ਈ ਨਹੀਂ, ਫਲਾਣਾ ਸਿਆਂਸੰਗੀ ਦਾ ਨਹੀਂ ਹੁੰਦਾ...। ਮਾਂ ਨੇ ਪ੍ਰਾਹੁਣੇ ਲਈ ਅਣਲੱਗ ਦਰੀ, ਚਾਦਰ ਕੱਢ ਕੇ ਵਿਛਾਉਣੀ। ਰੋਟੀ ਤੋਂ ਬਾਅਦ ਪ੍ਰਾਹੁਣੇ ਨੂੰ ਗਰਮ ਦੁੱਧ ਦਾ ਗਿਲਾਸ ਭਰ ਕੇ ਦੇਣਾ ਅਗਲੇ ਨੇ ਬਥੇਰੀ ਨਾਂਹ-ਨੁੱਕਰ ਕਰਨੀ ਪਰ ਮਾਂ ਤੇ ਬਾਪੂ ਜੀ ਨੇ ਪ੍ਰਾਹੁਣੇ ਦੇ ਸਰ੍ਹਾਣੇ ਜਾ ਖੜ੍ਹੇ ਹੋਣਾ 'ਲੈ ਦੋ ਘੁੱਟ ਤਾਂ ਦੁੱਧ ਦੇ ਆ,ਇਹ ਵੀ ਨਹੀਂ ਤੇਰੇ ਕੋਲੋਂ ਪੀ ਹੁੰਦਾ।' ਗੱਲ ਕੀ ਪ੍ਰਾਹੁਣੇ ਦੀ ਆਉ-ਭਗਤ ਵਿੱਚ ਕੋਈ ਕਸਰ ਨਹੀਂ ਛੱਡੀ ਜਾਂਦੀ ਸੀ। ਬਦੋਬਦੀ ਖੁਆਉਣ ਦਾ ਭਾਵ ਵੀ ਇਹੀ ਸੀ ਕਿ ਕਿਤੇ ਪ੍ਰਾਹੁਣਾ ਸੰਗਦਾ ਨਾ ਰਹੇ। ਜੇ ਕਿਤੇ ਨਿਆਣਿਆਂ ਦੇ ਮਾਮੇ ਜਾਂ ਕਿਸੇ ਜਵਾਈ-ਭਾਈ ਨੇ ਆਉਣਾ ਹੁੰਦਾ ਤਾਂ ਸਾਰਾ ਟੱਬਰ ਹੀ ਉਨ੍ਹਾਂ ਅੱਗੇ ਅੱਖਾਂ ਵਿਛਾਈ ਰੱਖਦਾ। ਵਧੀਆ ਤੋਂ ਵਧੀਆ ਚੀਜ਼ਾਂ ਵਸਤਾਂ ਤਿਆਰ ਕਰ ਕੇ ਘਰ ਦੀਆਂ ਸੁਆਣੀਆਂ ਪ੍ਰਾਹੁਣੇ ਦੀ ਆਉ-ਭਗਤ ਵਿੱਚ ਕੋਈ ਕਸਰ ਨਾ ਰਹਿਣ ਦਿੰਦੀਆਂ ਸਨ। ਕਈ ਵਾਰ ਤਾਂ ਪ੍ਰਾਹੁਣੇ ਲਈ ਮੀਟ-ਮੁਰਗਾ ਵੀ ਬਣਦਾ ਤੇ ਮੂੰਹ ਵੀ ਘਰ ਦੀ ਕੱਢੀ ਦੇਸੀ ਦਾਰੂ ਨਾਲ ਕੌੜਾ ਕਰਾਇਆ ਜਾਂਦਾ।

ਅੱਜ ਸਮਿਆਂ ਨਾਲ ਬਹੁਤ ਕੁਝ ਬਦਲ ਗਿਆ ਹੈ। ਹੁਣ ਪ੍ਰਾਹੁਣੇ ਜਾਣ ਦਾ ਰੁਝਾਨ ਬਹੁਤ ਘੱਟ ਗਿਆ ਹੈ। ਜੇ ਕਦੇ ਕੋਈ ਜਾਂਦਾ ਵੀ ਹੈ ਤਾਂ ਕੁਝ ਸਮੇਂ ਲਈ ਹੀ ਜਾਂਦਾ ਹੈ ਤੇ ਆਪਣੇ ਰੁਝੇਵਿਆਂ ਦਾ ਰੋਣਾ ਰੋ ਕੇ ਛੇਤੀ ਪਰਤ ਆਉਂਦਾ ਹੈ। ਰਾਤ ਰਹਿਣ ਦਾ ਤਾਂ ਹੁਣ ਰਿਵਾਜ ਹੀ ਨਹੀਂ ਰਿਹਾ। ਆਵਾਜਾਈ ਦੇ ਤੇਜ਼ ਰਫਤਾਰ ਸਾਧਨਾਂ ਤੇ ਸੰਚਾਰ-ਸਾਧਨਾਂ ਦੀ ਹੈਰਾਨਕੁਨ ਕ੍ਰਾਂਤੀ ਨੇ ਜੀਵਨ ਦੀ ਤੋਰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤੀ ਹੈ। ਹੁਣ ਕੁਝ ਘੰਟਿਆਂ ਵਿਚ ਹੀ ਬੰਦਾ ਗੱਡੀਆਂ ਦੀ ਬਦੌਲਤ ਕਈ ਥਾਵਾਂ 'ਤੇ ਜਾ ਕੇ ਘਰ ਪਰਤ ਆਉਂਦਾ ਹੈ। ਮਾਪੇ ਰੋਜ਼ੀ-ਰੋਟੀ ਦੇ ਝਮੇਲਿਆਂ ਵਿੱਚ ਰੁੱਝੇ ਹੋਣ ਕਰ ਕੇ ਹੁਣ ਉਨ੍ਹਾਂ ਕੋਲ ਕਿਤੇ ਜਾਣ ਦਾ ਸਮਾਂ ਹੀ ਨਹੀਂ। ਨਿਆਣੇ ਵੀ ਪਹਿਲਾਂ ਵਾਂਗ ਨਾਨਕਿਆਂ ਤੇ ਭੂਆ, ਮਾਸੀਆਂ ਦੇ ਨਹੀਂ ਜਾਂਦੇ। ਹਰ ਮਾਪੇ ਨੂੰ ਚਿੰਤਾ ਲੱਗੀ ਰਹਿੰਦੀ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਾਈ ਵਿਚ ਪਛੜ ਨਾ ਜਾਏ।

ਹੁਣ ਪ੍ਰਾਹੁਣੇ ਦੀ ਉਡੀਕ ਵਿੱਚ ਕਿਸੇ ਘਰ ਦੇ ਕੋਠੇ 'ਤੇ ਕਾਂ ਨਹੀਂ ਬੋਲਦਾ। ਜੇ ਬੋਲਦਾ ਹੈ ਤਾਂ ਮੋਬਾਈਲ ਹੀ ਬੋਲਦਾ ਹੈ। ਕਿਸੇ ਮਹਿਮਾਨ ਦੇ ਆਉਣ ਬਾਰੇ ਸੁਣ ਕੇ ਹੁਣ ਬਹੁਤ ਥੋੜ੍ਹੇ ਲੋਕ ਖੁਸ਼ ਹੁੰਦੇ ਹਨ। ਕਈ ਵਾਰ ਬਾਹਰ ਗਏ ਹੋਣ ਦਾ ਬਹਾਨਾ ਬਣਾ ਕੇ ਪ੍ਰਾਹੁਣਿਆਂ ਨੂੰ ਟਾਲ ਦਿੱਤਾ ਜਾਂਦਾ ਹੈ। ਦਰਅਸਲ ਹੁਣ ਪਹਿਲਾਂ ਜਿਹਾ ਮੋਹ-ਪਿਆਰ, ਸਾਂਝ ਤੇ ਅਪਣੱਤ ਫਿੱਕੀ ਪੈ ਗਈ ਹੈ। ਮਨੁੱਖ ਆਪਣੇ ਅੰਦਰਲੇ ਖੋਲ ਵਿੱਚ ਕੈਦ ਹੋ ਗਿਆ ਹੈ। ਹਰ ਕੋਈ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਊਣਾ ਚਾਹੁੰਦਾ ਹੈ, ਹੋਰਾਂ ਦੀਆਂ ਸਲਾਹਾਂ ਤੇ ਸਿਆਣਪਾਂ ਨੂੰ ਨਜ਼ਰ-ਅੰਦਾਜ਼ ਕਰ ਦਿੰਦਾ ਹੈ। ਅਜੋਕਾ ਮਨੁੱਖ ਸੋਸ਼ਲ ਮੀਡੀਆ 'ਤੇ ਸੈਂਕੜੇ ਲੋਕਾਂ ਨਾਲ ਜੁੜਨ ਦੀ ਕੋਸ਼ਿਸ਼ ਕਰਦਾ ਹੈ, ਪਰ ਆਪਣੇ ਘਰ ਦੇ ਕਿਸੇ ਬਜ਼ੁਰਗ, ਗਵਾਂਢੀਆਂ ਤੇ ਸਾਕ-ਸੰਬੰਧੀਆਂ ਨਾਲ ਨੇੜੇ ਰਹਿ ਕੇ ਵੀ ਕੋਈ ਰਾਬਤਾ ਨਹੀਂ ਰੱਖਦਾ। ਜੇਕਰ ਕਿਸੇ ਮਹਿਮਾਨ ਦੇ ਘਰ ਆਉਣ 'ਤੇ ਵੀ ਤੁਹਾਡੀਆਂ ਅੱਖਾਂ ਤੇ ਉਂਗਲੀਆਂ ਮੋਬਾਈਲ 'ਤੇ ਟਿਕੀਆਂ ਹੋਈਆਂ ਹਨ ਤਾਂ ਸਮਝੋ ਤੁਸੀਂ ਪ੍ਰਾਹੁਣੇ ਦਾ ਨਿਰਾਦਰ ਕਰ ਰਹੇ ਹੋ।

ਅਜੋਕੇ ਸਮੇਂ ਵਿੱਚ ਹੁਣ ਵੱਖਰੀ ਤਰ੍ਹਾਂ ਦਾ ਰੁਝਾਨ ਪੈਦਾ ਹੋ ਗਿਆ ਹੈ। ਜੇ ਚਾਰ ਪ੍ਰਾਹੁਣੇ ਕਦੇ ਆ ਹੀ ਜਾਣ ਤਾਂ ਘਰ ਰੋਟੀ-ਪਾਣੀ ਦੀ ਸੇਵਾ ਕਰਨ ਦੀ ਬਜਾਏ ਕਿਸੇ ਢਾਬੇ ਜਾਂ ਹੋਟਲ ਵਿੱਚ ਖਾਣਾ ਖੁਆਉਣ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਇਸ ਨੂੰ ਹੀ ਸਮਾਜਿਕ ਪ੍ਰਤਿਸ਼ਠਾ ਸਮਝਿਆ ਜਾਂਦਾ ਹੈ। ਪਰ ਕਿਸੇ ਪਰਿਵਾਰ ਵਲੋਂ ਜੋ ਆਦਰ-ਮਾਣ ਆਪਣੇ ਹੱਥਾਂ ਨਾਲ ਤਿਆਰ ਕਰ ਕੇ ਛਕਾਏ ਭੋਜਨ ਨਾਲ ਹੁੰਦਾ ਹੈ, ਉਹ ਮਹਿੰਗੇ ਤੋਂ ਮਹਿੰਗੇ ਹੋਟਲ ਵਿੱਚ ਵੀ ਸੰਭਵ ਨਹੀਂ ਹੋ ਸਕਦਾ। ਸਤਿਕਾਰ ਤੇ ਆਉ ਭਗਤ ਕਿਸੇ ਮਹਿੰਗੇ ਭੋਜਨ ਵਿੱਚ ਨਹੀਂ, ਸਗੋਂ ਪਿਆਰ, ਮੋਹ ਤੇ ਸਾਦਗੀ ਨਾਲ ਆਪ ਤਿਆਰ ਕਰ ਕੇ ਖੁਆਏ ਭੋਜਨ ਵਿੱਚ ਹੁੰਦੀ ਹੈ। ਪੁਰਾਣੇ ਸਮੇਂ ਵਿੱਚ ਤਾਂ ਲੋਕ ਪ੍ਰਾਹੁਣਾਚਾਰੀ ਤੋਂ ਵਾਪਸ ਆ ਕੇ ਕਈ-ਕਈ ਦਿਨ ਰਿਸ਼ਤੇਦਾਰਾਂ ਵੱਲੋਂ ਕੀਤੀ ਟਹਿਲ ਸੇਵਾ ਦੀਆਂ ਗੱਲਾਂ ਸੁਣਾਉਂਦੇ ਰਹਿੰਦੇ ਸਨ।

ਹੁਣ ਕਿਸੇ ਵਿਰਲੇ ਘਰ ਹੀ ਪ੍ਰਾਹੁਣੇ ਦੇ ਆਉਣ 'ਤੇ ਚਾਅ ਚੜ੍ਹਦਾ ਹੈ। ਲੋਕ ਦਿਖਾਵੇ ਲਈ ਭਾਵੇਂ ਪ੍ਰਾਹੁਣੇ ਨੂੰ ਜੀ ਆਇਆਂ ਕਿਹਾ ਜਾਂਦਾ ਹੈ, ਪਰ ਮਨ ਵਿੱਚ ਬਿਨਾਂ ਦੱਸੇ ਆਉਣ 'ਤੇ ਲੋਕ ਕੁੜਦੇ ਰਹਿੰਦੇ ਹਨ। ਰਸਮੀ ਚਾਹ-ਪਾਣੀ ਪਿਲਾਉਣ ਤੋਂ ਬਾਅਦ ਪੁੱਛਿਆ ਜਾਂਦਾ ਹੈ ਕਿ ਕਿਤੇ ਪ੍ਰਾਹੁਣੇ ਦਾ ਰਾਤ ਰਹਿਣ ਦਾ ਪ੍ਰੋਗਰਾਮ ਤਾਂ ਨਹੀਂ ਹੈ। ਜੇ ਪ੍ਰਾਹੁਣਾ ਛੇਤੀ ਚਲਾ ਜਾਵੇ ਤਾਂ ਘਰ ਵਾਲੇ ਬੜੀ ਰਾਹਤ ਮਹਿਸੂਸ ਕਰਦੇ ਹਨ। ਚੀਨੀ ਕਹਾਵਤ ਹੈ ਕਿ 'ਮਹਿਮਾਨ ਬਹੁਤ ਚੰਗਾ ਲਗਦਾ ਹੈ, ਪਰ ਜਾਂਦੇ ਦੀ ਪਿੱਠ ਬਹੁਤ ਸੋਹਣੀ ਲਗਦੀ ਹੈ।' ਦਰਅਸਲ ਲੋਕਾਂ ਦੀ ਜੀਵਨ-ਜਾਚ ਅਜਿਹੀ ਬਣ ਗਈ ਹੈ, ਕਿ ਕਿਸੇ ਕੋਲ ਮਿਲਣ ਦਾ ਸਮਾਂ ਹੀ ਨਹੀਂ ਹੈ। ਭਾਵੇਂ ਘਰ ਕੋਈ ਵਿਹਲਾ ਹੀ ਬੈਠਾ ਹੋਵੇ ਪਰ ਦੱਸਿਆ ਜਾਂਦਾ ਹੈ ਕਿ ਉਹ ਬਹੁਤ ਰੁੱਝਾ ਹੋਇਆ ਹੈ।

ਕੰਪਿਊਟਰ, ਇੰਟਰਨੈੱਟ ਤੇ ਮੋਬਾਈਲ ਦੀ ਬਦੌਲਤ ਘਰ ਬੈਠੇ ਹੀ ਹਾਲ-ਚਾਲ ਪੁੱਛ ਲੈਣ ਦੀ ਸਹੂਲਤ ਨੇ ਕਿਤੇ ਵੀ ਪ੍ਰਾਹਣੂਚਾਰੀ ਵਿੱਚ ਜਾਣ ਦਾ ਸੰਕਲਪ ਬਦਲ ਦਿੱਤਾ ਹੈ। ਵੀਡਿਓ ਕਾਲ ਨਾਲ ਤਾਂ ਬੰਦੇ ਦੀ ਸ਼ਕਲ-ਸੂਰਤ ਵੀ ਦਿਸ ਪੈਂਦੀ ਹੈ ਤਾਂ ਜਾਪਦਾ ਹੈ ਕਿ ਜਿਵੇਂ ਆਹਮੋ-ਸਾਹਮਣੇ ਬੈਠ ਕੇ ਮੁਲਾਕਾਤ ਹੋ ਗਈ ਹੋਵੇ। ਇਸ ਦੇ ਬਾਵਜੂਦ ਵੀ ਸਾਕਾਂ-ਰਿਸ਼ਤੇਦਾਰੀਆਂ ਦੇ ਕੋਮਲ ਜਿਹੇ ਬੂਟਿਆਂ ਨੂੰ ਹਰਿਆ-ਭਰਿਆ ਰੱਖਣ ਲਈ ਕਦੇ-ਕਦੇ ਮੁਲਾਕਾਤਾਂ ਦਾ ਪਾਣੀ ਦਿੰਦੇ ਰਹਿਣਾ ਮਾਨਵੀ ਸਾਂਝ ਦਾ ਪ੍ਰਤੀਕ ਹੈ। ਜਿਹੜਾ ਸਕੂਨ ਤੇ ਨਿੱਘ ਕਿਸੇ ਨੂੰ ਗਲਵੱਕੜੀ ਪਾ ਕੇ ਆਉਂਦਾ ਹੈ, ਉਹ ਮੋਬਾਈਲ ਵਰਗੇ ਮਸ਼ੀਨੀ ਔਜ਼ਾਰ ਰਾਹੀਂ ਗੱਲਬਾਤ ਨਾਲ ਕਦੇ ਵੀ ਸੰਭਵ ਨਹੀਂ ਹੋ ਸਕਦਾ।




# ਵਾਤਾਵਰਣ ਦੀ ਸ਼ੁੱਧਤਾ ’ਚ ਜੰਗਲਾਂ ਦਾ ਯੋਗਦਾਨ

ਬਾਬਾ ਮਾਇਆ ਰਾਮ



ਜੰਗਲਾਂ ਦੇ ਆਦਿਵਾਸੀਆਂ ਨੇ ਇਸ ਧਰਤੀ ’ਤੇ ਸਭ ਤੋਂ ਘੱਟ ਬੋਝ ਪਾਇਆ ਹੈ। ਇਸਦਾ ਮਤਲਬ ਹੈ ਕਿ ਅੱਜ ਦੇ ਵਾਤਾਵਰਣ ਸੰਕਟ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਘੱਟ ਹੈ। ਉਨ੍ਹਾਂ ਦੀ ਜੀਵਨ ਸ਼ੈਲੀ ਕਿਰਤ-ਅਧਾਰਿਤ ਹੈ। ਜੀਵਨ ਕੁਦਰਤੀ ਸਰੋਤਾਂ ’ਤੇ ਅਧਾਰਿਤ ਹੈ। ਉਹ ਕੁਦਰਤ ਦੀ ਰੱਖਿਆ ਵਿੱਚ ਸਭ ਤੋਂ ਅੱਗੇ ਰਹੇ ਹਨ। ਉਨ੍ਹਾਂ ਦੀ ਭੋਜਨ ਸੁਰੱਖਿਆ ਵਿੱਚ, ਜੰਗਲਾਂ ਅਤੇ ਖੇਤਾਂ ਤੋਂ ਪ੍ਰਾਪਤ ਭੋਜਨ ਨੂੰ ਹੀ ਗ਼ੈਰ-ਖੇਤੀਬਾੜੀ ਭੋਜਨ ਮੰਨਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਵੀ ਕਈ ਤਰ੍ਹਾਂ ਦੇ ਪੌਸ਼ਟਿਕ ਤੱਤ ਹੁੰਦੇ ਹਨ। ਇਹ ਸਾਰੇ ਨਾ ਸਿਰਫ਼ ਭੋਜਨ ਦੇ ਦ੍ਰਿਸ਼ਟੀਕੋਣ ਤੋਂ, ਸਗੋਂ ਵਾਤਾਵਰਣ ਅਤੇ ਜੈਵ ਵਿਭਿੰਨਤਾ ਦੇ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਮਹੱਤਵਪੂਰਨ ਹਨ। ਸਾਡੇ ਜੰਗਲ, ਪਹਾੜ ਅਤੇ ਨਦੀਆਂ ਉਹ ਸਥਾਨ ਹਨ ਜੋ ਨਾ ਸਿਰਫ਼ ਆਪਣੀ ਸੁੰਦਰਤਾ ਨਾਲ ਆਕਰਸ਼ਿਤ ਕਰਦੇ ਹਨ ਬਲਕਿ ਭੋਜਨ ਅਤੇ ਰੋਜ਼ੀ-ਰੋਟੀ ਵੀ ਪ੍ਰਦਾਨ ਕਰਦੇ ਹਨ। ਬਾਰਿਸ਼ ਬਹੁਤ ਸਾਰੇ ਸੁੰਦਰ ਰੰਗ ਲਿਆਉਂਦੀ ਹੈ, ਪਰ ਇਹ ਬਹੁਤ ਸਾਰੇ ਪੌਸ਼ਟਿਕ ਤੌਰ ’ਤੇ ਲਾਭਦਾਇਕ ਤੱਤ ਵੀ ਪ੍ਰਦਾਨ ਕਰਦੀ ਹੈ। ਇਹ ਸਾਰੇ ਮਨੁੱਖੀ ਖੁਰਾਕ ਵਿੱਚ ਸ਼ਾਮਲ ਹਨ। ਅੱਜ, ਮੈਂ ਇਹਨਾਂ ਪਹਿਲੂਆਂ ’ਤੇ ਚਰਚਾ ਕਰਨਾ ਚਾਹਾਂਗਾ ਤਾਂ ਜੋ ਇਹਨਾਂ ਨੂੰ ਸੰਪੂਰਨ ਰੂਪ ਵਿੱਚ ਸਮਝਿਆ ਜਾ ਸਕੇ। ਜਦੋਂ ਅਸੀਂ ਆਪਣੇ ਤਣਾਅਪੂਰਨ ਜੀਵਨ ਤੋਂ ਬ੍ਰੇਕ ਲੈਂਦੇ ਹਾਂ, ਤਾਂ ਅਸੀਂ ਜੰਗਲਾਂ ਵੱਲ ਮੁੜਦੇ ਹਾਂ। ਇਹ ਸਾਡਾ ਸਭ ਤੋਂ ਵੱਡਾ ਅਧਿਆਪਕ ਵੀ ਰਿਹਾ ਹੈ। ਇਹ ਸਾਡੇ ਜੀਵਨ ਵਿੱਚ ਇੱਕ ਵਰਦਾਨ ਹੈ। ਬਰਸਾਤ ਦੇ ਮੌਸਮ ਦੌਰਾਨ ਇਸਦੀ ਸੁੰਦਰਤਾ ਦੇਖਣ ਯੋਗ ਹੈ। ਰੁੱਖਾਂ ਦੇ ਵਿਭਿੰਨ ਰੰਗ, ਉਨ੍ਹਾਂ ਦੇ ਛੋਟੇ ਤਣੇ, ਟਾਹਣੀਆਂ, ਰੰਗੀਨ ਪੱਤੇ, ਫਲ ਅਤੇ ਫੁੱਲ ਸਾਡੇ ਲੈਂਡਸਕੇਪ ਨੂੰ ਇੱਕ ਵਿਲੱਖਣ ਛੋਹ ਦਿੰਦੇ ਹਨ। ਜੰਗਲ ਦੀਆਂ ਤਲਹਟੀਆਂ ਵਿੱਚ ਫੁੱਲ ਆਪਣੀ ਵਿਲੱਖਣ ਸੁੰਦਰਤਾ ਨਾਲ ਮੋਹਿਤ ਕਰਦੇ ਹਨ। ਮਾਨਸੂਨ ਦੌਰਾਨ, ਨਦੀਆਂ ਤੇਜ਼ੀ ਨਾਲ ਵਗਦੀਆਂ ਹਨ, ਹੜ੍ਹ ਆਉਂਦੀਆਂ ਹਨ ਅਤੇ ਉਪਜਾਊ ਮਿੱਟੀ ਲਿਆਉਂਦੀਆਂ ਹਨ। ਇਹ ਮਿੱਟੀ ਸਾਡੇ ਖੇਤਾਂ ਨੂੰ ਉਪਜਾਊ ਬਣਾਉਂਦੀ ਹੈ। ਸੱਭਿਅਤਾਵਾਂ ਨਦੀਆਂ ਦੇ ਕੰਢਿਆਂ ’ਤੇ ਵਧੀਆਂ ਅਤੇ ਵਸੀਆਂ ਹਨ। ਉਨ੍ਹਾਂ ਦੇ ਕੰਢਿਆਂ ’ਤੇ ਚੰਗੀ ਖੇਤੀ ਕੀਤੀ ਜਾਂਦੀ ਹੈ। ਬਾਰਿਸ਼ ਦੌਰਾਨ ਉਨ੍ਹਾਂ ਦੀ ਸੁੰਦਰਤਾ ਬਹੁਤ ਵਧ ਜਾਂਦੀ ਹੈ। ਜੰਗਲ ਮਨੁੱਖਾਂ ਸਮੇਤ ਬਹੁਤ ਸਾਰੇ ਜੀਵਤ ਜੀਵਾਂ ਦਾ ਪਾਲਣ-ਪੋਸ਼ਣ ਕਰਦੇ ਹਨ। ਇਹ ਤਾਜ਼ੀ ਹਵਾ, ਜੜ੍ਹਾਂ ਅਤੇ ਕੰਦਾਂ, ਫਲਾਂ, ਸੰਘਣੀ ਛਾਂ, ਬਾਲਣ, ਚਾਰਾ, ਲੱਕੜ ਅਤੇ ਜੜ੍ਹੀਆਂ ਬੂਟੀਆਂ ਦਾ ਖਜ਼ਾਨਾ ਹਨ। ਸਾਡੇ ਜੰਗਲ ਲੋਕਾਂ ਤੋਂ ਸੱਖਣੇ ਨਹੀਂ ਹਨ; ਇੱਥੇ ਪਿੰਡ ਹਨ ਅਤੇ ਆਦਿਵਾਸੀ ਭਾਈਚਾਰੇ ਜ਼ਿਆਦਾਤਰ ਜੰਗਲਾਂ ਵਿੱਚ ਰਹਿੰਦੇ ਹਨ। ਜੰਗਲ ਤੋਂ ਪ੍ਰਾਪਤ ਗੈਰ-ਖੇਤੀਬਾੜੀ ਭੋਜਨ ਉਨ੍ਹਾਂ ਦੀ ਖੁਰਾਕ ਦਾ ਇੱਕ ਵੱਡਾ ਹਿੱਸਾ ਬਣਦਾ ਹੈ। ਸੈਂਕੜੇ ਜਾਨਵਰ ਵੀ ਇੱਥੇ ਰਹਿੰਦੇ ਹਨ। ਜੰਗਲ ਬੱਚਿਆਂ ਨੂੰ ਭੁੱਖ ਤੋਂ ਬਚਾਉਂਦੇ ਹਨ, ਇਸੇ ਲਈ ਅਸੀਂ ਉਨ੍ਹਾਂ ਦੀ ਰੱਖਿਆ ਕਰਦੇ ਹਾਂ। ਉੱਥੋਂ, ਸਾਨੂੰ ਸਬਜ਼ੀਆਂ, ਜੜ੍ਹਾਂ ਅਤੇ ਕੰਦਾਂ, ਫਲ, ਫੁੱਲ ਅਤੇ ਕਈ ਕਿਸਮਾਂ ਦੇ ਮਸ਼ਰੂਮ ਮਿਲਦੇ ਹਨ, ਜਿਨ੍ਹਾਂ ਨੂੰ ਅਸੀਂ ਸਿੱਧੇ ਖਾਂਦੇ ਹਾਂ ਜਾਂ ਇੱਕ ਘੜੇ ਵਿੱਚ ਪਕਾਉਂਦੇ ਹਾਂ। ਮੈਂ ਕਈ ਜੰਗਲੀ ਖੇਤਰਾਂ ਦੀ ਯਾਤਰਾ ਕੀਤੀ ਹੈ ਅਤੇ ਰਿਪੋਰਟ ਤਿਆਰ ਕੀਤੀ ਹੈ। ਆਦਿਵਾਸੀ ਕਹਿੰਦੇ ਹਨ ਕਿ ਜੰਗਲ ਉਨ੍ਹਾਂ ਦੇ ਮਾਪੇ ਹਨ। ਉਹ ਉਨ੍ਹਾਂ ਨੂੰ ਜੀਵਨ ਦਿੰਦੇ ਹਨ। ਉਨ੍ਹਾਂ ਦੇ ਤਿਉਹਾਰ ਅਤੇ ਜਸ਼ਨ ਉਨ੍ਹਾਂ ਨਾਲ ਜੁੜੇ ਹੋਏ ਹਨ। ਉਹ ਧਰਤੀ ਮਾਤਾ ਦੀ ਪੂਜਾ ਕਰਦੇ ਹਨ। ਉਹ ਕੁਦਰਤ ਦੇ ਉਪਾਸਕ ਹਨ। ਆਦਿਵਾਸੀਆਂ ਦੀ ਜੀਵਨ ਸ਼ੈਲੀ ਗੈਰ-ਮੁਦਰਾ ਹੈ। ਉਹ ਕੁਦਰਤ ਦੇ ਨੇੜੇ ਹਨ। ਕੁਦਰਤ ਨਾਲ ਉਨ੍ਹਾਂ ਦਾ ਰਿਸ਼ਤਾ ਮਾਂ-ਪੁੱਤਰ ਵਰਗਾ ਹੈ। ਉਹ ਕੁਦਰਤ ਤੋਂ ਓਨਾ ਹੀ ਲੈਂਦੇ ਹਨ ਜਿੰਨਾ ਉਨ੍ਹਾਂ ਨੂੰ ਚਾਹੀਦਾ ਹੈ। ਉਹ ਰੁੱਖਾਂ ਅਤੇ ਪਹਾੜਾਂ ਨੂੰ ਦੇਵਤਾ ਮੰਨਦੇ ਹਨ। ਉਨ੍ਹਾਂ ਦਾ ਜੀਵਨ ਕੁਦਰਤੀ ਸਰੋਤਾਂ ’ਤੇ ਨਿਰਭਰ ਕਰਦਾ ਹੈ। ਇਹ ਫਲਦਾਰ ਰੁੱਖ ਅਤੇ ਕੰਦ ਉਨ੍ਹਾਂ ਦੀ ਭੁੱਖ ਮਿਟਾਉਂਦੇ ਹਨ। ਜੰਗਲ ਤੋਂ ਪ੍ਰਾਪਤ ਉਤਪਾਦਾਂ ਵਿੱਚ ਕੰਦ, ਮਸ਼ਰੂਮ, ਹਰੀਆਂ ਸਬਜ਼ੀਆਂ, ਫਲ, ਫੁੱਲ ਅਤੇ ਸ਼ਹਿਦ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕੁਝ ਭੋਜਨ ਸਾਲ ਭਰ ਉਪਲਬਧ ਹੁੰਦੇ ਹਨ, ਜਦੋਂ ਕਿ ਕੁਝ ਮੌਸਮੀ ਹੁੰਦੇ ਹਨ। ਹੋਰ ਜਾਣੋ ਬ੍ਰੇਕਿੰਗ ਨਿਊਜ਼ ਅਲਰਟ ਰਾਜਨੀਤਿਕ ਵਿਸ਼ਲੇਸ਼ਣ ਸੇਵਾ ਰਾਜਨੀਤਿਕ ਖ਼ਬਰਾਂ ਕਵਰੇਜ ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਦੇ ਜੰਗਲ ਅੰਬ, ਆਂਵਲਾ, ਬੇਲ, ਕਟਹਲ, ਤੇਂਦੂ, ਸ਼ਹਿਦ, ਮਹੂਆ, ਕਸਟਰਡ ਐਪਲ, ਜਾਮੁਨ ਅਤੇ ਸ਼ਹਿਦ ਪ੍ਰਦਾਨ ਕਰਦੇ ਹਨ। ਕਈ ਕਿਸਮਾਂ ਦੇ ਮਸ਼ਰੂਮ ਵੀ ਉਪਲਬਧ ਹਨ। ਉਨ੍ਹਾਂ ਦਾ ਪੂਰਾ ਜੀਵਨ ਜੰਗਲ ਨਾਲ ਜੁੜਿਆ ਹੋਇਆ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਉਹ ਜੰਗਲ ਦੀਆਂ ਬਹੁਤ ਸਾਰੀਆਂ ਚੀਜ਼ਾਂ ਦੀ ਵਰਤੋਂ ਕਰਦੇ ਹਨ। ਜਿਵੇਂ ਕਿ ਦੰਦਾਂ ਦੇ ਬੁਰਸ਼, ਖਾਣਾ ਪਕਾਉਣ ਲਈ ਲੱਕੜ, ਕੰਦ, ਜੰਗਲੀ ਉਪਜ, ਮਸ਼ਰੂਮ ਅਤੇ ਕਈ ਤਰ੍ਹਾਂ ਦੀਆਂ ਹਰੀਆਂ ਸਬਜ਼ੀਆਂ। ਉਹ ਸੀਯਾਰੀ ਜਾਂ ਸਾਲ ਦੇ ਪੱਤਿਆਂ ਤੋਂ ਬਣੀ ਪਤਲੀ ਪਲੇਟ ਨੂੰ ਪਲੇਟ ਵਜੋਂ ਵਰਤਦੇ ਹਨ। ਉਹਨਾਂ ਦੀ ਖੁਰਾਕ ਵਿੱਚ ਸੋਰੰਦਕੰਦ, ਪਿਟਕੰਦ, ਟੁੰਡਰੀਕੰਦ, ਪਿਟਕੰਦ, ਨਗਰਕੰਦ, ਤਰਗੜਿਆਕੰਦ, ਕੁਲਿਆਕੰਦ, ਬੁਰਕੀਕੰਦ, ਸਿੱਕਾਪੈਂਡੀ ਕੰਦ, ਡੋਂਗਰਕੰਦ, ਦਪਨਕੰਦ, ਸਿੰਦਕੰਦ, ਕਵਾਰਕੰਦ, ਆਦਿ ਵੀ ਸ਼ਾਮਲ ਹਨ। ਇਸ ਤੋਂ ਇਲਾਵਾ, ਬੋਡਾ ਜਾਂ ਫੁਟੂ (ਸਬਜ਼ੀਆਂ ਵਿੱਚੋਂ ਸਭ ਤੋਂ ਵੱਧ ਖੁੰਬਾਂ) ਵੀ ਉਪਲਬਧ ਹਨ। ਅੱਜਕੱਲ੍ਹ, ਫਲ ਅਤੇ ਮਸ਼ਰੂਮ ਦੋਵੇਂ ਵਧ ਰਹੇ ਹਨ. ਪੱਤੇਦਾਰ ਹਰੀਆਂ ਸਬਜ਼ੀਆਂ ਵਿੱਚ ਪੇਂਗੂ ਭਾਜੀ, ਭੇਲਵਾਨ ਭਾਜੀ, ਕੋਨੀਜਾਰੀ ਭਾਜੀ, ਕੋਲਿਆਰੀ ਭਾਜੀ, ਕੋਕਤੀ ਭਾਜੀ ਅਤੇ ਬੋਦਈ ਭਾਜੀ ਸ਼ਾਮਲ ਹਨ। ਇੱਥੇ ਖੁੰਬਾਂ ਨੂੰ ‘ਚਿੱਟੀ’ ਕਿਹਾ ਜਾਂਦਾ ਹੈ, ਜਿਸ ਵਿੱਚ ਡੇਂਗੂਰ ਛੱਤੀ, ਕੇਂਦੂ ਛੱਤੀ, ਡੱਬਰੀ ਛੱਤੀ, ਬਾਤ ਛੱਤੀ, ਕੁਟਿਆਰੀ ਛੱਤੀ, ਪਤੱਰ ਛੱਤੀ, ਜਾਮ ਛੱਤੀ, ਮਜੂਰ ਡੁੰਡਾ, ਹਲਦੂਲੀਆ ਛੱਤੀ ਆਦਿ ਸ਼ਾਮਲ ਹਨ। ਝਾੜੂਆਂ ਵਿੱਚ ਫੂਲ ਬਾਰਨ, ਕਟਾ ਬਾਰਨ, ਜਿਤਕਾ ਬਾਰਨ, ਡੱਬ ਬਾਰਨ, ਸਿੰਧ ਬਾਰਨ ਆਦਿ ਸ਼ਾਮਲ ਹਨ। ਜੰਗਲੀ ਉਪਜਾਂ ਵਿੱਚ ਚਿਰੋਂਜੀ, ਆਂਵਲਾ, ਹਰਾ, ਬਹੇੜਾ, ਤੇਂਦੂ ਪੱਤੇ, ਸਾਲ, ਅੰਬ, ਜਾਮੁਨ, ਤੇਂਦੂ ਆਦਿ ਸ਼ਾਮਲ ਹਨ। ਇਨ੍ਹਾਂ ਦੀ ਵਰਤੋਂ ਘਰੇਲੂ ਕੰਮਾਂ ਲਈ ਕੀਤੀ ਜਾਂਦੀ ਹੈ ਅਤੇ ਬਾਜ਼ਾਰ ਵਿੱਚ ਵੀ ਵੇਚੀ ਜਾਂਦੀ ਹੈ, ਜਿਸ ਨਾਲ ਕੁਝ ਆਮਦਨ ਹੁੰਦੀ ਹੈ। ਇਸੇ ਤਰ੍ਹਾਂ, ਦੇਸੀ ਅੰਬਾਂ ਦੀਆਂ ਕਈ ਕਿਸਮਾਂ ਭਰਪੂਰ ਮਾਤਰਾ ਵਿੱਚ ਮਿਲਦੀਆਂ ਹਨ, ਪਰ ਆਦਿਵਾਸੀ ਲੋਕ ਇਨ੍ਹਾਂ ਅੰਬਾਂ ਨੂੰ ਉਦੋਂ ਤੱਕ ਨਹੀਂ ਖਾਂਦੇ ਜਦੋਂ ਤੱਕ ਉਹ ਪੱਕ ਨਹੀਂ ਜਾਂਦੇ। ਅੰਬਾਂ ਨੂੰ ਰਵਾਇਤੀ ਤੌਰ ’ਤੇ ਖਾਣ ਤੋਂ ਪਹਿਲਾਂ ਪਿੰਡ ਦੇ ਦੇਵਤੇ ਨੂੰ ਚੜ੍ਹਾਇਆ ਜਾਂਦਾ ਹੈ। ਇਸੇ ਤਰ੍ਹਾਂ, ਨਵਖਾਈ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸਨੂੰ ਨੂਖਾਈ ਵੀ ਕਿਹਾ ਜਾਂਦਾ ਹੈ। ਇਸਦਾ ਸ਼ਾਬਦਿਕ ਅਰਥ ਹੈ ‘ਨਵਾਂ ਭੋਜਨ’। (**ਬਾਕੀ ਸਫ਼ਾ 27 ’ਤੇ**)

## ਰੁੱਤ ਪੌਦੇ ਲਾਉਣ ਦੀ ਆਈ

ਡਾ. ਬਲਵਿੰਦਰ ਸਿੰਘ ਲੱਖੇਵਾਲੀ



ਸਾਉਣ ਦਾ ਮਹੀਨਾ ਧਰਤ ’ਤੇ ਅਜਬ ਜਿਹਾ ਅਹਿਸਾਸ ਲੈ ਕੇ ਆਉਂਦਾ ਹੈ। ਹਾੜ ਮਹੀਨੇ ਦੀ ਕੜਕਦੀ ਧੁੱਪ, ਧਰਤੀ ਦੀ ਹਿੱਕ ਨੂੰ ਸਾੜ ਕੇ ਰੱਖ ਦਿੰਦੀ ਹੈ ਜਦਕਿ ਸਾਉਣ ਦੀ ਆਮਦ ਭਾਵ ਬਰਸਾਤ ਧਰਤੀ ਦੇ ਸੀਨੇ ਨੂੰ ਠਾਰਦੀ ਹੈ। ਸਿਰਫ਼ ਮਨੁੱਖ ਹੀ ਨਹੀਂ ਬਲਕਿ ਧਰਤੀ ’ਤੇ ਵਸਦੇ ਸਭ ਜੀਵ-ਜੰਤੂਆਂ ਤੇ ਰੁੱਖਾਂ-ਪੌਦਿਆਂ ਵਿੱਚ ਵੀ ਨਵੀਂ ਜਾਨ ਪੈ ਜਾਂਦੀ ਹੈ। ਵੈਸੇ ਤਾਂ ਸਾਲ ਦੇ ਕਈ ਮਹੀਨੇ ਪੌਦੇ ਲਾਉਣ ਲਈ ਸਹਾਈ ਹੁੰਦੇ ਹਨ ਪ੍ਰੰਤੂ ਸਾਉਣ ਮਹੀਨਾ ਖ਼ਾਸ ਮੰਨਿਆ ਜਾਂਦਾ ਹੈ ‘ਆਇਆ! ਸਾਉਣ ਦਾ ਮਹੀਨਾ, ਰੁੱਖ, ਲਾਉਣ ਦਾ ਮਹੀਨਾ।’

ਹਰ ਦਿਨ ਵਧ ਰਹੀਆਂ ਕੁਦਰਤੀ ਆਫ਼ਤਾਂ ਤੇ ਵਾਤਾਵਰਨ ਬਾਰੇ ਹਾਲਾਤ ਸਾਨੂੰ ਸਿੱਧੇ ਤੌਰ ’ਤੇ ਸੰਕੇਤ ਦੇ ਰਹੇ ਹਨ ਕਿ ਅਸੀਂ ਕੁਦਰਤ ਤੋਂ ਦੂਰ ਹੁੰਦੇ ਜਾ ਰਹੇ ਹਾਂ। ਹਰੇ-ਭਰੇ ਜੰਗਲਾਂ ਵਿੱਚ ਵਸਣ ਵਾਲਾ ਮਨੁੱਖ ਅੱਜ ਕੰਕਰੀਟ ਦੇ ਜੰਗਲਾਂ ਦਾ ਵਾਸੀ ਹੋ ਗਿਆ ਹੈ। ਰੁੱਖਾਂ-ਬਿਰਖਾਂ ਨਾਲੋਂ ਨਾਤਾ ਤੋੜ ਕੇ ਅਸੀਂ ਇਮਾਰਤੀ ਅਤੇ ਬਨਾਵਟੀ ਮਾਹੌਲ ਨੂੰ ਤਰਜੀਹ ਦੇਣ ਲੱਗੇ ਹਾਂ। ਹਾਲਾਂਕਿ ਸਾਡੇ ਗੁਰੂਆਂ-ਪੀਰਾਂ ਨੇ ਤਾਂ ਸਦੀਆਂ ਪਹਿਲਾਂ ਸਾਨੂੰ ਬਿਰਖਾਂ ਦੀ ਮਨੁੱਖਾਂ ਅਤੇ ਜੀਵ-ਜੰਤੂਆਂ ਨਾਲ ਸਾਂਝ ਬਾਰੇ ਸੇਧ ਦਿੱਤੀ ਸੀ : ‘ਬਿਰਖੇ ਹੇਠਿ ਸਭ ਜੰਤ ਇਕੱਠੇ।’ ਪਰ ਅਫ਼ਸੋਸ, ਅਸੀਂ ਧਾਰਮਿਕ ਅਸਥਾਨਾਂ ’ਤੇ ਮੱਥੇ-ਨੱਕ ਤਾਂ ਰਗੜਦੇ ਹਾਂ ਪਰ ਜੋ ਸਿੱਖਿਆ, ਸੁਨੇਹਾ ਉਨ੍ਹਾਂ ਸਾਨੂੰ ਦਿੱਤਾ ਸੀ, ਉਸ ਉੱਪਰ ਅਮਲ ਕਰਨ ਬਾਰੇ ਸੋਚਦੇ ਵੀ ਨਹੀਂ। ਸੰਗਮਰਮਰ ਦਾ ਪੱਥਰ ਲਾ-ਲਾ ਕੇ ਅਸੀਂ ਪਤਾ ਨਹੀਂ ਕੀ ਸਿੱਧ ਕਰਨਾ ਚਾਹੁੰਦੇ ਹਾਂ?

ਦੇਰ ਆਇਦ-ਦੁਰੁਸਤ ਆਇਦ। ਹਾਲਾਂਕਿ ਅਸੀਂ ਬਹੁਤ ਪਿੱਛੇ ਰਹਿ ਚੁੱਕੇ ਹਾਂ। ਫਿਰ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇ ਅਸੀਂ ਆਪਣਾ ਫ਼ਰਜ਼ ਪਛਾਣ ਕੇ ਕਾਰਜ ਸ਼ੁਰੂ ਕਰੀਏ। ਬਰਸਾਤ ਆ ਚੁੱਕੀ ਹੈ। ਇਸ ਨੂੰ ਪੌਦੇ ਲਾਉਣ ਦੀ ਰੁੱਤ ਵੀ ਕਿਹਾ ਜਾਂਦਾ ਹੈ। ਅਸੀਂ ਸਾਲ ਵਿੱਚ ਅਨੇਕਾਂ ਤਿੱਥ-ਤਿਉਹਾਰ ਮਨਾਉਂਦੇ ਹਾਂ। ਦੀਵਾਲੀ, ਦੁਸਹਿਰੇ ਦੀ ਤਰ੍ਹਾਂ ਅੱਜ ਸਾਨੂੰ ਰੁੱਖਾਂ ਦੇ ਤਿਉਹਾਰ ਯਾਨੀ ਵਣ-ਮਹਾਉਤਸਵ ਨੂੰ ਵੀ ਓਨੀ ਹੀ ਸ਼ਿੱਦਤ ਨਾਲ ਮਨਾਉਣਾ ਪਵੇਗਾ ਜਿੰਨੀ ਸ਼ਿੱਦਤ ਨਾਲ ਅਸੀਂ ਹੋਰ ਤਿਉਹਾਰ ਮਨਾਉਂਦੇ ਹਾਂ।

ਜਿਨ੍ਹਾਂ ਰੁੱਖਾਂ ਦੁਆਲੇ ਸ੍ਰਿਸ਼ਟੀ ਦਾ ਸਭ ਚੱਕਰ ਚੱਲਦਾ ਹੈ। ਸਾਡੀਆਂ ਲੋੜਾਂ ਦੀ ਪੂਰਤੀ ਇਹ ਕਰਦੇ ਹਨ। ਖ਼ਾਸ ਤੌਰ ’ਤੇ ਹਰ ਪਲ ਜੀਣ ਲਈ ਲੋੜੀਂਦੀ ਆਕਸੀਜਨ ਸਾਨੂੰ ਦਿੰਦੇ ਹਨ ਤਾਂ ਸਾਨੂੰ ਇਨ੍ਹਾਂ ਦੇ ਤਿਉਹਾਰ ਮਨਾਉਣ ’ਚ ਪੂਰਾ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਰੁੱਖ ਵਿਚਾਰੇ ਸਾਡੇ ਜਨਮ ਤੋਂ ਮਰਨ ਤੱਕ ਦੇ ਸਫ਼ਰ ਤੇ ਰੋਜ਼ਮੱਰਾ ਦੀ ਜ਼ਿੰਦਗੀ ’ਚ ਸਵੇਰ ਦੀ ਦਾਤਣ ਤੋਂ ਲੈ ਕੇ ਰਾਤ ਨੂੰ ਸੌਣ ਵਾਲੇ ਮੰਜੇ ਤੱਕ ਸਾਡੀ ਹਰ ਲੋੜ ਦੀ ਪੂਰਤੀ ਬਿਨਾਂ ਕੁਝ ਕਹੇ-ਸੁਣੇ ਪੂਰੀ ਕਰਦੇ ਹਨ। ਅਸੀਂ ਸਭ ਹਵਾ ’ਚ ਵੱਖ-ਵੱਖ ਸਾਧਨਾਂ ਰਾਹੀਂ ਜ਼ਹਿਰ ਘੋਲਣ ਲੱਗੇ ਹੋਏ ਹਾਂ ਤੇ ਇਹ ਡਾ. ਸੁਰਜੀਤ ਪਾਤਰ ਦੇ ਕਹਿਣ ਅਨੁਸਾਰ :‘ਏਹੋ ਹੈ ਮੇਰੀ ਮੈ ਅਕਸ਼ੀ, ਏਸੇ ’ਚ ਮਸਤ ਹਾਂ। ਪੌਣਾਂ ’ਚੋਂ ਜ਼ਹਿਰ ਪੀ ਰਿਹਾ ਹਾਂ, ਮੈਂ ਦਰਖਤ ਹਾਂ।’ ਵਣ-ਮਹਾਉਤਸਵ ਨੂੰ ਮਨਾਉਣ ਦੀ ਸ਼ੁਰੂਆਤ ਬਾਰੇ ਗੱਲ ਕਰੀਏ ਤਾਂ ਸਾਡੇ ਦੇਸ਼ ਵਿੱਚ ਪਹਿਲਾ ‘ਰੁੱਖ ਉਗਾਓ ਉਤਸਵ’ ਸੰਨ 1947 ਦੇ ਜੁਲਾਈ ਮਹੀਨੇ ‘ਰੁੱਖ ਉਗਾਓ-ਸਪਤਾਹ’ ਦੇ ਤੌਰ ’ਤੇ ਮਨਾਇਆ ਗਿਆ ਸੀ। ਕੁਝ ਲੋਕਾਂ ਨੇ ਇਸ ਨੂੰ ਰੁੱਖ ਬੀਜਣ-ਸਪਤਾਹ ਵੀ ਕਿਹਾ।

ਇਸ ਉਤਸਵ ਦਾ ਆਗਾਜ਼ ਪੰਡਿਤ ਜਵਾਹਰਲਾਲ ਨਹਿਰੂ, ਡਾ. ਰਜਿੰਦਰ ਪ੍ਰਸਾਦ ਅਤੇ ਮੌਲਾਨਾ ਅਬਦੁਲ ਕਲਾਮ ਆਜ਼ਾਦ ਵਰਗੀਆਂ ਅਹਿਮ ਸ਼ਖ਼ਸੀਅਤਾਂ ਨੇ ‘ਕਚਨਾਰ’ ਦੇ ਬੂਟੇ ਲਾ ਕੇ ਕੀਤਾ। ਸੰਨ 1950 ਵਿੱਚ ਕੇ.ਐੱਮ. ਮੁਨਸ਼ੀ, ਜੋ ਉਸ ਸਮੇਂ ਭਾਰਤ ਦੇ ਖੁਰਾਕ ਅਤੇ ਖੇਤੀਬਾੜੀ ਮੰਤਰੀ ਸਨ, ਨੇ ਇਸ ਦਾ ਨਾਂ ਬਦਲ ਕੇ ਵਣ-ਮਹਾਉਤਸਵ ਰੱਖਿਆ। ਉਨ੍ਹਾਂ ਨੇ ਪੌਦੇ ਲਾਉਣ ਦੀ ਲਹਿਰ ਕੌਮੀ ਪੱਧਰ ’ਤੇ ਚਲਾ ਕੇ ਆਮ ਲੋਕਾਂ ਦਾ ਧਿਆਨ ਵੀ ਇਸ ਵੱਲ ਦਿਵਾਇਆ।

ਉਨ੍ਹਾਂ ਦੇ ਕਥਨ ਅਨੁਸਾਰ ਦੇਸ਼ ਦੀ ਸਾਧਾਰਨ ਆਰਥਿਕ ਦਸ਼ਾ ਵਿੱਚ ਰੁੱਖਾਂ ਦਾ ਆਪਣਾ ਸਥਾਨ ਹੁੰਦਾ ਹੈ। ਜੰਗਲ ਖੇਤੀਬਾੜੀ ਨਾਲ ਸਬੰਧਤ ਨਹੀਂ ਹੁੰਦੇ। ਇਹ ਅਜਿਹਾ ਅਮੁੱਕ ਸੋਮਾ ਹਨ ਜਿਨ੍ਹਾਂ ਤੋਂ ਅਸੀਂ ਲੱਖਾਂ ਦੀ ਗਿਣਤੀ ਵਿੱਚ ਵਧ ਰਹੇ ਲੋਕਾਂ ਵਾਸਤੇ ਖੁਰਾਕ ਤੇ ਹੋਰ ਲੋੜਾਂ ਦੀ ਪੂਰਤੀ ਕਰ ਸਕਦੇ ਹਾਂ। ਰੁੱਖਾਂ ਦੇ ਹੋਣ ਦਾ ਅਰਥ ਹੋਵੇਗਾ ਪਾਣੀ ਦਾ ਹੋਣਾ ਤੇ ਜੇ ਪਾਣੀ ਆਮ ਹੋਵੇ ਤਾਂ ਖੁਰਾਕ ਆਮ ਹੋ ਸਕਦੀ ਹੈ। ਵਣ-ਮਹਾਉਤਸਵ ਸਾਡੇ ਹੋਰ ਤਿਉਹਾਰਾਂ ਦੀਵਾਲੀ, ਦੁਸਹਿਰੇ ਦੀ ਤਰ੍ਹਾਂ ਨਹੀਂ ਕਿ ਇੱਕ ਦਿਨ ਪਟਾਕੇ ਚਲਾਏ, ਰੌਲਾ ਪਾਇਆ ਤੇ ਫਿਰ ਬੈਠ ਗਏ। ਇਹ ਤਾਂ ਨਿਰੰਤਰ ਅੰਦੋਲਨ ਦੀ ਤਰ੍ਹਾਂ ਹੈ ਜੋ ਦਿਨ-ਰਾਤ ਚੱਲਦਾ ਹੈ। ਜੇ ਪੌਦੇ ਲਾਉਣਾ ਵੱਡੀ ਗੱਲ ਹੈ ਤਾਂ ਉਨ੍ਹਾਂ ਨੂੰ ਸੰਭਾਲਣਾ ਉਸ ਤੋਂ ਵੀ ਵੱਡੀ ਗੱਲ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਅੱਜ ਦੀ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਨੂੰ ‘ਰੁੱਖ ਬਚਾਓ ਅੰਦੋਲਨ’ ਸ਼ੁਰੂ ਕਰਨਾ ਚਾਹੀਦਾ ਹੈ। ਛੋਟੇ ਤੋਂ ਵੱਡੇ ਰੁੱਖਾਂ ਨੂੰ ਲੋਕ ਕੱਟਣ ਵਿੱਚ ਦੇਰੀ ਨਹੀਂ ਕਰ ਰਹੇ।

ਕਈ ਦੇਸ਼ ਜੰਗਲਾਂ ਨਾਲ ਭਰੇ ਪਏ ਹਨ ਪਰ ਫਿਰ ਵੀ ਉਹ ਲੋਕ ‘ਰੁੱਖ ਦਿਵਸ’, ‘ਰੁੱਖਾਂ ਦਾ ਮੇਲਾ’ ਅਤੇ ‘ਹਰਿਆਵਲ ਸਪਤਾਹ’ ਆਦਿ ਖ਼ੂਬ ਮਨਾਉਂਦੇ ਹਨ। ਕੈਨੇਡਾ ਵਿੱਚ ‘ਵਣ ਰਖਿਆ ਹਫਤਾ’ ਅਨੇਕਾਂ ਅਦਾਰੇ ਮਨਾਉਂਦੇ ਹਨ ਅਤੇ ਆਮ ਲੋਕਾਂ ਨੂੰ ਜੰਗਲਾਂ ਵਿੱਚ ਲੱਗਣ ਵਾਲੀ ਅੱਗ ਤੋਂ ਬਚਾਉਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਆਸਟ੍ਰੇਲੀਆ, ਅਮਰੀਕਾ, ਇਜ਼ਰਾਈਲ ਆਦਿ ਦੇਸ਼ਾਂ ਵਿੱਚ ਵਾਤਾਵਰਨ ਸਬੰਧੀ ਹਾਲਾਤ ਅਨੁਸਾਰ ਸਾਲ ਦੇ ਕਿਸੇ ਨਾ ਕਿਸੇ ਮਹੀਨੇ ਰੁੱਖਾਂ ਦੀ ਸੰਭਾਲ ਅਤੇ ਬਚਾਅ ਖ਼ਾਤਰ ਉਤਸਵ ਮਨਾਏ ਜਾਂਦੇ।

ਜਾਪਾਨ ਦੇ ਲੋਕ ਤਾਂ ਅਪ੍ਰੈਲ ਮਹੀਨੇ ਇੱਕ ਹਫ਼ਤੇ ਨੂੰ ਕੌਮੀ ਰੁੱਖ ਤਿਉਹਾਰ ਵਜੋਂ ਮਨਾਉਂਦੇ ਹਨ।

‘ਹਰਿਆਵਲ ਸਪਤਾਹ’ ਨਾਮੀ ਇਸ ਹਫ਼ਤੇ ਨੂੰ ਅੱਗੇ ਦਿਨਾਂ ਦੇ ਹਿਸਾਬ ਨਾਲ ਵੱਖ-ਵੱਖ ਸਥਾਨਾਂ ਅਨੁਸਾਰ ਜਿਵੇਂ ‘ਮਾਰਗ ਹਰਿਆਵਲ ਦਿਵਸ’, ‘ਗ੍ਰਹਿ ਵਾਟਿਕਾ ਹਰਿਆਵਲ ਦਿਵਸ’ ਅਤੇ ‘ਸਕੂਲ ਹਰਿਆਵਲ ਦਿਵਸ’ ਆਦਿ ’ਚ ਵੰਡ ਕੇ ਪੌਦੇ ਲਾਉਣ ਅਤੇ ਪਾਲਣ-ਪੋਸ਼ਣ ਸਬੰਧੀ ਲੋਕਾਂ ਦਾ ਧਿਆਨ ਦਿਵਾਇਆ ਜਾਂਦਾ ਹੈ।

ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜਿਨ੍ਹਾਂ ਦਾ ਮੁੱਖ ਮਕਸਦ ਰੋਟੀ ਖਾ ਕੇ ਸੌਣਾ, ਆਉਣ ਵਾਲੀ ਪੀੜ੍ਹੀ ਲਈ ਪੈਸਾ ਤੇ ਜ਼ਮੀਨ-ਜਾਇਦਾਦ ਇਕੱਠੇ ਕਰਨ ਦੀ ਬਜਾਏ ਲੋਕ ਭਲਾਈ ਦੇ ਕੰਮ ਕਰਨਾ ਹੁੰਦਾ ਹੈ। ਜੇ ਸਾਰਾ ਸੰਸਾਰ ਪੈਸੇ ਅਤੇ ਸ਼ੋਹਰਤ ਖ਼ਾਤਰ ਕੁਦਰਤ ਨਾਲ ਇਸੇ ਤਰ੍ਹਾਂ ਖਿਲਵਾੜ ਕਰਦਾ ਗਿਆ ਤਾਂ ਪਰਲੋ ਦੀ ਆਮਦ ਜ਼ਿਆਦਾ ਦੂਰ ਨਹੀਂ। ਪਹਿਲਾਂ ਲੋਕ ਰੁੱਖਾਂ ਨੂੰ ਹਰ ਜਗ੍ਹਾ ਲਾਉਂਦੇ ਸਨ ਚਾਹੇ ਉਹ ਘਰ ਹੋਵੇ, ਗਲੀ, ਪਿੰਡ ਜਾਂ ਸਾਂਝੀਆਂ ਸੰਸਥਾਵਾਂ ਹੋਣ, ਹਰ ਜਗ੍ਹਾ ਰੁੱਖਾਂ ਦੀ ਅਹਿਮੀਅਤ ਹੁੰਦੀ ਸੀ। ਲੋਕਾਂ ਦੇ ਘਰਾਂ ਦੀ ਨਿਸ਼ਾਨੀ ਵੀ ਰੁੱਖ ਦੇ ਤੌਰ ’ਤੇ ਹੁੰਦੀ ਸੀ ਜੋ ਇਸ ਤਰ੍ਹਾਂ ਲੋਕ ਗੀਤਾਂ ’ਚ ਆਉਂਦੀ ਹੈ : ‘ਬਾਜ਼ਾਰ ਵਿਕੇਂਦੀ ਤਰ ਵੇ, ਮੇਰਾ ਸਾਹਮਣੀ ਗਲੀ ਵਿੱਚ ਘਰ ਵੇ।

(**ਬਾਕੀ ਸਫ਼ਾ 27 ’ਤੇ**)

## ਮੁਜ਼ਤਬਾ ਹੁਸੈਨ




ਵਿਨੀਪੈਗ ਦੀ ਹੱਡ-ਚੀਰਵੀਂ ਠੰਡ ਵਿੱਚ ਬਾਹਰ ਤਾਪਮਾਨ ਮਾਈਨਸ ਤੀਹ ਡਿਗਰੀ ਨੂੰ ਛੂਹ ਰਿਹਾ ਸੀ। ਖਿੜਕੀ ਦੇ ਡਬਲ ਸ਼ੀਸ਼ੇ ਦੇ ਪਾਰ ਬਰਫ਼ ਦੀ ਇੱਕ ਚਿੱਟੀ ਬੇਜਾਨ ਚਾਦਰ ਵਿਛੀ ਹੋਈ ਸੀ। ਸੜਕਾਂ, ਰੁੱਖ, ਗੱਡੀਆਂ, ਸਭ ਕੁਝ ਉਸੇ ਸਫ਼ੈਦ ਖਾਮੋਸ਼ੀ ਵਿੱਚ ਦਫ਼ਨ ਸੀ। ਘਰ ਦੇ ਅੰਦਰ ਕੇਂਦਰੀ ਹੀਟਿੰਗ ਸਿਸਟਮ ਦੀ ਹਲਕੀ ਜਿਹੀ ਸਰਸਰਾਹਟ ਚੱਲ ਰਹੀ ਸੀ। ਸੱਠ ਸਾਲਾਂ ਦਾ ਸਰੂਪ ਸਿੰਘ ਪੰਜਾਬ ਤੋਂ ਲਿਆਂਦੀ ਊਨੀ ਲੋਈ ਦੀ ਬੁੱਕਲ ਮਾਰ ਕੇ ਹੀਟਰ ਦੇ ਬੇਸ-ਬੋਰਡ ਦੇ ਬਿਲਕੁਲ ਕੋਲ ਬੈਠਾ ਸੀ। ਉਸ ਦੇ ਹੱਥ ਕੰਬ ਰਹੇ ਸਨ, ਪਰ ਇਹ ਕੰਬਣੀ ਬਾਹਰਲੀ ਠੰਡ ਕਰਕੇ ਨਹੀਂ ਸੀ, ਬਲਕਿ ਉਸ ਦੇ ਅੰਦਰ ਜੰਮ ਚੁੱਕੀ ਉਸ ਇਕੱਲਤਾ ਦੀ ਸੀ, ਜਿਸ ਨੂੰ ਦੁਨੀਆ ਦਾ ਕੋਈ ਵੀ ਹੀਟਰ ਗਰਮ ਨਹੀਂ ਸੀ ਕਰ ਸਕਦਾ।

"ਸੁਣਦੇ ਹੋ... ਤੁਹਾਨੂੰ ਯਾਦ ਹੈ ਅੱਜ ਆਪਣੇ ਪਿੰਡ ਗਿਆਨੀ ਨਿਰਮਲ ਸਿਉਂ ਦੇ ਮੁੰਡੇ ਦਾ ਵਿਆਹ ਹੋਣਾ ਐ। ਹੁਣ ਤੱਕ ਤਾਂ ਜੰਞ ਚੜ੍ਹ ਵੀ ਗਈ ਹੋਣੀ।" ਉਸ ਦੀ ਪਤਨੀ ਪ੍ਰੀਤਮ ਕੌਰ ਨੇ ਰਸੋਈ ਤੋਂ ਬਾਹਰ ਆਉਂਦਿਆਂ ਕਿਹਾ।

ਉਸ ਦੇ ਹੱਥ ਵਿੱਚ ਅਲਮੀਨੀਅਮ ਦੇ ਦੋ ਪੁਰਾਣੇ ਭਾਂਡੇ ਸਨ, ਜਿਨ੍ਹਾਂ ਨੂੰ ਉਹ ਪੰਜਾਬ ਤੋਂ ਆਉਂਦਿਆਂ ਚੋਰੀ-ਛੁਪੇ ਸੂਟਕੇਸ ਵਿੱਚ ਪਾ ਕੇ ਲਿਆਈ ਸੀ। ਇਹ ਭਾਂਡੇ ਇਸ ਆਧੁਨਿਕ, ਚਮਕਦਾਰ ਰਸੋਈ ਦੇ ਗ੍ਰੇਨਾਈਟ ਸਲੈਬ 'ਤੇ ਬਿਲਕੁਲ ਬੇਮੇਲ ਅਤੇ ਓਪਰੇ ਜਾਪਦੇ ਸਨ ਬਿਲਕੁਲ ਪ੍ਰੀਤਮ ਕੌਰ ਅਤੇ ਸਰੂਪ ਸਿੰਘ ਵਾਂਗ।

ਸਰੂਪ ਸਿੰਘ ਨੇ ਇੱਕ ਲੰਮਾ, ਡੂੰਘਾ ਸਾਹ ਲਿਆ ਅਤੇ ਆਪਣੀ ਐਨਕ ਨੂੰ ਨੱਕ ਤੋਂ ਥੋੜ੍ਹਾ ਉੱਪਰ ਸਰਕਾਇਆ, "ਆਹੋ... ਨਿਰਮਲ ਸਿੰਘ ਦਾ ਮੁੰਡਾ ਲਾੜੀ, ਵੇਖ ਲੈ ਪ੍ਰੀਤਮ ਕੁਰੇ ਕੱਲ੍ਹ ਦੀ ਗੱਲ ਲੱਗਦੀ ਹੈ ਜਦੋਂ ਉਹ ਨਿੱਕਾ ਜਿਹਾ ਹੁੰਦਾ ਆਪਣੇ ਬਾਪੂ ਜੀ ਨਾਲ ਆਪਣੇ ਘਰੇ ਆਉਂਦਾ ਹੁੰਦਾ ਸੀ ਤੇ ਅੱਜ ਉਸ ਦਾ ਵਿਆਹ ਵੀ ਹੋ ਰਿਹਾ ਹੈ। ਵੇਖ ਲੈ ਉੱਥੇ ਪੰਜਾਬ ਵਿੱਚ ਵਕਤ ਕਿੰਨਾ ਤੇਜ਼ੀ ਨਾਲ ਲੰਘ ਰਿਹਾ ਹੈ ਤੇ ਇੱਥੇ ਆਪਾਂ ਨੂੰ ਇੱਕ ਘੜੀ ਲੰਘਾਉਣੀ ਔਖੀ ਹੋਈ ਪਈ ਹੈ।"

"ਕਿਉਂ ਚਿੰਤਾ ਕਰਦੇ ਹੋ ਜੀ। ਕੋਈ ਨਾ ਆਪਾਂ ਦੋ-ਚਾਰ ਮਹੀਨਿਆਂ ਤੱਕ ਪਿੰਡ ਚਲੇ ਜਾਵਾਂਗੇ।" ਪ੍ਰੀਤਮ ਕੁਰ ਨੇ ਸੋਫੇ 'ਤੇ ਬੈਠਦਿਆਂ ਕਿਹਾ।

"ਉਹ ਗੱਲ ਤਾਂ ਤੇਰੀ ਠੀਕ ਹੈ ਪ੍ਰੀਤਮ ਕੁਰੇ, ਪਰ ਜੇ ਅੱਜ ਆਪਾਂ ਪਿੰਡ ਹੁੰਦੇ ਤਾਂ ਲਾੜੀ ਦੇ ਵਿਆਹ ਦੀ ਸਾਰੀ ਜ਼ਿੰਮੇਵਾਰੀ ਗਿਆਨੀ ਜੀ ਨੇ ਮੇਰੇ ਮੋਢਿਆਂ 'ਤੇ ਧਰਨੀ ਸੀ। ਕੌਣ ਆਇਆ, ਕੌਣ ਗਿਆ, ਕਿਹੜਾ ਪ੍ਰਾਹੁਣਾ ਕਿੱਥੇ ਬੈਠਾ... ਇਹ ਸਭ ਮੈਂ ਦੇਖਣਾ ਸੀ। ਪਰ ਇੱਥੇ? ਇੱਥੇ ਅਸੀਂ ਇਸ ਚਾਰ-ਦੀਵਾਰੀ ਦੇ ਬੰਦੀ ਹਾਂ।"

ਪਿੰਡ ਬਾਰੇ ਗੱਲ ਕਰਦਿਆਂ ਅਤੀਤ ਦੀਆਂ ਯਾਦਾਂ ਸਰੂਪ ਸਿੰਘ ਦੇ ਮਨ ਵਿੱਚ ਤੈਰਨ ਲੱਗੀਆਂ। ਦੋ ਸਾਲ ਪਹਿਲਾਂ, ਜਦੋਂ ਉਨ੍ਹਾਂ ਦਾ ਪੁੱਤਰ ਨਵਦੀਪ ਮਹੀਨੇ ਕੁ ਲਈ ਪੰਜਾਬ ਆਇਆ ਸੀ ਤਾਂ ਉਹ ਆਪਣੇ ਨਾਲ ਹਵਾਈ ਜਹਾਜ਼ ਦੀਆਂ ਟਿਕਟਾਂ ਲੈ ਕੇ ਆਇਆ ਸੀ। ਜਦੋਂ ਆਂਢ ਗੁਆਂਢ ਦੇ ਲੋਕਾਂ ਨੂੰ ਪਤਾ ਲੱਗਾ ਕਿ ਨਵਦੀਪ ਆਪਣੇ ਮਾਂ-ਪਿਉ ਨੂੰ ਕੈਨੇਡਾ ਆਪਣੇ ਨਾਲ ਲੈ ਕੇ ਜਾਣ ਲਈ ਆਇਆ ਹੈ ਤਾਂ ਸਭ ਨੇ ਇਹੀ ਕਿਹਾ ਸੀ, 'ਸਰੂਪ ਸਿਹਾਂ, ਤੇਰੀ ਤਾਂ ਕਿਸਮਤ ਖੁੱਲ੍ਹ ਗਈ। ਪੁੱਤ ਸਿਆਣਾ ਤੇ ਲਾਇਕ ਨਿਕਲਿਆ, ਬੁਢਾਪਾ ਸੁਧਾਰ ਦਿੱਤਾ। ਜਿਊਂਦੇ ਜੀਅ ਨਰਕ 'ਚੋਂ ਕੱਢ ਦਿੱਤਾ।' ਸਰੂਪ ਸਿੰਘ ਨੂੰ ਵੀ ਉਦੋਂ ਇਹੀ ਲੱਗਿਆ ਸੀ ਕਿ ਸ਼ਾਇਦ ਜ਼ਿੰਦਗੀ ਦੇ ਆਖਰੀ ਦਿਨ ਔਲਾਦ ਦੀ ਛਾਂ ਹੇਠ ਹੱਸਦਿਆਂ-ਖੇਡਦਿਆਂ ਲੰਘਣਗੇ, ਪਰ ਵਿਨੀਪੈਗ ਪਹੁੰਚ ਕੇ ਸੁਧਰੇ ਹੋਏ ਬੁਢਾਪੇ ਦਾ ਨਵਾਂ ਰੂਪ ਸਾਹਮਣੇ ਆਇਆ।

ਨਵਦੀਪ ਅਤੇ ਉਸ ਦੀ ਪਤਨੀ ਦੋਵੇਂ ਕੰਪਿਊਟਰ ਕੰਪਨੀਆਂ ਵਿੱਚ ਮੈਨੇਜਰ ਸਨ। ਉਹ ਸਵੇਰੇ ਤੜਕੇ ਛੇ ਵਜੇ, ਜਦੋਂ ਹਾਲੇ ਬਾਹਰ ਹਨੇਰਾ ਹੀ ਹੁੰਦਾ, ਨਿਕਲ ਜਾਂਦੇ ਅਤੇ ਰਾਤ ਨੂੰ ਅੱਠ ਵਜੇ ਥੱਕੇ-ਟੁੱਟੇ ਵਾਪਸ ਆਉਂਦੇ। ਬੱਚੇ ਜੋ ਕੈਨੇਡਾ ਵਿੱਚ ਹੀ ਜੰਮੇ-ਪਲੇ ਸਨ, ਹਫ਼ਤੇ ਦੇ ਅਖੀਰ ਵਿੱਚ ਵੀ ਆਪਣੇ ਫੁੱਟਬਾਲ ਦੇ ਮੈਚਾਂ ਜਾਂ ਗੋਰੇ ਦੋਸਤਾਂ ਦੀਆਂ ਜਨਮਦਿਨ ਪਾਰਟੀਆਂ ਵਿੱਚ ਮਸਤ ਰਹਿੰਦੇ। ਬਜ਼ੁਰਗਾਂ ਲਈ ਚੌਵੀ ਘੰਟੇ ਦਾ ਦਿਨ ਕੱਟਣਾ ਇੱਕ ਕਾਲ ਕੋਠੜੀ ਦੀ ਸਜ਼ਾ ਵਰਗਾ ਸੀ।

ਉਨ੍ਹਾਂ ਲਈ ਸਭ ਤੋਂ ਵੱਡੀ ਦੁਸ਼ਵਾਰੀ ਸੀ ਪਛਾਣ ਦਾ ਗੁਆਚ ਜਾਣਾ। ਪੰਜਾਬ ਵਿੱਚ ਸਰੂਪ ਸਿੰਘ ਬਹੁਤ ਸਾਲ ਪਿੰਡ ਦੀ ਸਹਿਕਾਰੀ ਸਭਾ ਦਾ ਪ੍ਰਧਾਨ ਰਿਹਾ ਸੀ। ਗਲੀ ਵਿੱਚੋਂ ਲੰਘਦੇ ਨਿਆਣੇ ਤੋਂ ਲੈ ਕੇ ਬੁੱਢੇ ਤੱਕ ਸਭ ਸਤਿ ਸ੍ਰੀ ਅਕਾਲ ਪ੍ਰਧਾਨ ਜੀ ਆਖਦੇ ਸਨ। ਸੱਥ ਵਿੱਚ ਬੈਠ ਕੇ ਖੇਤੀਬਾੜੀ, ਦੇਸ਼ ਦੀ ਸਿਆਸਤ ਅਤੇ ਨਹਿਰੀ ਪਾਣੀ ਦੇ ਮਸਲਿਆਂ ਆਦਿ 'ਤੇ ਉਸ ਦੀ ਰਾਏ ਸਭ ਤੋਂ ਅਹਿਮ ਹੁੰਦੀ ਸੀ। ਇੱਥੇ ਇਸ ਬੇਗਾਨੇ ਸ਼ਹਿਰ ਵਿੱਚ ਉਹ ਮਹਿਜ਼ ਇੱਕ ਸੀਨੀਅਰ ਸਿਟੀਜ਼ਨ ਬਣ ਕੇ ਸਿਮਟ ਕੇ ਰਹਿ ਗਏ ਸਨ। ਜੇ ਕਦੇ ਹਿੰਮਤ ਕਰਕੇ ਘਰੋਂ ਬਾਹਰ ਸੜਕ 'ਤੇ ਪੈਰ ਰੱਖਦੇ ਵੀ ਤਾਂ ਗੋਰੇ ਗੁਆਂਢੀ ਅਜਨਬੀਆਂ ਵਾਂਗ ਕੋਲੋਂ ਲੰਘ ਜਾਂਦੇ। ਕੋਈ ਮੁਸਕਰਾਉਂਦਾ ਵੀ ਤਾਂ ਉਹ ਮੁਸਕਰਾਹਟ ਪਲਾਸਟਿਕ ਵਰਗੀ ਹੁੰਦੀ, ਜਿਸ ਵਿੱਚ ਕੋਈ ਸੱਚਾ ਤੇ ਆਪਣੇਪਣ ਵਾਲਾ ਨਿੱਘ ਨਹੀਂ ਸੀ ਹੁੰਦਾ।

ਸ਼ਨਿਚਰਵਾਰ ਇੱਕ ਸ਼ਾਮ ਘਰ ਵਿੱਚ ਮਾਹੌਲ ਥੋੜ੍ਹਾ ਖੁਸ਼ਗਵਾਰ ਸੀ। ਨਵਦੀਪ ਸਮੇਂ ਸਿਰ ਘਰ ਆ ਗਿਆ ਸੀ ਅਤੇ ਉਸ ਦੇ ਹੱਥ ਵਿੱਚ ਭੂਰੇ ਜਿਹੇ ਰੰਗ ਦਾ ਇੱਕ ਸਰਕਾਰੀ ਲਿਫ਼ਾਫ਼ਾ ਸੀ। ਉਸ ਨੇ ਬੜੇ ਚਾਅ ਨਾਲ ਲਿਫ਼ਾਫ਼ਾ ਮੇਜ਼ 'ਤੇ ਰੱਖਿਆ ਅਤੇ ਬੋਲਿਆ, "ਪਾਪਾ, ਮੰਮੀ, ਤੁਹਾਡੇ ਲਈ ਬਹੁਤ ਵੱਡੀ ਖੁਸ਼ਖਬਰੀ ਹੈ! ਤੁਹਾਡੀ ਸੁਪਰ-ਵੀਜ਼ਾ ਦੀ ਐਕਸਟੈਨਸ਼ਨ ਆ ਗਈ ਹੈ। ਹੁਣ ਇਮੀਗ੍ਰੇਸ਼ਨ ਵਾਲਿਆਂ ਨੇ ਤੁਹਾਨੂੰ ਹੋਰ ਤਿੰਨ ਸਾਲ ਇੱਥੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਹੁਣ ਸਾਨੂੰ ਵਾਰ-ਵਾਰ ਫਾਈਲਾਂ ਲਗਾਉਣ ਦੀ ਲੋੜ ਨਹੀਂ।"

ਨਵਦੀਪ ਦੇ ਚਿਹਰੇ 'ਤੇ ਇੱਕ ਸਕੂਨ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸ ਨੇ ਪੁੱਤਰ ਹੋਣ ਦਾ ਫ਼ਰਜ਼ ਪੂਰਾ ਕਰ ਦਿੱਤਾ ਹੈ ਅਤੇ ਉਸ ਦੇ ਮਾਪੇ ਦੁਨੀਆ ਦੇ ਸਭ ਤੋਂ ਸੁਰੱਖਿਅਤ ਅਤੇ ਅਮੀਰ ਦੇਸ਼ ਵਿੱਚ ਉਸ ਦੇ ਕੋਲ ਹਨ, ਪਰ ਇਹ ਸੁਣਦਿਆਂ ਹੀ ਸਰੂਪ ਸਿੰਘ ਦੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਖਿਸਕ ਗਈ। ਉਸ ਨੇ ਲੋਈ ਨੂੰ ਮੋਢਿਆਂ ਤੋਂ ਥੋੜ੍ਹਾ ਹੋਰ ਕੱਸਿਆ। ਪ੍ਰੀਤਮ ਕੌਰ ਨੇ ਰਸੋਈ ਦੀ ਕੰਧ ਨੂੰ ਸਹਾਰੇ ਲਈ ਫੜ ਲਿਆ।

"ਨਵੀ ਪੁੱਤ...।" ਸਰੂਪ ਸਿੰਘ ਨੇ ਬੜੀ ਹਿੰਮਤ ਇਕੱਠੀ ਕਰਕੇ ਭਾਰੀ ਆਵਾਜ਼ ਵਿੱਚ ਕਿਹਾ, "ਅਸੀਂ... ਅਸੀਂ ਹੁਣ ਪੰਜਾਬ ਵਾਪਸ ਜਾਣਾ ਚਾਹੁੰਦੇ ਹਾਂ। ਸਾਡਾ ਇੱਥੇ ਦਿਲ ਨਹੀਂ ਲੱਗਦਾ।"

ਨਵਦੀਪ ਦਾ ਚਿਹਰਾ ਇੱਕ ਪਲ ਵਿੱਚ ਉਤਰ ਗਿਆ। ਉਸ ਦੀਆਂ ਅੱਖਾਂ ਵਿੱਚ ਹੈਰਾਨੀ ਅਤੇ ਗੁੱਸਾ ਦੋਵੇਂ ਆ ਗਏ ਸਨ, "ਪਾਪਾ! ਤੁਸੀਂ ਫਿਰ ਉਹੀ ਗੱਲ ਸ਼ੁਰੂ ਕਰ ਦਿੱਤੀ? ਉੱਥੇ ਪੰਜਾਬ ਵਿੱਚ ਕੌਣ ਹੈ ਤੁਹਾਡਾ? ਸਾਰੀ ਉਮਰ ਤੁਸੀਂ ਪਿੰਡ ਦੇ ਲੋਕਾਂ ਦੇ ਕੰਮ ਆਉਂਦੇ ਰਹੇ, ਹੁਣ ਜਦੋਂ ਬੁਢਾਪੇ ਵਿੱਚ ਤੁਹਾਨੂੰ ਆਰਾਮ ਚਾਹੀਦਾ ਹੈ ਤਾਂ ਤੁਸੀਂ ਉਸ ਧੂੜ-ਮਿੱਟੀ ਵਿੱਚ ਵਾਪਸ ਜਾਣਾ ਚਾਹੁੰਦੇ ਹੋ ਜਿੱਥੋਂ ਮੈਂ ਤੁਹਾਨੂੰ ਲੈ ਕੇ ਆਇਆ ਹਾਂ? ਉੱਥੇ ਤਾਂ ਮੈਡੀਕਲ ਦੀ ਸਹੂਲਤ ਵੀ ਚੰਗੀ ਨਹੀਂ। ਜੇ ਰਾਤ-ਬਰਾਤੇ ਕਿਸੇ ਨੂੰ ਕੋਈ ਦਿਲ ਦੀ ਸਮੱਸਿਆ ਹੋ ਗਈ ਤਾਂ ਹਸਪਤਾਲ ਕੌਣ ਲੈ ਕੇ ਜਾਵੇਗਾ?"

"ਪੁੱਤ, ਹਸਪਤਾਲ ਤਾਂ ਇੱਥੇ ਵੀ ਹੈ, ਪਰ ਇੱਥੇ ਸਾਨੂੰ ਲਿਜਾਣ ਲਈ ਵੀ ਤੈਨੂੰ ਕੰਮ ਤੋਂ ਛੁੱਟੀ ਲੈਣੀ ਪੈਂਦੀ ਹੈ।" ਪ੍ਰੀਤਮ ਕੌਰ ਨੇ ਹੌਲੀ ਦੇਣੀ ਆਖਿਆ।

ਨਵਦੀਪ ਨੇ ਖਿੱਝ ਕੇ ਅੱਗੋਂ ਜਵਾਬ ਦਿੱਤਾ, "ਮੰਮੀ, ਇੱਥੇ ਸਿਸਟਮ ਐਦਾਂ ਦਾ ਹੀ ਹੈ। ਮੈਂ ਆਪਣੀ ਲੱਖਾਂ ਡਾਲਰ ਦੀ ਨੌਕਰੀ ਨਹੀਂ ਛੱਡ ਸਕਦਾ। ਜੇ ਮੈਂ ਕੰਮ 'ਤੇ ਨਹੀਂ ਜਾਵਾਂਗਾ, ਤਾਂ ਇਸ ਘਰ ਦੀਆਂ ਕਿਸ਼ਤਾਂ, ਤੁਹਾਡਾ ਬੀਮਾ, ਬੱਚਿਆਂ ਦੀਆਂ ਫੀਸਾਂ ਕੌਣ ਭਰੇਗਾ? ਇੱਥੇ ਤੁਹਾਡੇ ਕੋਲ ਸਭ ਕੁਝ ਹੈ। ਵੱਡਾ ਘਰ ਹੈ, ਹਰ ਕਮਰੇ ਵਿੱਚ ਟੀਵੀ ਹੈ, ਚੰਗਾ ਖਾਣ ਪੀਣ ਨੂੰ ਮਿਲਦਾ ਹੈ। ਸਰਕਾਰ ਵੱਲੋਂ ਡਾਕਟਰੀ ਸਹੂਲਤਾਂ ਮੁਫ਼ਤ ਨੇ। ਫਿਰ ਵੀ ਤੁਸੀਂ ਵਾਪਸ ਜਾਣ ਦੀ ਜ਼ਿੱਦ ਕਿਉਂ ਕਰਦੇ ਹੋ? ਉੱਥੇ ਪੰਜਾਬ ਵਿੱਚ ਹੁਣ ਰੱਖਿਆ ਹੀ ਕੀ ਹੈ?"

ਸਰੂਪ ਸਿੰਘ ਕੋਲ ਇਸ ਸਵਾਲ ਦਾ ਕੋਈ ਅਜਿਹਾ ਜਵਾਬ ਨਹੀਂ ਸੀ ਜੋ ਨਵਦੀਪ ਦੇ ਕੈਨੇਡੀਅਨ ਦਿਮਾਗ਼ ਨੂੰ ਸਮਝਾਇਆ ਜਾ ਸਕੇ। ਉਹ ਉਸ ਨੂੰ ਕਿਵੇਂ ਦੱਸਦੇ ਕਿ ਮਨੁੱਖ ਸਿਰਫ਼ ਚੰਗੇ ਖਾਣੇ, ਵੱਡੇ ਘਰ ਅਤੇ ਬੀਮੇ ਦੇ ਸਹਾਰੇ ਨਹੀਂ ਜਿਊਂਦਾ। ਮਨੁੱਖ ਨੂੰ ਆਪਣੀ ਮਿੱਟੀ, ਆਪਣੇ ਲੋਕ, ਆਪਣੀ ਬੋਲੀ ਅਤੇ ਉਹ ਅਪਣੱਤ ਚਾਹੀਦੀ ਹੁੰਦੀ ਹੈ ਜਿੱਥੇ ਕੋਈ ਬਿਨਾਂ ਮਤਲਬ ਤੋਂ ਵੀ ਬੂਹਾ ਖੜਕਾ ਕੇ ਹਾਲ-ਚਾਲ ਪੁੱਛ ਲਵੇ।

"ਤੂੰ ਨਹੀਂ ਸਮਝੇਂਗਾ ਪੁੱਤ...।" ਸਰੂਪ ਸਿੰਘ ਨੇ ਕੰਧ 'ਤੇ ਲੱਗੀ ਘੜੀ ਵੱਲ ਦੇਖਦਿਆਂ ਕਿਹਾ, "ਤੇਰੀ ਦੁਨੀਆ ਡਾਲਰਾਂ ਤੇ ਕਿਸ਼ਤਾਂ ਦੀ ਹੈ, ਸਾਡੀ ਰੂਹ ਹਾਲੇ ਵੀ ਉਸੇ ਪਿੰਡ ਦੀਆਂ ਗਲੀਆਂ, ਸੱਥਾਂ ਤੇ ਜੂਹਾਂ ਵਿੱਚ ਭਟਕਦੀ ਹੈ।" ਨਵਦੀਪ ਬਿਨਾਂ ਕੁਝ ਬੋਲੇ, ਪੈਰ ਪਟਕਦਾ ਹੋਇਆ ਆਪਣੇ ਕਮਰੇ ਵਿੱਚ ਚਲਾ ਗਿਆ ਅਤੇ ਦਰਵਾਜ਼ਾ ਜ਼ੋਰ ਦੀ ਬੰਦ ਕਰ ਦਿੱਤਾ।

ਉਸੇ ਰਾਤ ਬਾਰਾਂ ਵਜੇ ਦੇ ਕਰੀਬ ਜਦੋਂ ਪੂਰਾ ਘਰ ਸੌਂ ਚੁੱਕਾ ਸੀ, ਸਰੂਪ ਸਿੰਘ ਅਤੇ ਪ੍ਰੀਤਮ ਕੌਰ ਆਪਣੇ ਕਮਰੇ ਵਿੱਚ ਇਕੱਲੇ ਬੈਠੇ ਸਨ। ਬਾਹਰ ਬਰਫ਼ੀਲਾ ਤੂਫ਼ਾਨ ਹੋਰ ਤੇਜ਼ ਹੋ ਗਿਆ ਸੀ, ਹਵਾ ਖਿੜਕੀਆਂ ਦੇ ਸ਼ੀਸ਼ਿਆਂ ਨਾਲ ਟਕਰਾ ਕੇ ਇੱਕ ਡਰਾਉਣੀ ਆਵਾਜ਼ ਪੈਦਾ ਕਰ ਰਹੀ ਸੀ। ਪ੍ਰੀਤਮ ਕੌਰ ਨੇ ਸਰੂਪ ਸਿੰਘ ਦੇ ਗੋਡਿਆਂ 'ਤੇ ਹੱਥ ਰੱਖਿਆ, ਉਸ ਦੀਆਂ ਅੱਖਾਂ ਵਿੱਚ ਹੰਝੂ ਸਨ, "ਸਰਦਾਰ ਜੀ, ਜੇ ਅਸੀਂ ਇੱਥੇ ਰਹਿੰਦੇ ਹਾਂ, ਤਾਂ ਸਾਡਾ ਸਾਹ ਘੁੱਟਦਾ ਹੈ। ਇੰਝ ਲੱਗਦਾ ਜਿਵੇਂ ਕਿਸੇ ਮਹਿੰਗੀ ਜੇਲ੍ਹ ਵਿੱਚ ਬੰਦ ਹਾਂ। ਜੇ ਪੰਜਾਬ ਜਾਂਦੇ ਹਾਂ ਤਾਂ ਪੁੱਤ ਦਾ ਦਿਲ ਟੁੱਟਦਾ ਹੈ। ਉਹ ਕਹਿੰਦਾ ਹੈ ਕਿ ਦੁਨੀਆ ਮੈਨੂੰ ਤਾਹਨੇ ਮਾਰੇਗੀ ਕਿ ਮਾਪੇ ਬੁਢਾਪੇ ਵਿੱਚ ਪਿੰਡ ਇਕੱਲੇ ਛੱਡ ਦਿੱਤੇ, ਪਰ ਉਹ ਇਹ ਨਹੀਂ ਸਮਝਦਾ ਕਿ ਸਾਡੀ ਜਾਨ ਤਾਂ ਇੱਥੇ ਰੋਜ਼ ਨਿਕਲਦੀ ਹੈ। ਅਸੀਂ ਤਾਂ ਜਿਊਂਦੇ-ਜੀਅ ਤ੍ਰਿਸ਼ੰਕੂ ਵਾਂਗ ਵਿਚਾਲੇ ਲਟਕ ਗਏ ਹਾਂ। ਨਾ ਹੁਣ ਉਹ ਦੇਸ਼ ਸਾਡਾ ਰਿਹਾ ਹੈ, ਨਾ ਇਹ ਦੇਸ਼ ਸਾਨੂੰ ਅਪਣਾਉਂਦਾ ਹੈ।"

ਸਰੂਪ ਸਿੰਘ ਨੇ ਆਪਣੀ ਪਤਨੀ ਦੇ ਹੰਝੂ ਪੂੰਝੇ, "ਦਿਲ ਕਾਹਤੋਂ ਛੋਟਾ ਕਰਦੀ ਐਂ ਪ੍ਰੀਤਮ ਕੁਰੇ। ਪ੍ਰਵਾਸ ਦੀ ਇਹੋ ਤ੍ਰਾਸਦੀ ਹੈ ਜਿਹੜੇ ਬੱਚਿਆਂ ਨੂੰ ਅਸੀਂ ਉੱਡਣਾ ਸਿਖਾਇਆ, ਹੁਣ ਉਨ੍ਹਾਂ ਦੇ ਆਕਾਸ਼ ਵੱਖਰੇ ਨੇ ਤੇ ਸਾਡੀਆਂ ਜੜ੍ਹਾਂ ਵੱਖਰੀਆਂ। ਔਲਾਦ ਪੰਜਾਬ ਜਾਣਾ ਨਹੀਂ ਚਾਹੁੰਦੀ ਕਿਉਂਕਿ ਉਨ੍ਹਾਂ ਦਾ ਭਵਿੱਖ ਇੱਥੇ ਹੈ, ਤੇ ਸਾਡਾ ਇੱਧਰ ਕੈਨੇਡਾ ਦਿਲ ਨਹੀਂ ਲੱਗਦਾ ਕਿਉਂਕਿ ਸਾਡਾ ਅਤੀਤ ਉੱਥੇ ਰਹਿ ਗਿਆ।"

ਸਰੂਪ ਸਿੰਘ ਨੇ ਉੱਠ ਕੇ ਖਿੜਕੀ ਦਾ ਪਰਦਾ ਥੋੜ੍ਹਾ ਹਟਾਇਆ ਅਤੇ ਬਾਹਰ ਡਿੱਗ ਰਹੀ ਬਰਫ਼ ਵੱਲ ਦੇਖਿਆ। ਉਸ ਨੂੰ ਮਹਿਸੂਸ ਹੋਇਆ ਕਿ ਉਹ ਉਸ ਰੁੱਖ ਦੇ ਪੱਤੇ ਵਾਂਗ ਹੈ ਜੋ ਪੰਜਾਬ ਦੀ ਧਰਤੀ ਤੋਂ ਆਪਣੀਆਂ ਜੜ੍ਹਾਂ ਤੋਂ ਤਾਂ ਟੁੱਟ ਚੁੱਕਾ ਹੈ, ਪਰ ਸਮੇਂ ਅਤੇ ਹਾਲਾਤ ਦੀ ਹਵਾ ਦੇ ਬੁੱਲੇ ਕਾਰਨ ਇਸ ਬੇਗਾਨੀ, ਬਰਫ਼ੀਲੀ ਧਰਤੀ 'ਤੇ ਜਾ ਡਿੱਗਿਆ ਹੈ ਜਿੱਥੇ ਨਾ ਉਹ ਦੁਬਾਰਾ ਹਰਾ ਹੋ ਸਕਦਾ ਹੈ ਅਤੇ ਨਾ ਹੀ ਉਸ ਦੀ ਆਪਣੀ ਕੋਈ ਪਛਾਣ ਬਚੀ ਹੈ।

ਉਸ ਨੇ ਹੌਲੀ ਜਿਹੇ ਪਰਦਾ ਵਾਪਸ ਸੁੱਟ ਦਿੱਤਾ। ਕਮਰੇ ਵਿੱਚ ਫਿਰ ਉਹੀ ਹੀਟਰ ਦੀ ਖੁਸ਼ਕ ਗਰਮੀ ਅਤੇ ਸਿਖਰਾਂ ਦੀ ਖਾਮੋਸ਼ੀ ਪਸਰ ਗਈ। ਪਰਵਾਸ ਦੀ ਇਸ ਅਦਿੱਖ ਅਤੇ ਦਰਦਨਾਕ ਦੁਸ਼ਵਾਰੀ ਦਾ ਕੋਈ ਇਲਾਜ ਨਾ ਤਾਂ ਕੈਨੇਡਾ ਦੇ ਕਿਸੇ ਮਹਿੰਗੇ ਹਸਪਤਾਲ ਕੋਲ ਸੀ ਅਤੇ ਨਾ ਹੀ ਪੰਜਾਬ ਦੀਆਂ ਯਾਦਾਂ ਕੋਲ। ਦੋਵੇਂ ਬਜ਼ੁਰਗ ਇੱਕ ਵਾਰ ਫਿਰ ਇੱਕ-ਦੂਜੇ ਦਾ ਹੱਥ ਫੜ ਕੇ, ਉਸ ਆਧੁਨਿਕ ਪਿੰਜਰੇ ਵਿੱਚ ਅਗਲੀ ਸਵੇਰ ਦਾ ਇੰਤਜ਼ਾਰ ਕਰਨ ਲਈ ਬਿਸਤਰੇ 'ਤੇ ਲੇਟ ਗਏ।

# ਮਿੰਨੀ ਕਹਾਣੀਆਂ

## ਕਾਸ਼ ਮੈਂ ਵੀ ਨਿਕੰਮਾ ਹੁੰਦਾ!

**ਰਜਵਿੰਦਰ ਪਾਲ ਸ਼ਰਮਾ**

ਬਿਜਲੀ ਬੋਰਡ ਵਿੱਚ ਕਲਰਕ ਦੀ ਸੇਵਾ ਨਿਭਾਅ ਰਹੇ ਕੁਲਦੀਪ ਸਿੰਘ ਦੀ ਪਿਆਰੀ ਧੀ ਗੀਤ ਦਾ ਅੱਜ ਜਨਮ ਦਿਨ ਸੀ। ਧੀ ਨੇ ਗੁੱਸੇ ਹੁੰਦਿਆਂ ਕਿਹਾ, ਪਾਪਾ ਤੁਸੀਂ ਹਰ ਵਾਰ ਜਨਮ ਦਿਨ 'ਤੇ ਦਫ਼ਤਰੋਂ ਲੇਟ ਪਹੁੰਚਦੇ ਹੋ। ਧੀ ਦੀ ਗੱਲ ਸੁਣ ਉਸ ਨੂੰ ਘੁੱਟ ਕੇ ਜੱਫੀ ਪਾਉਂਦਿਆਂ ਇਸ ਵਾਰ ਕੁਲਦੀਪ ਨੇ ਸਮੇਂ ਸਿਰ ਪਹੁੰਚਣ ਦਾ ਪੂਰਾ ਭਰੋਸਾ ਦਿੱਤਾ। ਦਫ਼ਤਰ ਪਹੁੰਚ ਕੇ ਕੁਲਦੀਪ ਨੇ ਐੱਸ ਡੀ ਓ ਸਾਹਿਬ ਨੂੰ ਬੇਨਤੀ ਕੀਤੀ," ਸਰ ਅੱਜ ਘਰ ਜ਼ਰੂਰੀ ਕੰਮ ਹੈ ਸੋ ਚਾਰ ਕੁ ਵਜੇ ਜਾਵਾਂਗਾ।"

ਕੁਲਦੀਪ ਦੀ ਗੱਲ ਸੁਣ ਕੇ ਐੱਸ ਡੀ ਓ ਨੇ 'ਹਾਂ' ਵਿੱਚ ਸਿਰ ਹਿਲਾਇਆ। ਕੁਲਦੀਪ ਬਹੁਤ ਖੁਸ਼ ਸੀ ਕਿ ਚਲੋ ਅੱਜ ਆਪਣੀ ਧੀ ਦਾ ਜਨਮ ਦਿਨ ਪਰਿਵਾਰ ਨਾਲ ਮਨਾਵਾਂਗਾ। ਕੁਲਦੀਪ ਨੇ ਸਾਰਾ ਦਿਨ ਫੁਰਤੀ ਨਾਲ ਕੰਮ ਕਰਕੇ ਸਾਰਾ ਕੰਮ ਨਿਬੇੜ ਦਿੱਤਾ ਸੀ। ਚਾਰ ਵੱਜਣ ਵਾਲੇ ਸਨ। ਕੁਲਦੀਪ ਕੰਪਿਊਟਰ ਬੰਦ ਕਰਕੇ ਦਫ਼ਤਰੋਂ ਤੁਰਨ ਹੀ ਲੱਗਿਆ ਸੀ ਕਿ ਅਚਾਨਕ ਐੱਸ ਡੀ ਓ ਸਾਹਿਬ ਦਾ ਫੋਨ ਆ ਗਿਆ, "ਕੁਲਦੀਪ ਸਿੰਘ ਤੁਸੀਂ ਰੁਕ ਜਾਓ, ਸ਼ਾਮ ਦੀ ਡਿਊਟੀ ਵਾਲਾ ਅੱਜ ਛੁੱਟੀ ਲੈ ਗਿਆ, ਤੁਸੀਂ ਸਾਰਾ ਕੰਮ ਕਰਕੇ ਹੀ ਜਾਇਓ। ਉਹ ਤਾਂ ਨਿਕੰਮੇ ਨੇ ਜਦੋਂ ਮਰਜ਼ੀ ਛੁੱਟੀ ਲੈ ਲੈਂਦੇ ਨੇ, ਤੁਸੀਂ ਜ਼ਿੰਮੇਵਾਰ ਹੋ। " ਐੱਸ ਡੀ ਓ ਦੀ ਗੱਲ ਸੁਣ ਕੇ ਕੁਲਦੀਪ ਸੁੰਨ ਹੋ ਗਿਆ। ਅੰਦਰੋਂ ਅੰਦਰੀਂ ਗੁੱਸਾ ਪੀਂਦਾ ਹੋਇਆ ਕੁਲਦੀਪ ਸੋਚ ਰਿਹਾ ਸੀ, 'ਕਾਸ਼ ਮੈਂ ਵੀ ਦੂਜਿਆਂ ਵਾਂਗ ਨਿਕੰਮਾ ਹੁੰਦਾ ਤਾਂ ਅੱਜ ਆਪਣੀ ਧੀ ਦਾ ਜਨਮ ਦਿਨ ਮਨਾ ਰਿਹਾ ਹੁੰਦਾ।'

*******

## ਗੜ੍ਹੇਮਾਰੀ

**ਗੁਰਪ੍ਰੀਤ ਮਾਨ ਮੌੜ**

ਸੁਖਮੀਤ ਅੱਜ ਬੜੇ ਹੀ ਚਾਅ ਨਾਲ ਆਪਣੀ ਧੀ ਦੇ ਵਿਆਹ ਸਬੰਧੀ ਕੁਝ ਜ਼ਰੂਰੀ ਸਾਮਾਨ ਲੈਣ ਸ਼ਹਿਰ ਜਾ ਰਿਹਾ ਸੀ। ਭਾਵੇਂ ਮੌਸਮ ਥੋੜ੍ਹਾ ਖਰਾਬ ਸੀ, ਪਰ ਉਸ ਨੇ ਸੋਚਿਆ ਕਿ ਕਾਰ 'ਤੇ ਹੀ ਜਾਣਾ ਹੈ ਤੇ ਅੱਜ ਦਾ ਕੰਮ ਕੱਲ੍ਹ 'ਤੇ ਕਿਉਂ ਛੱਡਣਾ! ਕੁਝ ਦਿਨਾਂ ਤੱਕ ਖੇਤ ਕਣਕ ਦੀ ਫ਼ਸਲ ਵੱਢਣ ਲਈ ਕੰਬਾਈਨ ਵੀ ਲੱਗਣੀ ਸੀ।

ਸ਼ਹਿਰ ਸਾਰਾ ਕੰਮ ਨਿਬੇੜ ਕੇ ਉਹ ਪਿੰਡ ਵੱਲ ਵਾਪਸ ਆ ਰਿਹਾ ਸੀ ਤਾਂ ਇਕਦਮ ਤੇਜ਼ ਮੀਂਹ ਤੇ ਗੜੇ ਸ਼ੁਰੂ ਹੋ ਗਏ ਤਾਂ ਉਸ ਨੇ ਕਾਰ ਸੜਕ ਦੇ ਇੱਕ ਪਾਸੇ ਰੋਕ ਲਈ। ਦੇਖਦੇ ਹੀ ਦੇਖਦੇ ਉਸ ਦੀਆਂ ਅੱਖਾਂ ਸਾਹਮਣੇ ਖੜ੍ਹੀ ਕਣਕ ਦੀ ਸੁਨਹਿਰੀ ਫ਼ਸਲ ਨੂੰ ਗੜਿਆਂ ਦੀ ਚਿੱਟੀ ਚਾਦਰ ਨੇ ਦੱਬ ਲਿਆ। ਸੁਖਮੀਤ ਦੇ ਮਨ ਵਿੱਚ ਧੀ ਦੇ ਵਿਆਹ ਲਈ ਉੱਠੇ ਚਾਅ ਪਲਾਂ ਵਿੱਚ ਹੀ ਡੂੰਘੀਆਂ ਫ਼ਿਕਰਾਂ ਨੇ ਮੁਕਾ ਦਿੱਤੇ ਸਨ। ਕੁਦਰਤ ਦਾ ਭਾਣਾ ਮੰਨ ਸੁਖਮੀਤ ਨੇ ਇੱਕ ਲੰਮਾ ਹਾਉਕਾ ਲਿਆ ਤੇ ਗੱਡੀ ਘਰ ਵੱਲ ਮੋੜ ਲਈ।

***

## ਬੋਝ ਨਹੀਂ ਬੋਧ

**ਰਵਨਜੋਤ ਕੌਰ ਸਿੱਧੂ**

ਮੀਤ ਇੱਕ ਅਜਿਹਾ ਵਿਦਿਆਰਥੀ ਸੀ ਜਿਸ ਨੂੰ ਪੜ੍ਹਾਈ ਦੇ ਪ੍ਰਚੱਲਿਤ ਸਿਸਟਮ ਤਹਿਤ ਭਾਵੇਂ 'ਔਸਤ' ਹੀ ਗਰਦਾਨਿਆ ਗਿਆ ਸੀ, ਪਰ ਜਿੱਥੇ ਉਸ ਦੇ ਜਮਾਤੀ ਰੱਟੇ ਮਾਰ ਕੇ ਅੰਕ ਹਾਸਲ ਕਰਨ ਦੀ ਦੌੜ ਵਿੱਚ ਲੱਗੇ ਹੋਏ ਸਨ, ਉੱਥੇ ਮੀਤ ਸਵਾਲਾਂ ਦੇ ਪਿੱਛੇ ਲੁਕੇ 'ਕਿਉਂ' ਅਤੇ 'ਕਿਵੇਂ' ਨੂੰ ਲੱਭਣ ਦੀ ਕੋਸ਼ਿਸ਼ ਕਰਦਾ। ਉਸ ਦੇ ਡੈਸਕ ਦੀ ਆਖਰੀ ਸੀਟ ਉਸ ਲਈ ਇੱਕ ਅਜਿਹੀ ਖਿੜਕੀ ਸੀ ਜਿੱਥੋਂ ਉਹ ਬਾਹਰ ਦੇ ਦਰੱਖ਼ਤਾਂ ਅਤੇ ਉੱਡਦੇ ਪੰਛੀਆਂ ਵਿੱਚੋਂ ਗਣਿਤ ਦੇ ਫਾਰਮੂਲੇ ਲੱਭਦਾ ਸੀ। ਉਨ੍ਹਾਂ ਦੇ ਸਕੂਲ ਵਿੱਚ ਨਵੇਂ ਪ੍ਰੋਫੈਸਰ ਅਰਿਦਮਨ ਆਏ। ਉਹ ਆਪਣੀ ਗੰਭੀਰਤਾ ਅਤੇ ਗਹਿਰੀ ਸੋਚ ਲਈ ਜਾਣੇ ਜਾਂਦੇ ਸਨ। ਉਨ੍ਹਾਂ ਨੇ ਇੱਕ ਦਿਨ ਕਲਾਸ ਵਿੱਚ ਐਲਾਨ ਕੀਤਾ, "ਕੱਲ੍ਹ ਤੁਹਾਡਾ ਸਭ ਤੋਂ ਔਖਾ ਇਮਤਿਹਾਨ ਹੋਵੇਗਾ। ਕੋਈ ਕਿਤਾਬ ਨਹੀਂ, ਕੋਈ ਸਿਲੇਬਸ ਨਹੀਂ। ਮੈਂ ਸਿਰਫ਼ ਇੱਕ ਸਵਾਲ ਪੁੱਛਾਂਗਾ।"

ਅਗਲੇ ਦਿਨ ਸਾਰੀ ਕਲਾਸ ਡਰੀ ਹੋਈ ਸੀ। ਪ੍ਰੋਫੈਸਰ ਨੇ ਬੋਰਡ 'ਤੇ ਸਿਰਫ਼ ਇੱਕ ਲਕੀਰ ਖਿੱਚੀ ਅਤੇ ਕਿਹਾ, "ਇਸ ਲਕੀਰ ਨੂੰ ਛੂਹੇ ਬਿਨਾਂ ਛੋਟੀ ਕਰਕੇ ਦਿਖਾਓ।"

ਸਾਰੇ ਵਿਦਿਆਰਥੀ ਚੁੱਪ ਹੋ ਗਏ। ਕੋਈ ਕਹਿ ਰਿਹਾ ਸੀ ਇਹ ਨਾਮੁਮਕਿਨ ਹੈ, ਕੋਈ ਮਿਟਾਉਣ ਦੇ ਤਰੀਕੇ ਸੋਚ ਰਿਹਾ ਸੀ। ਪਰ ਮੀਤ ਉੱਠਿਆ, ਉਸ ਨੇ ਚਾਕ ਚੁੱਕਿਆ ਅਤੇ ਉਸ ਲਕੀਰ ਦੇ ਬਰਾਬਰ ਇੱਕ ਬਹੁਤ ਵੱਡੀ ਅਤੇ ਗੂੜ੍ਹੀ ਲਕੀਰ ਖਿੱਚ ਦਿੱਤੀ। ਪਹਿਲੀ ਲਕੀਰ ਆਪਣੇ ਆਪ ਛੋਟੀ ਲੱਗਣ ਲੱਗ ਪਈ।

ਪ੍ਰੋਫੈਸਰ ਮੁਸਕੁਰਾ ਕੇ ਬੋਲਿਆ, "ਮੀਤ, ਤੂੰ ਸਿਰਫ਼ ਇੱਕ ਸਵਾਲ ਹੱਲ ਨਹੀਂ ਕੀਤਾ, ਤੂੰ ਜ਼ਿੰਦਗੀ ਦਾ ਫਲਸਫਾ ਸਮਝ ਲਿਆ ਹੈ। ਦੂਜਿਆਂ ਨੂੰ ਨੀਵਾਂ ਦਿਖਾਉਣ ਜਾਂ ਮਿਟਾਉਣ ਨਾਲੋਂ ਆਪਣੀ ਲਕੀਰ (ਆਪਣੀ ਕਾਬਲੀਅਤ) ਨੂੰ ਵੱਡਾ ਕਰਨਾ ਹੀ ਅਸਲੀ ਫ਼ਤਹਿ ਹੈ।"

ਇਸ ਘਟਨਾ ਨੇ ਮੀਤ ਦੇ ਅੰਦਰ ਪੜ੍ਹਨ ਲਈ ਇੱਕ ਨਵੀਂ ਤੜਪ ਪੈਦਾ ਕਰ ਦਿੱਤੀ। ਉਹ ਹੁਣ ਸਿਰਫ਼ ਡਿਗਰੀ ਲਈ ਨਹੀਂ, ਸਗੋਂ ਆਪਣੀ ਸਮਝ ਵਧਾਉਣ ਲਈ ਪੜ੍ਹਨ ਲੱਗਾ। ਉਸ ਨੇ ਮਹਿਸੂਸ ਕੀਤਾ ਕਿ ਵਿਦਿਆਰਥੀ ਹੋਣ ਦਾ ਮਤਲਬ ਸਿਰਫ਼ ਸੂਚਨਾਵਾਂ ਇਕੱਠੀਆਂ ਕਰਨਾ ਨਹੀਂ, ਸਗੋਂ ਆਪਣੇ ਮਨ ਦੇ ਕੋਰੇ ਕਾਗਜ਼ 'ਤੇ ਅਨੁਭਵਾਂ ਦੀ ਸਿਆਹੀ ਨਾਲ ਕੁਝ ਲਿਖਣਾ ਹੈ। ਇੱਕ ਰਾਤ ਜਦੋਂ ਉਹ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਸੀ, ਉਸ ਦੀ ਨਜ਼ਰ ਇੱਕ ਪੁਰਾਣੀ ਕਿਤਾਬ 'ਤੇ ਪਈ। ਉਸ ਵਿੱਚ ਲਿਖਿਆ ਸੀ, "ਵਿੱਦਿਆ ਉਹ ਨਹੀਂ ਜੋ ਸਾਨੂੰ ਦੁਨੀਆ ਬਾਰੇ ਦੱਸਦੀ ਹੈ, ਵਿੱਦਿਆ ਉਹ ਹੈ ਜੋ ਸਾਨੂੰ ਆਪਣੇ ਆਪ ਨਾਲ ਮਿਲਾਉਂਦੀ ਹੈ।"

ਮੀਤ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ। ਉਸ ਨੇ ਮਹਿਸੂਸ ਕੀਤਾ ਕਿ ਉਸ ਦੇ ਅੰਦਰ ਵਿਚਾਰਾਂ ਦਾ ਇੱਕ ਵਿਸ਼ਾਲ ਸਮੁੰਦਰ ਹੈ। ਉਹ ਸਮਝ ਗਿਆ ਕਿ ਗਿਆਨ ਬਾਹਰੋਂ ਮਿਲਦਾ ਹੈ ਤੇ ਬੋਧ ਅੰਦਰੋਂ ਉਪਜਦਾ ਹੈ।

# ਕਾਵਿ ਸੰਸਾਰ

## ਚੁਭਵੇਂ ਤੀਰ

ਰਾਬਿੰਦਰ ਸਿੰਘ ਰੱਬੀ

ਹੁਣ ਮੈਂ ਤੇਰੇ ਬੋਲਾਂ ਵਿੱਚੋਂ
ਕੱਢਦਾ ਰਹਿੰਦਾ ਹਾਂ-
ਤਿੱਖੀਆਂ ਸੂਲਾਂ ਦਾ ਰਸ,
ਜੋ ਗਾਹੇ-ਬਗਾਹੇ ਖੁਭਦਾ ਜਾਂਦਾ ਏ
ਮੇਰੇ ਜਿਸਮ ਅੰਦਰ
ਮੈਂ ਤਾਂ ਵੂਹੀ-ਵੂਹੀ ਵਿਲਕਦੇ ਹਾਉਕਿਆਂ ਨੂੰ
ਇੱਕ ਡੋਰ 'ਚ ਲਪੇਟਣ ਦਾ ਹੌਲਾ ਜਿਹਾ
ਕੀਤਾ ਸੀ ਉਪਾਅ
ਪਰ
ਪਤਾ ਹੀ ਨਾ ਲੱਗਾ ਕਿ ਉਹ ਸੂਲਾਂ ਵਿੰਨ੍ਹੇ ਹਾਉਕੇ
ਮਨ ਦੀਆਂ ਸਿਸਕੀਆਂ ਨੂੰ ਕਦੋਂ ਮਾਰ ਬੈਠੇ
ਤੇ ਮੈਂ ਹੁਣ ਵੀ ਕੱਢਦਾ ਰਹਿੰਦਾ ਹਾਂ
ਤੇਰੇ ਬੋਲਾਂ ਵਿੱਚੋਂ ਤਿੱਖੀਆਂ ਸੂਲਾਂ ਦਾ ਰਸ।

## ਚੁਣੌਤੀਆਂ

ਜਗਜੀਤ ਗੁਰਮ

ਚੁਣੌਤੀਆਂ ਖਿੜੇ ਮੱਥੇ ਨਾ ਹੁਣ ਸਵੀਕਾਰ ਕਰਦੇ ਨੇ
ਮਿਲੇ ਮੌਕਾ ਜਦੋਂ ਵੀ ਲੋਕ ਪਿੱਠ 'ਤੇ ਵਾਰ ਕਰਦੇ ਨੇ।
ਸ਼ੁਕਰ ਰੱਬ ਦਾ ਮੈਂ ਕੰਡਾ ਹਾਂ ਬੜਾ ਬਦਨਾਮ ਹਾਂ ਤਾਂ ਕੀ
ਉਹ੍ਹੇ ਤਾਂ ਲੋਕ ਫੁੱਲਾਂ ਦਾ ਵੀ ਬਹੁਤ ਵਪਾਰ ਕਰਦੇ ਨੇ।
ਜਦੋਂ ਡੁੱਬਣ, ਜਦੋਂ ਭੁੱਜਣ ਉਲਾਂਭੇ ਦੇਣ ਅੰਤਾਂ ਦੇ
ਖ਼ੁਦਾ ਕਦ ਯਾਦ ਹੁੰਦਾ ਲੋਕ ਜਦ ਵੀ ਪਿਆਰ ਕਰਦੇ ਨੇ।
ਤਲ਼ੀ ਤੇ ਸੀਸ ਨੂੰ ਧਰ ਕੇ ਪਵੇਗਾ ਆਪ ਸਭ ਕਹਿਣਾ
ਨਾ ਸੋਹਣੇ ਪਿਆਰ ਦਾ ਪਹਿਲਾਂ ਕਦੇ ਇਜ਼ਹਾਰ ਕਰਦੇ ਨੇ।
ਮੈਂ ਦੁਸ਼ਮਣ ਨੂੰ ਹਰਾ ਦਿੰਨਾ ਅਸਾਨੀ ਨਾਲ ਹਰ ਵਾਰੀ
ਮੈਂ ਹਰ ਜਾਵਾਂ ਜਦੋਂ ਦੁਸ਼ਮਣ ਦੇ ਵਾਂਗੂੰ ਯਾਰ ਕਰਦੇ ਨੇ।
ਕਈ ਵਾਰੀ ਮੈਂ ਅੱਖੀਂ ਤੱਕਿਆ ਇਸ਼ਤਿਹਾਰ ਸੋਹਣੇ ਦੇ
ਬੜੇ ਵਿਸ਼ਵਾਸ ਵਿੱਚ ਲਬਾਂ ਤੋਂ ਪਰ ਇਨਕਾਰ ਕਰਦੇ ਨੇ।
ਤੇਰੇ ਲਾਰੇ, ਤੇਰੇ ਵਾਅਦੇ, ਮੁੜੇ ਤੋਹਫ਼ੇ, ਪੁਰਾਣੇ ਖ਼ਤ
'ਗੁਰਮ' ਨੂੰ ਸਭ ਇਕੱਠੇ ਹੋ ਕੇ ਖੱਜਲ਼ ਖੁਆਰ ਕਰਦੇ ਨੇ।

## ਪੂਜਾ ਚੋਰੀ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਚੋਰ ਚੋਰੀ ਕਰਦੇ ਰਹੇ, ਭਗਵਾਨ ਹਾਮੀ ਭਰਦਾ ਰਿਹਾ,
ਝੂਠ ਅਤੇ ਮੱਕਾਰੀ ਦਾ, ਬੇੜਾ ਨਿੱਤ ਦਿਨ ਤਰਦਾ ਰਿਹਾ।
ਮੂਰਤੀਆਂ ਦੇ ਮੁਰਛਤ ਹੋ ਕੇ, ਦਿਲ ਦਿਹਲ ਹੁੰਦੇ ਰਹੇ,
ਡਾਕਟਰ ਸਾਰੇ ਤਾਣ ਲਾ ਕੇ, ਨਬਜ਼ ਟਟੋਲ ਫੜਦਾ ਰਿਹਾ।
ਪੁਜਾਰੀਆਂ ਦੀਆਂ ਗੋਗੜਾਂ, ਕਦੀ ਵੀ ਭਰ ਨਾ ਸਕੀਆਂ,
ਸ਼ਰਧਾਲੂ ਬੇਚਾਰਾ ਭਗਵਾਨ ਨੂੰ, ਦਾਨ ਦੇ ਕੇ ਡਰਦਾ ਰਿਹਾ।
ਗੋਬਰ ਦੇ ਢੇਰ 'ਤੇ ਸ਼ੋਚਘਰ, ਬੈਂਕਾਂ ਦੇ ਵਿੱਚ ਬਦਲ ਗਏ,
ਬੇਈਮਾਨ ਪ੍ਰਬੰਧਕ ਦਾ, ਹਰ ਕੋਝਾ ਹਰਬਾ ਚੱਲਦਾ ਰਿਹਾ।
ਤਿਲਕ ਅਤੇ ਮਾਲ਼ਾ ਦੇ ਚਾਲਕ, ਬੋਦੀਆਂ ਬੰਨ੍ਹਦੇ ਰਹੇ,
ਟੱਲਾਂ ਦੇ ਉਚੇ ਖੜਾਕ ਵਿੱਚ, ਚਾਂਦੀ ਸੋਨਾ ਢਲਦਾ ਰਿਹਾ।
ਸਤਯੁਗ ਦੇ ਫ਼ਰਜ਼ੀ ਯੁਗ ਦੀਆਂ, ਕਈ ਫਰਜ਼ੀ ਕਹਾਣੀਆਂ,
ਸੁਣਾ ਸੁਣਾ ਕੇ ਪੰਡਤ ਪ੍ਰੋਹਿਤ, ਮੁੱਢ ਤੋਂ ਸਾਨੂੰ ਠਗਦਾ ਰਿਹਾ।
ਹਾਕਮ ਵੀ ਮੋਨ ਧਾਰ ਕੇ, ਜਾਣ-ਬੁੱਝਕੇ ਅੱਖਾਂ ਮੀਟ ਬੈਠੇ,
ਚੁੱਪ ਚਾਪ ਗੁਪਤ ਸੰਧੀਆਂ ਦਾ, ਹਿੱਸਾ ਪੱਤੀ ਚੱਲਦਾ ਰਿਹਾ।
ਹੁਣ ਅਦਾਲਤਾਂ ਵਿੱਚ ਬਹਿ ਕੇ, ਕੁੱਝ ਨਵੇਂ ਸੋਦੇ ਹੋਣਗੇ,
ਸਾਨੂੰ ਪਤਾ ਨਹੀਂ ਲਗਣਾ, ਕੌਣ ਕਿਸ ਨੂੰ ਕੀ ਘੱਲਦਾ ਰਿਹਾ।
ਪਾਪ ਦੀ ਨਗਰੀ ਦਾ ਨਿਜ਼ਾਮ, ਸੁਧਰੇਗਾ ਕਦੇ ਵੀ ਨਹੀਂ,
ਮੁੱਢ ਤੋਂ ਹੀ ਬੇ ਈਮਾਨ ਹੈ, ਬੇ ਈਮਾਨੀ ਉੱਤੇ ਪਲਦਾ ਰਿਹਾ।

## ਗ਼ਜ਼ਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਜਿਨ੍ਹਾਂ ਦੇ ਹੱਕ-ਸੱਚ ਪੱਲੇ, ਉਹ ਸੂਰੇ ਤਾਂ ਰੁਕਦੇ ਨਹੀਂ
ਪੋਟਾ ਪੋਟਾ ਕਟ ਜਾਂਦੇ ਨੇ, ਵੈਰੀ ਮੂਹਰੇ ਝੁਕਦੇ ਨਹੀਂ।
ਸੀਨਾ ਤਾਣੀ ਖੜ੍ਹ ਜਾਂਦੇ ਨੇ, ਆਈ ਮੌਤ ਦੇ ਮੂਹਰੇ ਵੀ
ਮਰਦਾਂ ਵਾਂਗੂੰ ਡਟ ਜਾਂਦੇ ਨੇ, ਕਾਇਰਾਂ ਵਾਂਗੂੰ ਲੁਕਦੇ ਨਹੀਂ।
ਆਵੇ ਹੁਨਰ ਜਾਂ ਤਾਕਤ ਹੱਥ ਵਿੱਚ, ਹਉਮੈਂ ਪੱਲੇ ਬੰਨ੍ਹਦੇ ਨਹੀਂ
ਐਵੇਂ ਕਿਸੇ ਡਫ਼ੂਸ ਦੇ ਵਾਂਗੂੰ, ਜਣੇ-ਖਣੇ 'ਤੇ ਬੁੱਕਦੇ ਨਹੀਂ।
ਹੋਵੇ ਦੁਖੀ ਕਿਸੇ ਦਾ ਹਿਰਦਾ, ਪਿਆਰ ਦੀ ਮੱਲ੍ਹਮ ਲਗਾਉਂਦੇ ਨੇ
ਬੋਲ ਕੇ ਭੈੜੀ, ਕੌੜੀ ਬੋਲੀ, ਜ਼ਖ਼ਮੀਂ ਲੂਣ ਤਾਂ ਭੁੱਕਦੇ ਨਹੀਂ।
ਕੁੱਲ ਜਹਾਨ ਹੈ ਸੀਸ ਨਿਵਾਉਂਦਾ, ਐਸੇ ਮਰਦ ਅਗੰਮੜੇ ਨੂੰ
ਯੁੱਗਾਂ ਤੀਕਰ ਰਹਿ ਜਾਂਦੇ ਨੇ, ਜਗ ਸੋਹਣੇ ਤੋਂ ਮੁੱਕਦੇ ਨਹੀਂ।

## ਚਿੜੀਏ

ਮਨਜੀਤ ਸਿੰਘ ਬੱਧਣ



ਉੱਡ ਜਾ ਚਿੜੀਏ! ਮਰ ਜਾ ਚਿੜੀਏ!
ਇਹ ਕੀ ਗੱਲ ਹੋਈ! ਦੱਸ ਜਾ ਚਿੜੀਏ।
ਇਹ ਕੋਈ ਗੱਲ ਨਾ ਹੋਈ ਸੁਣ ਜਾ ਚਿੜੀਏ।
ਆ ਜਾ ਚਿੜੀਏ ਬਹਿ ਜਾ ਚਿੜੀਏ
ਡਰ ਨਾ, ਤੈਨੂੰ ਸਦਾ ਕੋਲ ਨਾ ਰੱਖਣਾ।
ਇਹ ਵਿਹੜਾ ਅਸਾਂ ਵੀ ਕਰਨਾ ਸੱਖਣਾ।
ਚੁਗ ਲੈ ਕੁਝ ਦਾਣੇ ਬਰਕਤ ਪਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਕਿਸੇ ਵੇਲ਼ੇ ਘਰ ਘਰ ਥੋਡਾ ਡੇਰਾ ਸੀ।
ਵਾਂਙ ਫੱਕਰਾਂ ਥੋਡਾ ਨਿੱਤ ਦਾ ਫੇਰਾ ਸੀ।
ਪੱਕੇ ਘਰੀਂ ਕੱਚਿਆਂ ਨੂੰ ਖ਼ੈਰ ਪਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਥੋਡਾ ਚੁਹਕਣਾ ਹੁੰਦਾ ਸੀ ਦਿਨ ਦਾ ਚੜ੍ਹਨਾ।
ਚਾਟੀ ਵਿੱਚ ਮਧਾਣੀ ਕਿਤੇ ਦੁੱਧ ਦਾ ਕੜ੍ਹਨਾ।
ਬੜਾ ਕੁਝ ਖੁੰਝਿਆ, ਯਾਦ ਕਰਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਝੱਟ ਛੱਡ ਚਰਖਾ ਬੇਬੇ ਉੱਠ ਭੱਜੀ ਸੀ,
ਤੇਰੀ ਵੱਡੀ ਵਡੇਰੀ ਪੱਖੇ ਜਾ ਵੱਜੀ ਸੀ।
ਬੇਰੀ ਹੇਠਾਂ ਦੱਬੀ, ਪਲਕਾਂ ਸੁਕਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਨੀ ਚਿੜੀਏ ਅਸੀਂ ਤਰੱਕੀ ਕਰ ਗਏ!
ਜਿੱਤਦੇ ਜਿੱਤਦੇ ਬੜਾ ਕੁਝ ਹਰ ਗਏ!
ਸਾਨੂੰ ਮੁੜ ਇਨਸਾਨ ਬਣਾ ਜਾ ਅੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਕਹਿੰਦੇ ਕੁੜੀਆਂ ਚਿੜੀਆਂ ਹੁੰਦੀਆਂ।
ਫੇਰ ਅੱਖੀਆਂ ਨਾ ਗਿੜੀਆਂ ਹੁੰਦੀਆਂ।
ਸਜਾ ਸੁਫ਼ਨੇ ਇਨ੍ਹਾਂ ਤਾਈਂ ਹਸਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਜ਼ਿੰਦੜੀ ਤੇਰੀ, ਖੰਭ ਤੇਰੇ, ਉਡਾਣ ਤੇਰੀ।
ਗੱਲਾਂ ਸੁਣ ਉੱਡੀਂ, ਮਰੀਂ ਨਾ, ਮੰਨ ਮੇਰੀ।
ਮੇਰੀ ਦਰਖ਼ਾਸਤ ਵੀ ਮੰਨ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ

## ਸਾਂਝ

ਕੇ.ਐੱਸ. ਅਮਰ

ਸਾਂਝ ਸਦੀਵੀਂ ਜੱਚਦੀ ਸੋਹਣੇ ਯਾਰਾਂ ਦੀ
ਜੋੜੀ ਬੜੀ ਹੀ ਫੱਬਦੀ ਏ ਦਿਲਦਾਰਾਂ ਦੀ।
ਪ੍ਰੀਤ ਸੁਨੇਹਾ ਦਿੰਦੀ ਸਭ ਨੂੰ ਕਹਿੰਦੀ ਏ
ਮਹਿਫ਼ਲ ਤੇਰੀ ਲੱਗਦੀ ਮੌਜ ਬਹਾਰਾਂ ਦੀ।
ਜੋਬਨ ਰੁੱਤੇ ਫੁੱਲਾਂ ਦੀ ਫੁੱਲਵਾੜੀ ਵਿੱਚ
ਮਹਿਕ ਬੜੀ ਹੀ ਜੱਚਦੀ ਏ ਗੁਲਨਾਰਾਂ ਦੀ।
ਦੁੱਖ ਵੇਲੇ ਜੇ ਸਾਂਝ ਜਤਾਵੇਂ ਮਿੱਤਰਾ ਵੇ
ਸਾਂਝ ਹੀ ਦੱਸਦੀ ਯਾਰੀ ਏ ਸਰਦਾਰਾਂ ਦੀ।
ਵਿੱਚ ਇਸ਼ਕ ਦੇ ਹੀਰ ਸਲੇਟੀ ਹੋ ਗਈ ਜਦ
ਨਾਲ ਚਾਕ ਦੇ ਬਣ ਗਈ ਹੀਰ ਹਜ਼ਾਰਾਂ ਦੀ।
ਇਸ਼ਕ ਮੂਲ ਵਿੱਚ ਪਿੱਛੇ ਮੁੜਦੇ ਆਸ਼ਕ ਨਾ
ਦੁਨੀਆ ਭੁੱਖੀ ਉਨ੍ਹਾਂ ਦੇ ਦੀਦਾਰਾਂ ਦੀ।
ਮੁਹੱਬਤ ਵਿੱਚ ਹੀ ਜ਼ਿੰਦਗੀ ਨੂੰ ਰੁਸ਼ਨਾ ਲੈਣਾ ਤੂੰ
ਅਮਰ ਹੈ ਲੱਗਦੀ ਚੰਗੀ ਖੇਡ ਪਿਆਰਾਂ ਦੀ।

## ਗ਼ਜ਼ਲ

ਭੁਪਿੰਦਰ ਭਿੰਡਾ

ਮਿਨਤਾਂ ਨਾਲ ਮੈਂ ਨੀਂਦ ਮਨਾਈ, ਤੇਰੇ ਦੀਦਾਰ ਨੂੰ,
ਫਿਰ ਕੀਤੀ ਅਰਜੋਈ, ਸੁਪਨਿਆਂ ਦੇ ਸਰਦਾਰ ਨੂੰ।
ਲੱਗੀ ਵਾਲਿਆਂ ਨੂੰ ਨੀਂਦ, ਸਾਲ ਛਿਮਾਹੀ ਆਵੇ
ਮੇਰਾ ਹਾਲ ਇੰਝ ਜਿਵੇਂ ਫੁੱਲ, ਤਰਸਦੇ ਨੇ ਬਹਾਰ ਨੂੰ।
ਤੇਰੇ ਦਿਲ ਦੀ, ਮੇਰੇ ਦਿਲ ਨੂੰ, ਰਾਹ ਸੱਜਣਾ,
ਕਿੰਝ ਵਿਸਾਰ ਦੇਵਾਂ, ਤੇਰੇ ਚਿਹਰੇ ਦੀ ਨੁਹਾਰ ਨੂੰ।
ਤੂੰ ਪਰਦੇਸਾਂ ਵਿੱਚ, ਜਿੰਦ ਘਰ ਦੇ ਲੇਖੇ ਲਾਈ
ਮੈਂ ਵੀ ਜੀਵਦੀ ਹਾਂ, ਨਿਤ ਤੇਰੇ ਕਿਰਦਾਰ ਨੂੰ।
ਤੇਰੇ ਮਾਪਿਆਂ ਦਾ ਮੈਂ ਪੁੱਤ, ਤੇ ਪੁੱਤ ਦਾ ਬਣੀ ਪਿਉ,
ਪੁੱਤ ਨੂੰ ਤਰਸਣ ਨਹੀਂ ਦਿੱਤਾ, ਕਦੇ ਤੇਰੇ ਪਿਆਰ ਨੂੰ।
ਮਿਹਨਤ ਤੇਰੀ ਨੇ, ਘਰ ਨੂੰ ਸਵਰਗ ਬਣਾਤਾ,
ਨਿੱਤ ਰੱਬ ਨੂੰ ਸਿਰ ਸਜਦਾ ਕਰਾਂ, ਸ਼ੁਕਰਗੁਜ਼ਾਰ ਨੂੰ।
ਵਤਨਾਂ ਨੂੰ ਮੁੜ ਫੇਰਾ ਪਾ ਲੈ, ਕੀ ਕਰੀਏ ਮਹਿਲ ਮੁਨਾਰੇ,
ਤੇਰੇ ਬਿਨ ਜਿੰਦ ਤੜਫੇ ਸੱਜਣਾ, ਦਿਨ ਕੱਟਦੇ ਯਾਦਾਂ ਸਹਾਰੇ।


## ਕੀ ਹੁੰਦਾ ਏ

ਸੁਖਦੇਵ ਸਿੰਘ ਭੁੱਲੜ

ਮਹਿਲਾਂ ਵਿੱਚ ਵੱਸਣ ਵਾਲੇ ਕੀ ਜਾਣਨ,
ਕਿ ਮਾਛੀਵਾੜੇ ਦਾ ਜੰਗਲ ਕੀ ਹੁੰਦਾ ਏ?
ਸੋਫਿਆਂ 'ਤੇ ਬੈਠ ਜੋ ਖੇਡਦੇ ਨੇ ਗੇਮ,
ਉਨ੍ਹਾਂ ਨੂੰ ਕੀ ਸਾਰ, ਦੰਗਲ ਕੀ ਹੁੰਦਾ ਏ?
ਗ਼ੁਰਬਤ ਵਿੱਚ ਮਿੱਟੀ ਘੱਟਾ ਹੋ ਰਹੇ ਨੂੰ,
ਪਤਾ ਈ ਨਾ ਲੱਗਾ ਕਿ ਮੰਗਲ ਕੀ ਹੁੰਦਾ ਏ?
* * *

## ਮੈਂ ਪਾਣੀ ਹਾਂ!

ਗੁਰਜਿੰਦਰ ਸਿੰਘ ਸਾਹਦੜਾ



ਮੈਂ ਪਾਣੀ ਹਾਂ ਮੇਰਾ ਤੇ ਸੁਭਾਅ ਹੀ ਏ,
ਉੱਚੀ ਤੋਂ ਨੀਵੀਂ ਥਾਂ ਨੂੰ ਵਗਣਾ,
ਆਪਣਾ ਰਸਤਾ ਆਪੇ ਲੱਭਣਾ।
ਕੁਦਰਤ ਦੀ ਰਜ਼ਾ 'ਚ ਰਹਿਣਾ,
ਬਿਨਾਂ ਰੁਕੇ ਨਿਰੰਤਰ ਵਹਿਣਾ।
ਪਰ ਤੁਸੀਂ ਦੱਸੋ ਕੀ ਕਰਿਆ?
ਵੱਡੇ ਵੱਡੇ ਬੰਨ੍ਹ ਠੋਕ ਲਏ।
ਖ਼ਤਮ ਕਰ ਦਿੱਤੇ ਦਰਿਆ,
ਮੇਰੇ ਰਸਤੇ ਹੀ ਰੋਕ ਲਏ।
ਮੇਰੇ ਰਾਹਾਂ 'ਚ ਖੇਤ ਬਣਾ ਲਏ,
ਕਣਕ, ਮੱਕੀਆਂ, ਝੋਨੇ ਲਾ ਲਏ।
ਉੱਗੇ ਬੂਟੇ ਵੇਚ ਵੱਟ ਕੇ ਖਾ ਲਏ,
ਨੀਹਾਂ ਚਿਣ ਕੇ ਘਰ ਪਾ ਲਏ।
ਫੋਕੇਪਣ 'ਚ ਮਗ਼ਰੂਰ ਹੋ ਗਏ,
ਕੁਦਰਤ ਤੋਂ ਬੜੀ ਦੂਰ ਹੋ ਗਏ।
ਆਕੜਾਂ 'ਚ ਚੂਰ ਚੂਰ ਹੋ ਗਏ,
ਤੁਹਾਡੇ ਕਾਰੇ, ਮੇਰਾ ਕਸੂਰ ਹੋ ਗਏ।
ਮੈਂ ਪਾਣੀ ਹਾਂ ਮੇਰਾ ਤੇ ਸੁਭਾਅ ਹੀ ਏ,
ਮੈਂ ਤਾਂ ਭਾਈ ਵਗਣਾ ਹੀ ਏ,
ਆਪਣਾ ਰਾਹ ਲੱਭਣਾ ਹੀ ਏ।
ਕਿਸੇ ਥਾਵੇਂ ਤਾਂ ਵਹਿਣਾ ਹੀ ਏ,
ਨੀਵੀਂ ਥਾਂ ਜਾ ਰਹਿਣਾ ਹੀ ਏ।
ਜਿੰਨਾ ਰੋਕੋਗੇ ਇਕੱਠਾ ਹੋਵਾਂਗਾ,
ਇਕੱਠਾ ਹੋਵਾਂਗਾ, ਆਪਾ ਖੋਵਾਂਗਾ।
ਆਪਾ ਖੋਵਾਂਗਾ, ਢਾਹ ਲਾਵਾਂਗਾ,
ਢਾਹ ਲਾਵਾਂਗਾ, ਕਹਿਰ ਢਾਹਵਾਂਗਾ।
ਸੋ ਮੈਨੂੰ ਥੋੜ੍ਹਾ-ਥੋੜ੍ਹਾ ਵਹਿਣ ਦਿਓ,
ਤੇ ਰਜ਼ਾ ਵਿੱਚ ਹੀ ਰਹਿਣ ਦਿਓ।
ਕੁਦਰਤ ਛੇੜੋਗੇ ਤਾਂ ਦੁੱਖ ਪਾਓਗੇ,
ਨੁਕਸਾਨ ਉਠਾਓਗੇ ਤੇ ਪਛਤਾਓਗੇ,
ਮੈਂ ਪਾਣੀ ਹਾਂ ਮੇਰਾ ਤੇ ਸੁਭਾਅ ਹੀ ਏ।

## ਆਸਾਂ ਦੇ ਬੋਟ

ਪ੍ਰਸ਼ੋਤਮ ਪੱਤੋ

ਜਾਹ ਨੀ ਭੈੜੀਏ ਹਸਰਤੇ
ਐਵੇਂ ਨਾ ਕੂਕਾਂ ਮਾਰ,
ਲੱਗਦਾ ਤੇਰਾ ਕੁਝ ਲੁਟ ਗਿਐ
ਇੱਥੇ ਤਾਂ ਹੁੰਦਾ ਰੋਜ਼ ਵਪਾਰ।
ਆਸਾਂ ਦੇ ਬੋਟ ਨੀ ਜਿੰਦੇ
ਗਿਰਝਾਂ ਲੈ ਗਈਆਂ ਖੋਹ,
ਵੇਖ ਲੈ ਅੜਿਆ ਚੀਰ ਕੇ
ਮੇਰੇ ਦਿਲ ਦਾ ਰੰਗ ਵਸਾਰ।
ਹਰ ਰੁੱਤ ਇੱਥੇ ਫੁੱਲ ਨੇ ਖਿੜਦੇ,
ਰੋਜ਼ ਹੀ ਇੱਥੇ ਫੁੱਲ ਪਏ ਮਿਧਦੇ
ਸੰਗਮਰੀ ਮਹਿਲਾਂ ਥੱਲੇ ਕੂਕ ਰਿਹਾ
ਭੁੱਖਣ ਭਾਣਿਆਂ ਦਾ ਗੁਲਜ਼ਾਰ।
ਅਹੁ ਕੋਈ ਗਿੱਲੀਆਂ ਪਾਥੀਆਂ
ਵਿੱਚ ਰਿਹਾ ਹੈ ਫੂਕਾਂ ਮਾਰ,
'ਕੱਠੇ ਕਰ ਕਰ ਤਿਣਕੇ-ਤੀਲ੍ਹੇ,
ਕਰ ਰਿਹਾ ਹੈ ਧੂਣੀ ਤਿਆਰ।
'ਕੱਠੇ ਹੋ ਕੇ ਜੰਗ ਜਿੱਤਣੀ
'ਪੱਤੋ' ਮਨਾਂ 'ਚੋਂ ਕੱਢ ਕੇ ਖਾਰ।
ਜਾਹ ਨੀ ਭੈੜੀਏ ਹਸਰਤੇ
ਐਵੇਂ ਨਾ ਕੂਕਾਂ ਮਾਰ।

# ਸੇਂਟ ਲੂਈ ਰੈਪਿਡ ਐਂਡ ਬਲਿਟਜ਼ ਖ਼ਿਤਾਬ ਆਰ ਪ੍ਰਗਨਾਨੰਦਾ ਨੇ ਜਿੱਤਿਆ



ਸੇਂਟ ਲੂਈ/ਏ.ਟੀ.ਨਿਊਜ਼: ਭਾਰਤੀ ਗ੍ਰੈਂਡਮਾਸਟਰ ਆਰ ਪ੍ਰਗਨਾਨੰਦਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣਾ ਪਹਿਲਾ ਸੇਂਟ ਲੂਈ ਰੈਪਿਡ ਐਂਡ ਬਲਿਟਜ਼ ਖ਼ਿਤਾਬ ਇੱਕ ਦੌਰ ਬਾਕੀ ਰਹਿੰਦਿਆਂ ਆਪਣੇ ਨਾਂਅ ਕਰ ਲਿਆ।

20 ਸਾਲਾ ਖਿਡਾਰੀ ਨੇ 23.5 ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ ਜੋ ਉਜ਼ਬੇਕਿਸਤਾਨ ਦੇ ਜਾਵੋਖਿਰ ਸਿੰਦਾਰੋਵ (ਜੋ ਇਸ ਸਾਲ ਵਿਸ਼ਵ ਚੈਂਪੀਅਨਸ਼ਿਪ ਦਾ ਦਾਅਵੇਦਾਰ ਹੈ) ਤੋਂ ਕਾਫੀ ਅੱਗੇ ਰਿਹਾ। ਗ੍ਰੈਂਡ ਚੈੱਸ ਟੂਰ (ਜੀ ਸੀ ਟੀ) ਦੇ ਆਖਰੀ ਰੈਪਿਡ ਅਤੇ ਬਲਿਟਜ਼ ਟੂਰਨਾਮੈਂਟ ਦੇ ਆਖਰੀ ਦਿਨ ਕੋਈ ਵੀ ਮੈਚ ਨਾ ਹਾਰਦਿਆਂ ਪ੍ਰਗਨਾਨੰਦਾ ਜੀ ਸੀ ਟੀ ਵਿੱਚ ਦੂਜੇ ਸਥਾਨ 'ਤੇ ਪਹੁੰਚ ਗਿਆ ਹੈ ਜਿਸ ਨਾਲ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੇ ਗ੍ਰੈਂਡ ਫਾਈਨਲ ਵਿੱਚ ਉਸ ਦੀ ਥਾਂ ਤਕਰੀਬਨ ਪੱਕੀ ਹੋ ਗਈ ਹੈ। ਹੁਣ ਇਸ ਭਾਰਤੀ ਖਿਡਾਰੀ ਨੂੰ ਸਿਰਫ਼ ਇਸ ਸੀਜ਼ਨ ਦੇ ਆਖਰੀ ਟੂਰਨਾਮੈਂਟ 'ਸਿੰਕਫੀਲਡ ਕੱਪ' (ਜੋ 10 ਤੋਂ 19 ਅਗਸਤ ਤੱਕ ਕਲਾਸਿਕਲ ਫਾਰਮੈਟ ਵਿੱਚ ਖੇਡਿਆ ਜਾਵੇਗਾ) ਵਿੱਚ ਆਪਣੀ ਫਾਰਮ ਬਣਾਈ ਰੱਖਣੀ ਪਵੇਗੀ।

ਸਿੰਦਾਰੋਵ ਤੋਂ ਇੱਕ ਅੰਕ ਦੀ ਮਾਮੂਲੀ ਲੀਡ ਨਾਲ ਰੈਪਿਡ ਸੈਕਸ਼ਨ ਜਿੱਤਣ ਤੋਂ ਬਾਅਦ ਪ੍ਰਗਨਾਨੰਦਾ ਨੇ ਬਲਿਟਜ਼ ਵਿੱਚ ਸਿਰਫ਼ ਇੱਕ ਮੈਚ ਗੁਆਇਆ ਅਤੇ ਲੋੜੀਂਦੀਆਂ ਜਿੱਤਾਂ ਦਰਜ ਕਰਦਿਆਂ 18 ਵਿੱਚੋਂ 11.5 ਅੰਕ ਹਾਸਿਲ ਕੀਤੇ। ਸਿੰਦਾਰੋਵ ਜੋ ਰੈਪਿਡ ਸੈਕਸ਼ਨ ਤੋਂ ਬਾਅਦ ਪ੍ਰਗਨਾਨੰਦਾ ਤੋਂ ਪੂਰੇ ਇੱਕ ਅੰਕ ਨਾਲ ਪਿੱਛੇ ਸੀ, 22 ਅੰਕਾਂ ਨਾਲ ਦੂਜੇ ਸਥਾਨ 'ਤੇ ਰਿਹਾ ਅਤੇ ਅਮਰੀਕਾ ਦਾ ਵੈਸਲੇ ਸੋ 20 ਅੰਕ ਹਾਸਲ ਕਰਕੇ ਸਮੁੱਚੇ ਤੌਰ 'ਤੇ ਤੀਜੇ ਸਥਾਨ 'ਤੇ ਰਿਹਾ।

# ਵਿਸ਼ਵ ਹਾਕੀ ਕੱਪ 'ਚ ਭਾਰਤੀ ਹਾਕੀ ਟੀਮ ਨੇ ਵੇਖੇ ਹਨ ਵੱਡੇ ਉਤਰਾਅ-ਚੜ੍ਹਾਅ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਪੁਰਸ਼ ਹਾਕੀ ਟੀਮ ਦਾ ਆਲਮੀ ਕੱਪ ਦਾ ਸਫ਼ਰ ਉਤਰਾਅ-ਚੜ੍ਹਾਅ ਵਾਲਾ ਰਿਹਾ ਹੈ। ਅੱਠ ਵਾਰ ਦੀ ਉਲੰਪਿਕ ਚੈਂਪੀਅਨ ਟੀਮ ਨੇ 1971 ਆਲਮੀ ਕੱਪ ਵਿੱਚ ਕਾਂਸੇ ਦਾ ਤਗ਼ਮਾ ਜਿੱਤਿਆ ਅਤੇ 1975 ਵਿੱਚ ਆਪਣਾ ਇਕਲੌਤਾ ਖ਼ਿਤਾਬ ਹਾਸਲ ਕੀਤਾ। ਦੂਜੇ ਪਾਸੇ ਪਾਕਿਸਤਾਨ 4 ਖ਼ਿਤਾਬਾਂ ਨਾਲ ਸਭ ਤੋਂ ਕਾਮਯਾਬ ਟੀਮ ਹੈ; ਨੀਦਰਲੈਂਡਜ਼, ਆਸਟ੍ਰੇਲੀਆ ਅਤੇ ਜਰਮਨੀ ਦੀਆਂ ਟੀਮਾਂ 3 ਵਾਰ ਇਹ ਟੂਰਨਾਮੈਂਟ ਜਿੱਤ ਚੁੱਕੀਆਂ ਹਨ।



1971 ਵਿੱਚ ਪਹਿਲਾ ਟੂਰਨਾਮੈਂਟ ਬਾਰਸੀਲੋਨਾ ਵਿੱਚ ਕਰਵਾਇਆ ਗਿਆ ਜਿੱਥੇ ਭਾਰਤ ਨੇ ਕੀਨੀਆ ਨੂੰ 2-1 ਨਾਲ ਹਰਾ ਕੇ ਕਾਂਸੇ ਦਾ ਤਗ਼ਮਾ ਜਿੱਤਿਆ। 1973 ਵਿੱਚ ਐਮਸਟਰਡੈਮ 'ਚ ਭਾਰਤੀ ਟੀਮ ਫ਼ਾਈਨਲ ਵਿੱਚ ਪੁੱਜੀ, ਪਰ ਨੀਂਦਰਲੈਂਡਜ਼ ਹੱਥੋਂ ਪੈਨਲਟੀ ਸ਼ੂਟਆਊਟ ਵਿੱਚ ਹਾਰ ਗਈ।

15 ਮਾਰਚ 1975 ਭਾਰਤੀ ਹਾਕੀ ਲਈ ਸਭ ਤੋਂ ਅਹਿਮ ਦਿਨ ਹੈ, ਜਦੋਂ ਕੁਆਲਾਲੰਪੁਰ ਵਿੱਚ ਅਜੀਤ ਪਾਲ ਸਿੰਘ ਦੀ ਕਪਤਾਨੀ ਹੇਠ ਭਾਰਤ ਨੇ ਫ਼ਾਈਨਲ ਵਿੱਚ ਪਾਕਿਸਤਾਨ ਨੂੰ 2-1 ਨਾਲ ਹਰਾ ਕੇ ਆਲਮੀ ਕੱਪ ਆਪਣੇ ਨਾਂਅ ਕੀਤਾ ਸੀ। ਇਸ ਮਗਰੋਂ ਭਾਰਤੀ ਹਾਕੀ ਲਈ ਸੰਘਰਸ਼ ਦਾ ਦੌਰ ਸ਼ੁਰੂ ਹੋਇਆ। 1978 ਵਿੱਚ ਟੀਮ ਆਪਣਾ ਖ਼ਿਤਾਬ ਨਹੀਂ ਬਚਾ ਸਕੀ ਅਤੇ 6ਵੇਂ ਸਥਾਨ 'ਤੇ ਰਹੀ। 1982 ਵਿੱਚ ਮੁੰਬਈ 'ਚ ਮੇਜ਼ਬਾਨੀ ਕਰਦਿਆਂ ਟੀਮ 5ਵੇਂ ਸਥਾਨ 'ਤੇ ਰਹੀ। 1986 ਦੇ ਲੰਡਨ ਵਿਸ਼ਵ ਕੱਪ ਵਿੱਚ ਟੀਮ 12ਵੇਂ ਸਥਾਨ 'ਤੇ ਖਿਸਕ ਗਈ। 1990 ਵਿੱਚ 10ਵੇਂ, 1994 ਵਿੱਚ 5ਵੇਂ ਅਤੇ 1998 ਵਿੱਚ 9ਵੇਂ ਸਥਾਨ ਨਾਲ ਨਿਰਾਸ਼ਾ ਪੱਲੇ ਪਈ। 2002 ਅਤੇ 2006 ਦੇ ਟੂਰਨਾਮੈਂਟਾਂ ਵਿੱਚ ਵੀ ਟੀਮ ਕ੍ਰਮਵਾਰ 10ਵੇਂ ਅਤੇ 11ਵੇਂ ਸਥਾਨ ਉੱਤੇ ਰਹੀ।

2010 ਵਿੱਚ ਦਿੱਲੀ 'ਚ ਭਾਰਤ ਨੇ ਪਾਕਿਸਤਾਨ ਨੂੰ 4-1 ਨਾਲ ਹਰਾਇਆ, ਪਰ 8ਵੇਂ ਸਥਾਨ 'ਤੇ ਰਹਿ ਕੇ ਟੂਰਨਾਮੈਂਟ ਖ਼ਤਮ ਕੀਤਾ। 2014 ਵਿੱਚ ਟੀਮ 9ਵੇਂ ਸਥਾਨ 'ਤੇ ਰਹੀ। 2018 ਵਿੱਚ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਭਾਰਤ ਕੁਆਰਟਰ ਫ਼ਾਈਨਲ ਵਿੱਚ ਪੁੱਜਿਆ ਪਰ ਨੀਦਰਲੈਂਡਜ਼ ਹੱਥੋਂ 1-2 ਨਾਲ ਹਾਰ ਕੇ 6ਵੇਂ ਸਥਾਨ 'ਤੇ ਰਿਹਾ। ਇਸੇ ਤਰ੍ਹਾਂ 2023 ਵਿੱਚ ਮੇਜ਼ਬਾਨੀ ਕਰਦਿਆਂ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਨਿਊਜ਼ੀਲੈਂਡ ਹੱਥੋਂ ਬਾਹਰ ਹੋ ਕੇ 9ਵੇਂ ਸਥਾਨ 'ਤੇ ਰਹੀ। ਹੁਣ 15 ਅਗਸਤ ਤੋਂ ਬੈਲਜੀਅਮ ਅਤੇ ਨੀਦਰਲੈਂਡਜ਼ ਦੀ ਮੇਜ਼ਬਾਨੀ ਵਿੱਚ ਸ਼ੁਰੂ ਹੋ ਰਹੇ ਆਲਮੀ ਕੱਪ ਵਿੱਚ ਭਾਰਤੀ ਟੀਮ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਹੈ।

# ਮਹਿਲਾ ਟੀ-20 ਏਸ਼ੀਆ ਕੱਪ 28 ਅਗਸਤ ਤੋਂ

ਦੁਬਈ/ਏ.ਟੀ.ਨਿਊਜ਼: ਏਸ਼ਿਆਈ ਕ੍ਰਿਕਟ ਕੌਂਸਲ ਨੇ ਜਾਣਕਾਰੀ ਦਿੱਤੀ ਕਿ ਮਹਿਲਾ ਟੀ-20 ਏਸ਼ੀਆ ਕੱਪ ਵਿੱਚ ਭਾਰਤ ਦਾ ਮੁਕਾਬਲਾ 5 ਸਤੰਬਰ ਨੂੰ ਦੁਬਈ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ ਵਿੱਚ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨਾਲ ਹੋਵੇਗਾ। ਅੱਠ ਟੀਮਾਂ ਵਾਲਾ ਇਹ ਟੂਰਨਾਮੈਂਟ 28 ਅਗਸਤ ਤੋਂ ਸ਼ੁਰੂ ਹੋਵੇਗਾ ਅਤੇ ਇਹ 13 ਸਤੰਬਰ ਤੱਕ ਜਾਰੀ ਰਹੇਗਾ ਜਿਸ ਦਾ ਪਹਿਲਾ ਮੁਕਾਬਲਾ ਗਰੁੱਪ ਏ ਤਹਿਤ ਹਾਂਗਕਾਂਗ ਅਤੇ ਥਾਈਲੈਂਡ ਵਿਚਕਾਰ ਖੇਡਿਆ ਜਾਵੇਗਾ। ਗਰੁੱਪ ਏ ਵਿੱਚ ਭਾਰਤ, ਪਾਕਿਸਤਾਨ, ਥਾਈਲੈਂਡ, ਹਾਂਗਕਾਂਗ ਅਤੇ ਚੀਨ ਨੂੰ ਰੱਖਿਆ ਗਿਆ ਹੈ। ਮੌਜੂਦਾ ਚੈਂਪੀਅਨ ਸ੍ਰੀਲੰਕਾ, ਬੰਗਲਾਦੇਸ਼, ਯੂ.ਏ.ਈ. ਅਤੇ ਇੰਡੋਨੇਸ਼ੀਆ ਨੂੰ ਗਰੁੱਪ ਬੀ ਵਿੱਚ ਰੱਖਿਆ ਗਿਆ ਹੈ।



ਮਹਿਲਾ ਏਸ਼ੀਆ ਕੱਪ ਦਾ ਇਹ ਛੇਵਾਂ ਐਡੀਸ਼ਨ ਟੀ-20 ਫਾਰਮੈਟ ਵਿੱਚ ਖੇਡਿਆ ਜਾਵੇਗਾ, ਜਿਸ ਵਿੱਚ ਟੀਮਾਂ ਸਿੰਗਲ ਰਾਊਂਡ-ਰੌਬਿਨ ਗਰੁੱਪ ਸਟੇਜ ਵਿੱਚ ਆਪਸ ਵਿੱਚ ਮੁਕਾਬਲਾ ਕਰਨਗੀਆਂ। ਹਰ ਗਰੁੱਪ ਦੀਆਂ ਚੋਟੀ ਦੀਆਂ ਦੋ ਟੀਮਾਂ ਸੈਮੀਫਾਈਨਲ ਲਈ ਕੁਆਲੀਫਾਈ ਕਰਨਗੀਆਂ, ਜੋ ਕਿ 10 ਸਤੰਬਰ (ਏ-1 ਬਨਾਮ ਬੀ-2) ਅਤੇ 11 ਸਤੰਬਰ (ਏ-2 ਬਨਾਮ ਬੀ-1) ਨੂੰ ਖੇਡੇ ਜਾਣਗੇ, ਜਦਕਿ ਫ਼ਾਈਨਲ ਮੁਕਾਬਲਾ 13 ਸਤੰਬਰ ਨੂੰ ਹੋਵੇਗਾ। ਗਰੁੱਪ ਬੀ ਵਿੱਚ ਸ੍ਰੀਲੰਕਾ ਦਾ ਮੁਕਾਬਲਾ 6 ਸਤੰਬਰ ਨੂੰ ਬੰਗਲਾਦੇਸ਼ ਨਾਲ ਹੋਵੇਗਾ, ਜਦਕਿ ਮੇਜ਼ਬਾਨ ਯੂ.ਏ.ਈ. ਅਤੇ ਇੰਡੋਨੇਸ਼ੀਆ ਇਸ ਪੂਲ ਦੀਆਂ ਬਾਕੀ ਟੀਮਾਂ ਹਨ।

ਸ੍ਰੀਲੰਕਾ ਇਸ ਟੂਰਨਾਮੈਂਟ ਵਿੱਚ ਮੌਜੂਦਾ ਚੈਂਪੀਅਨ ਵਜੋਂ ਉਤਰੇਗਾ, ਜਦਕਿ ਬੰਗਲਾਦੇਸ਼ ਨੇ 2018 ਵਿੱਚ ਇਹ ਖ਼ਿਤਾਬ ਜਿੱਤਿਆ ਸੀ। ਭਾਰਤ ਇਸ ਮੁਕਾਬਲੇ ਵਿੱਚ ਸਭ ਤੋਂ ਸਫ਼ਲ ਟੀਮ ਬਣਿਆ ਹੋਇਆ ਹੈ, ਜਿਸ ਨੇ ਸੱਤ ਵਾਰ ਇਹ ਖ਼ਿਤਾਬ ਆਪਣੇ ਨਾਂ ਕੀਤਾ ਹੈ ਜਿਸ ਵਿੱਚ ਚਾਰ ਵਾਰ ਵਨਡੇਅ ਫਾਰਮੈਟ (2004-08) ਅਤੇ ਤਿੰਨ ਵਾਰ ਟੀ-20 ਫਾਰਮੈਟ (2012, 2016 ਅਤੇ 2022) ਸ਼ਾਮਲ ਹਨ।

# ਸਿਰ ਚੜ੍ਹ ਬੋਲਿਆ ਫੁੱਟਬਾਲ ਦਾ ਜਨੂੰਨ



ਪ੍ਰਿੰ. ਸਰਵਣ ਸਿੰਘ
+1-905-779-1661

ਵਿਦਵਾਨ ਲੇਖਕ ਬਰਨਾਰਡ ਸ਼ਾਅ ਨੇ ਪਤਾ ਨਹੀਂ ਕਿਹੜੇ ਰੌਂਅ ਵਿੱਚ ਕਿਹਾ ਸੀ ਕਿ 22 ਜਣੇ ਮੂਰਖ ਹਨ, ਜਿਹੜੇ ਇੱਕ ਗੇਂਦ ਪਿੱਛੇ ਮੈਦਾਨ ਵਿੱਚ ਸਿਰਤੋੜ ਦੌੜੇ ਫਿਰਦੇ ਹਨ। 11 ਜਣੇ ਇੱਕ ਪਾਸੇ ਨੂੰ ਠੁੱਡੇ ਮਾਰੀ ਜਾਂਦੇ ਹਨ, 11 ਜਣੇ ਦੂਜੇ ਪਾਸੇ ਨੂੰ। ਕਮਲੇ ਕਿਤੋਂ ਦੇ! ਉਸ ਦੇ ਕਹਿਣ ਮੁਤਾਬਿਕ 22 ਜਣੇ ਤਾਂ ਪਤਾ ਨਹੀਂ ਕਿੰਨੇ ਕੁ ਕਮਲੇ ਹੋਣਗੇ ਪਰ ਸੱਚਾਈ ਇਹੋ ਹੈ ਕਿ ਉਨ੍ਹਾਂ ਨੇ ਸਿਆਣੀ-ਬਿਆਣੀ ਅੱਧੋਂ ਵੱਧ ਦੁਨੀਆ ਕਮਲੀ ਕੀਤੀ ਹੋਈ ਹੈ! 2022 ਦਾ 22ਵਾਂ ਆਲਮੀ ਕੱਪ 5 ਅਰਬ ਲੋਕਾਂ ਨੇ ਵੇਖਿਆ ਤੇ 23ਵਾਂ ਕੱਪ 6 ਅਰਬ ਲੋਕਾਂ ਨੇ ਵੇਖਿਆ। ਅਰਬਾਂ-ਖਰਬਾਂ ਰੁਪਏ, ਸਮਾਂ ਅਤੇ ਸਾਧਨ ਲੱਗ ਜਾਂਦੇ ਹਨ ਇਨ੍ਹਾਂ ਆਲਮੀ ਕੱਪਾਂ ਉੱਤੇ। ਜੂਨ-ਜੁਲਾਈ ਫੁੱਟਬਾਲ ਦੀ ਚਰਚਾ ਦੇ ਮਹੀਨੇ ਬਣੇ ਰਹੇ। ਤਿੰਨ ਮੁਲਕਾਂ ਕੈਨੇਡਾ, ਅਮਰੀਕਾ ਤੇ ਮੈਕਸੀਕੋ ਵਿਚਲੇ 16 ਸ਼ਹਿਰਾਂ ਦੇ ਵਿਸ਼ਾਲ ਸਟੇਡੀਅਮ, ਪ੍ਰਬੰਧਕਾਂ, ਖਿਡਾਰੀਆਂ ਤੇ ਮੀਡੀਆਕਾਰਾਂ ਨਾਲ ਨੱਕੋ-ਨੱਕ ਭਰੇ ਰਹੇ। ਕਰੋੜਾਂ-ਅਰਬਾਂ ਡਾਲਰਾਂ ਦੀਆਂ ਸ਼ਰਤਾਂ ਲੱਗੀਆਂ ਤੇ ਸੱਟਾ ਖੇਡਿਆ ਗਿਆ। ਜਿੱਤਾਂ ਦੀਆਂ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਹਾਰਾਂ ਦੇ ਹੰਝੂ ਵਹਾਏ ਗਏ। ਫੀਫਾ ਕੱਪ ਦੀਆਂ ਖ਼ਬਰਾਂ ਤੋਂ ਵੱਡੀ ਖ਼ਬਰ ਕੇਵਲ ਤੀਜੀ ਆਲਮੀ ਜੰਗ ਹੀ ਹੋ ਸਕਦੀ ਸੀ। ਰੇਡੀਓ, ਟੀ ਵੀ, ਅਖ਼ਬਾਰ ਤੇ ਇੰਟਰਨੈੱਟ ਦੇ ਹੋਰ ਮਾਧਿਅਮ ਆਲਮੀ ਕੱਪ ਦੀਆਂ ਖ਼ਬਰਾਂ ਨਾਲ ਭਰੇ ਰਹੇ। 22 ਬੰਦਿਆਂ ਦੇ ਪੈਰਾਂ ਤੇ ਸਿਰਾਂ ਦੀ ਖੇਡ ਨੇ ਕਰੋੜਾਂ ਲੋਕਾਂ ਦੇ ਸਿਰ ਘੁਮਾਈ ਰੱਖੇ ਤੇ ਫੁਟਬਾਲ ਦੇ ਦੀਵਾਨਿਆਂ ਨੂੰ ਪਹਿਲੇ ਤੋੜ ਦਾ ਨਸ਼ਾ ਚਾੜ੍ਹੀ ਰੱਖਿਆ! ਉਨ੍ਹਾਂ ਦੀਆਂ ਹਾਕਾਂ-ਕਿਲਕਾਰੀਆਂ ਪੂਰੇ ਜੱਗ-ਜਹਾਨ ਦੀ ਹਵਾ ਵਿੱਚ ਗੂੰਜਦੀਆਂ ਰਹੀਆਂ।






ਫੁੱਟਬਾਲ ਦੇ ਸ਼ੈਦਾਈ ਲੋਕਾਂ ਨੇ ਤਾਂ ਸ਼ਰਤਾਂ ਲਾਉਣੀਆਂ ਹੀ ਸਨ, ਅਰਜਨਟੀਨਾ ਤੇ ਸਪੇਨ ਦੇ ਹਮਾਇਤੀਆਂ ਨੇ ਵੀ ਜਿੱਤ-ਹਾਰ ਦਾ ਜੂਆ ਖੇਡਣਾ ਸੀ, ਹੈਰਾਨੀ ਇਸ ਗੱਲ ਦੀ ਹੈ ਕਿ ਬਠਿੰਡੇ ਦੇ ਬਾਣੀਆਂ, ਜਿਨ੍ਹਾਂ ਦਾ ਫੁੱਟਬਾਲ ਨਾਲ ਕੋਈ ਲੈਣ-ਦੇਣ ਨਹੀਂ ਸੀ, ਉਨ੍ਹਾਂ ਨੇ ਵੀ ਅਰਜਨਟੀਨਾ ਜਾਂ ਸਪੇਨ ਦੀ ਜਿੱਤ-ਹਾਰ ਉੱਤੇ ਲੱਖਾਂ ਦਾ ਸੱਟਾ ਖੇਡਿਆ। ਆਖ਼ਰ ਸਪੇਨ ਨੇ ਮੈਚ ਦੇ ਵਾਧੂ ਸਮੇਂ ਵਿੱਚ ਗੋਲ ਕਰ ਕੇ 1-0 ਨਾਲ 2026 ਦਾ ਆਲਮੀ ਕੱਪ ਜਿੱਤ ਲਿਆ, ਜੋ ਉਸ ਦਾ ਦੂਜਾ ਵਿਸ਼ਵ ਕੱਪ ਹੈ। ਇਸ ਦੇ ਨਾਲ ਹੀ ਫਰਾਂਸ ਦਾ ਕਿਲੀਅਨ ਅੰਬਾਪੇ ਇਸ ਆਲਮੀ ਕੱਪ ਵਿੱਚ ਸਭ ਤੋਂ ਵੱਧ 10 ਗੋਲ ਕਰ ਕੇ 'ਗੋਲਡਨ ਬੂਟ' ਜਿੱਤ ਗਿਆ। ਮੈਸੀ 8 ਗੋਲਾਂ ਨਾਲ ਉਸ ਤੋਂ ਪਿੱਛੇ ਰਹਿ ਗਿਆ।

ਕੋਈ ਮੰਨੇ ਨਾ ਮੰਨੇ ਪਰ ਫੁੱਟਬਾਲ ਦੀ ਖੇਡ ਵਿੱਚ ਕਮਾਲ ਦੀ ਕਸ਼ਿਸ਼ ਹੈ। ਉਹ ਬਰਨਾਰਡ ਸ਼ਾਅ ਨੂੰ ਤਾਂ ਭਾਵੇਂ ਆਪਣੇ ਵੱਲ ਨਹੀਂ ਖਿੱਚ ਸਕੀ ਪਰ ਪੂਰੇ ਸੰਸਾਰ ਨੂੰ ਆਪਣੇ ਪੰਜਿਆਂ ਵਿੱਚ ਜਕੜੀ ਬੈਠੀ ਹੈ। ਇਹਦੀ ਇੱਕ-ਇੱਕ ਕਿੱਕ ਨੇ ਲੱਖਾਂ ਨਿਗਾਹਾਂ ਬੰਨ੍ਹੀਂ ਰੱਖੀਆਂ। ਫੁਟਬਾਲ ਦੁਨੀਆ ਦੀ ਸਭ ਤੋਂ ਵੱਧ ਦਰਸ਼ਨੀ ਖੇਡ ਸਾਬਤ ਹੋਈ ਹੈ। ਤਦੇ ਇਹ ਦੁਨੀਆ ਦੇ ਸਾਰੇ ਹੀ ਮੁਲਕਾਂ ਵਿੱਚ ਖੇਡੀ ਜਾਂਦੀ ਹੈ। ਫੁਟਬਾਲ ਦੀ ਕੌਮਾਂਤਰੀ ਫੈਡਰੇਸ਼ਨ ਫੀਫਾ ਦੇ 211 ਦੇਸ਼ ਤੇ ਖੇਤਰ (ਟੈਰੇਟਰੀਆਂ) ਮੈਂਬਰ ਹਨ।

ਫੀਫਾ ਦਾ ਫੁਟਬਾਲ ਕੱਪ ਦੁਨੀਆ ਦਾ ਸਭ ਤੋਂ ਵੱਡਾ ਖੇਡ ਮੇਲਾ ਹੈ। ਇਹ ਉਲੰਪਿਕ ਖੇਡਾਂ ਦੇ ਅੱਧ-ਵਿਚਾਲੇ ਹਰ ਚਾਰ ਸਾਲ ਬਾਅਦ ਹੁੰਦਾ ਹੈ। ਆਧੁਨਿਕ ਉਲੰਪਿਕ ਖੇਡਾਂ 1896 ਤੋਂ ਸ਼ੁਰੂ ਹੋਈਆਂ ਸਨ ਤੇ ਫੀਫਾ ਆਲਮੀ ਕੱਪ 1930 ਤੋਂ ਸ਼ੁਰੂ ਹੋਇਆ। 2018 ਦਾ 21ਵਾਂ ਆਲਮੀ ਕੱਪ 3.57 ਬਿਲੀਅਨ ਭਾਵ 357 ਕਰੋੜ ਦਰਸ਼ਕਾਂ ਨੇ ਵੇਖਿਆ ਸੀ। 2022 ਦਾ ਕੱਪ 500 ਕਰੋੜ ਯਾਨੀ ਦੁਨੀਆ ਦੀ ਅੱਧੋਂ ਵੱਧ ਆਬਾਦੀ ਨੇ ਵੇਖਿਆ। 11 ਜੂਨ 2026 ਤੋਂ ਸ਼ੁਰੂ ਹੋਏ ਤੇ 19 ਜੁਲਾਈ ਨੂੰ ਸਮਾਪਤ ਹੋਏ ਅਜੋਕੇ 23ਵੇਂ ਆਲਮੀ ਕੱਪ ਦੇ ਦਰਸ਼ਕਾਂ ਦੀ ਗਿਣਤੀ ਦਾ ਹਿਸਾਬ ਲਗਾਇਆ ਜਾ ਰਿਹਾ ਹੈ, ਜੋ ਹੋ ਸਕਦਾ ਹੈ 600 ਕਰੋੜ ਤੋਂ ਵੀ ਟੱਪ ਜਾਵੇ! 2022 ਦੇ ਕੱਪ ਦਾ ਫਾਈਨਲ ਮੈਚ ਦੁਨੀਆ ਦੇ ਲਗਪਗ 150 ਕਰੋੜ ਲੋਕਾਂ ਨੇ ਵੇਖਿਆ ਸੀ।

ਆਲਮੀ ਕੱਪ ਖੇਡਣ ਦੇ ਦਿਨ ਤਾਂ ਬੇਸ਼ੱਕ ਗਿਣਤੀ ਦੇ ਹੁੰਦੇ ਹਨ ਤੇ ਮੈਚ ਵੀ ਗਿਣਤੀ ਦੇ ਪਰ ਉਨ੍ਹਾਂ ਦੀਆਂ ਗੱਲਾਂ ਮਹੀਨਿਆਂ ਤੇ ਸਾਲਾਂ-ਬੱਧੀ ਚਲਦੀਆਂ ਰਹਿੰਦੀਆਂ ਹਨ। ਆਲਮੀ ਕੱਪਾਂ 'ਚ ਕਈ ਘਟਨਾਵਾਂ ਐਸੀਆਂ ਵਾਪਰਦੀਆਂ ਹਨ ਜੋ ਦੇਰ ਤਕ ਨਹੀਂ ਭੁਲਦੀਆਂ। ਜੇਤੂਆਂ ਦੀਆਂ ਖ਼ੁਸ਼ੀ 'ਚ ਖਿੜੀਆਂ ਵਰਾਛਾਂ ਤੇ ਹਾਰੂਆਂ ਦੇ ਗ਼ਮਗੀਨ ਚਿਹਰੇ! ਹਾਰਨ ਵਾਲਿਆਂ ਤੋਂ ਉਠਿਆ ਨਹੀਂ ਜਾਂਦਾ ਤੇ ਜਿੱਤਣ ਵਾਲਿਆਂ ਤੋਂ ਬੈਠਿਆ ਨਹੀਂ ਜਾਂਦਾ। ਟੀਮਾਂ ਦੇ ਕੋਚਾਂ ਦੀ ਪਰੇਸ਼ਾਨੀ ਤੇ ਖ਼ੁਸ਼ੀ ਦਾ ਵੀ ਕੋਈ ਅੰਤ ਨਹੀਂ ਰਹਿੰਦਾ। ਦਰਸ਼ਕਾਂ ਦੀ ਹਾਤ-ਹੂਤ ਦਾ ਤਾਂ ਕਾਹਦਾ ਹਿਸਾਬ ਕਿਤਾਬ ਹੋਣਾ ਸੀ? ਜਦ ਨੂੰ ਹੁਣ ਵਾਲੇ 23ਵੇਂ ਆਲਮੀ ਕੱਪ ਦੀਆਂ ਗੱਲਾਂ ਮੁੱਕਣਗੀਆਂ ਉਦੋਂ ਨੂੰ 24ਵੇਂ ਫੀਫਾ ਕੱਪ ਦੀਆਂ ਗੱਲਾਂ ਸ਼ੁਰੂ ਹੋ ਜਾਣਗੀਆਂ। ਇਹੋ ਜੀਵਨ ਦਾ ਗੇੜ ਹੈ ਤੇ ਇਹੋ ਖੇਡ ਦਾ ਫਲਸਫਾ। ਇੱਕ ਖੇਡ ਮੇਲੇ ਦੀ ਧੂੜ ਬਹਿੰਦੀ ਹੈ ਤੇ ਦੂਜੇ ਦੀ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਵੇਖਾਂਗੇ 2030 ਵਾਲਾ ਫੀਫਾ ਦਾ ਸ਼ਤਾਬਨੀ ਫੁੱਟਬਾਲ ਮੇਲਾ ਕਿਹੋ ਜਿਹਾ ਲੱਗਦਾ?




ਪੰਜਾਬੀ ਸਿਨੇਮਾ ਦੀ ਗੱਲ ਹੋਵੇ ਤੇ ਗੁੱਗੂ ਗਿੱਲ ਦਾ ਨਾਮ ਨਾ ਆਵੇ, ਇਹ ਸੰਭਵ ਨਹੀਂ। ਆਪਣੀ ਦਮਦਾਰ ਅਦਾਕਾਰੀ, ਦੇਸੀ ਅੰਦਾਜ਼ ਤੇ ਮਿੱਟੀ ਨਾਲ ਜੁੜੇ ਕਿਰਦਾਰਾਂ ਦੇ ਦਮ ’ਤੇ ਉਨ੍ਹਾਂ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਦਰਸ਼ਕਾਂ ਦੇ ਦਿਲਾਂ ’ਤੇ ਰਾਜ ਕੀਤਾ ਹੈ। ਪਿਛਲੇ ਦਿਨੀਂ ਗੁੱਗੂ ਗਿੱਲ ਨੇ ਆਪਣੀ ਫ਼ਿਲਮੀ ਯਾਤਰਾ, ਪੰਜਾਬੀ ਸਿਨੇਮਾ ਦੇ ਬਦਲਦੇ ਦੌਰ, ਨੌਜਵਾਨਾਂ ਦੀ ਨਵੀਂ ਸੋਚ ਤੇ ਆਪਣੀ ਆਉਣ ਵਾਲੀ ਫ਼ਿਲਮ ‘ਸ਼ਿਕਾਰੀ-3’ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਗੱਲਬਾਤ ਦੌਰਾਨ ਉਨ੍ਹਾਂ ਦੀ ਸਾਦਗੀ, ਪਿੰਡ ਨਾਲ ਜੁੜਾਵ ਤੇ ਪੰਜਾਬੀ ਮਿੱਟੀ ਪ੍ਰਤੀ ਪਿਆਰ ਹਰ ਜਵਾਬ ’ਚ ਸਾਫ਼ ਝਲਕਦਾ ਦਿੱਤਾ।

***ਸਵਾਲ : ਲੋਕ ਤੁਹਾਨੂੰ ਪੰਜਾਬੀ ਸਿਨੇਮਾ ਦਾ ਵੱਡਾ ਚਿਹਰਾ ਮੰਨਦੇ ਹਨ, ਪਰ ਤੁਹਾਡੇ ਕੈਰੀਅਰ ਦੀ ਸ਼ੁਰੂਆਤ ਕਿਵੇਂ ਹੋਈ?***

***ਜਵਾਬ :*** ਬਹੁਤ ਘੱਟ ਲੋਕ ਜਾਣਦੇ ਹਨ ਕਿ ਮੇਰੀ ਪਹਿਲੀ ਫ਼ਿਲਮ ਪੰਜਾਬੀ ਨਹੀਂ ਸਗੋਂ ਹਰਿਆਣਵੀ ਸੀ, ਜਿਸ ਦਾ ਨਾਮ ‘ਛੋਰਾ ਹਰਿਆਣੇ ਦਾ’ ਸੀ। ਉਥੋਂ ਮੇਰਾ ਫ਼ਿਲਮੀ ਸਫ਼ਰ ਸ਼ੁਰੂ ਹੋਇਆ। ਉਸ ਤੋਂ ਬਾਅਦ ਪੰਜਾਬੀ ਫ਼ਿਲਮਾਂ ਨੇ ਮੈਨੂੰ ਇੰਨਾ ਪਿਆਰ ਦਿੱਤਾ ਕਿ ਇਹ ਇੰਡਸਟਰੀ ਹੀ ਮੇਰਾ ਪਰਿਵਾਰ ਬਣ ਗਈ।

***ਸਵਾਲ : ਅੱਜ ਵੀ ਪਿੰਡ ’ਚ ਰਹਿਣਾ ਕਿਉਂ ਪਸੰਦ ਕਰਦੇ ਹੋ?***

***ਜਵਾਬ :*** ਮੈਂ ਮੰਨਦਾ ਹਾਂ ਕਿ ਇਨਸਾਨ ਨੂੰ ਆਪਣੀ ਮਿੱਟੀ ਤੇ ਆਪਣੀਆਂ ਜੜ੍ਹਾਂ ਤੋਂ ਕਦੇ ਵੀ ਵੱਖ ਨਹੀਂ ਹੋਣਾ ਚਾਹੀਦਾ। ਸ਼ੂਟਿੰਗ ਲਈ ਜਿੱਥੇ ਵੀ ਜਾਣਾ ਪੈਂਦਾ ਹੈ, ਜਾਂਦਾ ਹਾਂ, ਪਰ ਜਿਵੇਂ ਹੀ ਸਮਾਂ ਮਿਲਦਾ ਹੈ, ਆਪਣੇ ਪਿੰਡ ਵਾਪਸ ਆ ਜਾਂਦਾ ਹਾਂ। ਪਿੰਡ ਦੀ ਹਵਾ, ਲੋਕ ਤੇ ਅਪਣਾਪਣ ਮੈਨੂੰ ਹਮੇਸ਼ਾ ਨਵੀਂ ਊਰਜਾ ਦਿੰਦੇ ਹਨ।

***ਸਵਾਲ : ਤੁਹਾਡੇ ਸ਼ੁਰੂਆਤੀ ਦੌਰ ਤੇ ਅੱਜ ਦੇ ਪੰਜਾਬੀ ਸਿਨੇਮਾ ’ਚ ਸਭ ਤੋਂ ਵੱਡਾ ਬਦਲਾਅ ਕੀ ਦੇਖਦੇ ਹੋ?***

***ਜਵਾਬ :*** ਸਭ ਤੋਂ ਵੱਡਾ ਬਦਲਾਅ ਫ਼ਿਲਮਾਂ ਦਾ ਬਜਟ ਤੇ ਪ੍ਰੋਫ਼ੈਸ਼ਨਲ ਸੋਚ ਹੈ। ਪਹਿਲਾਂ ਨਿਰਮਾਤਾ ਸੀਮਤ ਸਰੋਤਾਂ ’ਚ ਫ਼ਿਲਮਾਂ ਬਣਾਉਂਦੇ ਸਨ, ਕਿਉਂਕਿ ਕਮਾਈ ਵੀ ਸੀਮਤ ਸੀ। ਅੱਜ ਨਿਵੇਸ਼ ਵਧਿਆ ਹੈ, ਦਰਸ਼ਕਾਂ ਦਾ ਦਾਇਰਾ ਵਧਿਆ ਹੈ ਤੇ ਇੰਡਸਟਰੀ ਨੂੰ ਸਮਝਣ ਵਾਲੇ ਨਿਰਮਾਤਾ, ਨਿਰਦੇਸ਼ਕ, ਲੇਖਕ ਤੇ ਤਕਨੀਕੀ ਮਾਹਿਰ ਵੱਡੀ ਗਿਣਤੀ ’ਚ ਜੁੜੇ ਹਨ। ਇਹੀ ਕਾਰਨ ਹੈ ਕਿ ਪੰਜਾਬੀ ਸਿਨੇਮਾ ਲਗਾਤਾਰ ਨਵੀਆਂ ਉਚਾਈਆਂ ’ਤੇ ਪਹੁੰਚ ਰਿਹਾ ਹੈ।

***ਸਵਾਲ : ਲੰਬੇ ਕੈਰੀਅਰ ਦਾ ਕੋਈ ਅਜਿਹਾ ਪਲ, ਜਿਸ ਨੂੰ ਤੁਸੀਂ ਹਮੇਸ਼ਾ ਯਾਦ ਰੱਖਦੇ ਹੋ?***

***ਜਵਾਬ :*** ਸੱਚ ਕਹਾਂ ਤਾਂ ਹਰ ਫ਼ਿਲਮ ਮੇਰੇ ਲਈ ਯਾਦਗਾਰ ਰਹੀ ਹੈ। ਹਰ ਨਵੀਂ ਕਹਾਣੀ, ਹਰ ਨਵਾਂ ਨਿਰਦੇਸ਼ਕ ਤੇ ਹਰ ਨਵਾਂ ਅਦਾਕਾਰ ਕੁਝ ਨਾ ਕੁਝ ਸਿਖਾ ਕੇ ਜਾਂਦਾ ਹੈ। ਨਵੀਆਂ ਜਗ੍ਹਾਂ ’ਤੇ ਸ਼ੂਟਿੰਗ ਕਰਨਾ ਵੀ ਜੀਵਨ ਦਾ ਸੋਹਣਾ ਤਜਰਬਾ ਹੁੰਦਾ ਹੈ। ਹਾਲਾਂਕਿ ਸ਼ੁਰੂਆਤੀ ਦੌਰ ਆਸਾਨ ਨਹੀਂ ਸੀ। ਉਸ ਸਮੇਂ ਇੰਡਸਟਰੀ ਸੰਘਰਸ਼ ਦੇ ਦੌਰ ’ਚੋਂ ਲੰਘ ਰਹੀ ਸੀ। ਫ਼ਿਲਮ ‘ਜੱਟ ਤੇ ਜ਼ਮੀਨ’ ਦੀ ਸ਼ੂਟਿੰਗ ਦੌਰਾਨ ਅਸੀਂ ਨਿਰਦੇਸ਼ਕ ਵਰਿੰਦਰ ਸਾਹਿਬ ਨੂੰ ਗੁਆ ਦਿੱਤਾ ਸੀ। ਉਹ ਪਲ ਅੱਜ ਵੀ ਦਿਲ ਨੂੰ ਦੁਖ ਦਿੰਦਾ ਹੈ।

***ਸਵਾਲ : ਨਵੀਂ ਪੀੜ੍ਹੀ ਦੇ ਕਲਾਕਾਰਾਂ ਨੂੰ ਕਿਸ ਨਜ਼ਰ ਨਾਲ ਦੇਖਦੇ ਹੋ?***

***ਜਵਾਬ :*** ਅੱਜ ਦੀ ਯੂਥ ਪੀੜ੍ਹੀ ਬਹੁਤ ਊਰਜਾਵਾਨ ਹੈ। ਉਨ੍ਹਾਂ ਦੀ ਸੋਚ ਆਧੁਨਿਕ ਹੈ ਤੇ ਤਿਆਰੀ ਵੀ ਸ਼ਾਨਦਾਰ ਹੁੰਦੀ ਹੈ। ਉਹ ਹਰ ਕਿਰਦਾਰ ਨੂੰ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਂਦੇ ਹਨ। ਸੱਚ ਕਹਾਂ ਤਾਂ ਅਸੀਂ ਵੀ ਉਨ੍ਹਾਂ ਤੋਂ ਬਹੁਤ ਕੁਝ ਸਿਖਦੇ ਹਾਂ। ਇੰਡਸਟਰੀ ਦਾ ਭਵਿੱਖ ਸੁਰੱਖਿਅਤ ਹੱਥਾਂ ’ਚ ਹੈ।

***ਸਵਾਲ : ਦਰਸ਼ਕਾਂ ਨੂੰ ‘ਸ਼ਿਕਾਰੀ-3’ ਤੋਂ ਕੀ ਉਮੀਦ ਰੱਖਣੀ ਚਾਹੀਦੀ ਹੈ?***

***ਜਵਾਬ :*** ‘ਸ਼ਿਕਾਰੀ-3’ ਜਲਦੀ ਦਰਸ਼ਕਾਂ ਸਾਹਮਣੇ ਹੋਵੇਗੀ। ਇਸ ’ਚ ‘ਗੁੜ ਵਾਲੀ ਚਾਹ’ ਵੀ ਜਰੂਰ ਮਿਲੇਗੀ। ਬਿਨਾਂ ਗੁੜ ਵਾਲੀ ਚਾਹ ਦੇ ਭਲਾ ਸ਼ਿਕਾਰੀ ਕਾਹਦਾ? ਇਹ ਤਾਂ ਸ਼ਿਕਾਰੀਆਂ ਦੀ ਪਛਾਣ ਹੈ। ਇਸ ਵਾਰ ਫ਼ਿਲਮ ’ਚ ਦਰਸ਼ਕਾਂ ਨੂੰ ਅਜਿਹਾ ਰੰਗ ਤੇ ਅੰਦਾਜ਼ ਦੇਖਣ ਨੂੰ ਮਿਲੇਗਾ, ਜੋ ਪਹਿਲਾਂ ਕਦੇ ਨਹੀਂ ਦੇਖਿਆ ਹੋਵੇਗਾ।

---

## ਹਿੰਦੀ ਸਿਨੇਮਾ ’ਚ ਫ਼ਿਲਮ ‘ਪੰਜਾਬ 1984’ ਨੇ ਬਣਾਈ ਦਿਲਜੀਤ ਦੋਸਾਂਝ ਦੀ ਪਛਾਣ



ਕੌਮੀ ਪੁਰਸਕਾਰ ਜੇਤੂ ਅਦਾਕਾਰ ਪਵਨ ਮਲਹੋਤਰਾ ਦਾ ਮੰਨਣਾ ਹੈ ਕਿ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੂੰ ਸਭ ਤੋਂ ਪਹਿਲਾਂ ਸਾਲ 2014 ਵਿੱਚ ਆਈ ਪੰਜਾਬੀ ਫ਼ਿਲਮ ‘ਪੰਜਾਬ 1984’ ਰਾਹੀਂ ਹੀ ਹਿੰਦੀ ਫ਼ਿਲਮ ਇੰਡਸਟਰੀ ਵਿੱਚ ਪਛਾਣ ਮਿਲੀ ਸੀ ਜਿਸ ਵਿੱਚ ਉਨ੍ਹਾਂ ਦੋਵਾਂ ਨੇ ਇਕੱਠੇ ਕੰਮ ਕੀਤਾ ਸੀ।

ਪਵਨ ਮਲਹੋਤਰਾ ਨੇ ਪਹਿਲਾਂ ‘ਪੰਜਾਬ 1984’ ਅਤੇ ਬਾਅਦ ਵਿੱਚ ‘ਸੁਪਰ ਸਿੰਘ’ ਫ਼ਿਲਮ ਵਿੱਚ ਦਿਲਜੀਤ ਨਾਲ ਸਕ੍ਰੀਨ ਸਾਂਝੀ ਕੀਤੀ ਸੀ, ਉਨ੍ਹਾਂ ਨੇ ਇਸ ਪੰਜਾਬੀ ਫ਼ਿਲਮ ਦੇ ਪ੍ਰਭਾਵ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਅਨੁਰਾਗ ਸਿੰਘ ਵੱਲੋਂ ਨਿਰਦੇਸ਼ਿਤ ਇਹ ਇਤਿਹਾਸਕ ਡਰਾਮਾ ਫ਼ਿਲਮ 1984 ਦੀ ਪੰਜਾਬ ਤਰਾਸਦੀ ’ਤੇ ਆਧਾਰਿਤ ਸੀ, ਜਿਸ ਵਿੱਚ ਕਿਰਨ ਖੇਰ ਨੇ ਵੀ ਮੁੱਖ ਭੂਮਿਕਾ ਨਿਭਾਈ ਸੀ।

ਦਿਲਜੀਤ ਦੇ ਸਫ਼ਰ ਬਾਰੇ ਗੱਲ ਕਰਦਿਆਂ ਪਵਨ ਮਲਹੋਤਰਾ ਨੇ ਦੱਸਿਆ ਕਿ ‘ਪੰਜਾਬ 1984’ ਨੇ ਦਿਲਜੀਤ ਨੂੰ ਬੌਲੀਵੁੱਡ ਇੰਡਸਟਰੀ ਤੱਕ ਪਹੁੰਚਾਉਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਯਾਦ ਕਰਦਿਆਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਪੰਜਾਬੀ ਫ਼ਿਲਮ ਕਰਨ ਬਾਰੇ ਸੋਚਿਆ ਸੀ ਤਾਂ ਕਈ ਲੋਕਾਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ ਕਿਉਂਕਿ ਉਸ ਸਮੇਂ ਲੋਕ ਸੋਚਦੇ ਸਨ ਕਿ ਪੰਜਾਬੀ ਸਿਨੇਮਾ ਸਿਰਫ਼ ਹਲਕੀਆਂ-ਫੁਲਕੀਆਂ ਫ਼ਿਲਮਾਂ ਤੱਕ ਹੀ ਸੀਮਤ ਹੈ ਪਰ ਇਸ ਫ਼ਿਲਮ ਨੇ ਪੰਜਾਬੀ ਸਿਨੇਮਾ ਦਾ ਪੱਧਰ ਬਹੁਤ ਉੱਚਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਡਾਇਰੈਕਟਰ ਅਨੁਰਾਗ ਸਿੰਘ ਨੇ ਇਸ ਫ਼ਿਲਮ ਵਿੱਚ ਬਹੁਤ ਹੀ ਵਧੀਆ ਕੰਮ ਕੀਤਾ। ਉਨ੍ਹਾਂ ਨੇ ਬਾਅਦ ਵਿੱਚ ਫ਼ਿਲਮ ‘ਬਾਰਡਰ 2’ ਵੀ ਬਣਾਈ।

ਪਵਨ ਮਲਹੋਤਰਾ ਨੇ ਦੱਸਿਆ ਕਿ ਇਸ ਫ਼ਿਲਮ ਦੀ ਕਹਾਣੀ ਨੂੰ ਬਹੁਤ ਹੀ ਸੂਝ-ਬੂਝ ਨਾਲ ਪੇਸ਼ ਕੀਤਾ ਗਿਆ ਸੀ ਜਿਸ ਕਰਕੇ ਉਹ ਇਸ ਦਾ ਹਿੱਸਾ ਬਣ ਕੇ ਬਹੁਤ ਖੁਸ਼ ਸਨ।

ਪਵਨ ਮਲਹੋਤਰਾ ਨੇ ਦਿਲਜੀਤ ਦੋਸਾਂਝ ਦੀ ਤਾਰੀਫ਼ ਕਰਦਿਆਂ ਉਨ੍ਹਾਂ ਨੂੰ ਇੰਡਸਟਰੀ ਦੇ ਸਭ ਤੋਂ ਸ਼ਾਨਦਾਰ ਅਦਾਕਾਰਾਂ ਵਿੱਚੋਂ ਇੱਕ ਦੱਸਿਆ। ਉਨ੍ਹਾਂ ਕਿਹਾ ਕਿ ਫ਼ਿਲਮ ਵਿੱਚ ਦਿਲਜੀਤ ਦੀ ਬੋਲਣ ਦੀ ਸ਼ੈਲੀ, ਉਨ੍ਹਾਂ ਦੇ ਹਾਵ-ਭਾਵ ਅਤੇ ਹਰ ਇੱਕ ਅਦਾ ਬਹੁਤ ਕਮਾਲ ਦੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਰਨ ਖੇਰ ਦੀ ਅਦਾਕਾਰੀ ਦੀ ਵੀ ਖੂਬ ਸ਼ਲਾਘਾ ਕੀਤੀ। ਸਾਲ 2014 ਵਿੱਚ ਰਿਲੀਜ਼ ਹੋਈ ‘ਪੰਜਾਬ 1984’ ਨੇ ਪੰਜਾਬੀ ਦੌਰ ਦੇ ਦਰਦ ਅਤੇ ਮਨੁੱਖੀ ਪੱਖ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪਰਦੇ ’ਤੇ ਪੇਸ਼ ਕੀਤਾ ਸੀ, ਜਿਸ ਨੂੰ ਆਲੋਚਕਾਂ ਵੱਲੋਂ ਵੀ ਭਰਪੂਰ ਹੁੰਗਾਰਾ ਮਿਲਿਆ ਸੀ।

ਇਸ ਤੋਂ ਬਾਅਦ ਦਿਲਜੀਤ ਦੋਸਾਂਝ ਦੀ ਸਾਲ 2016 ਵਿੱਚ ਫ਼ਿਲਮ ‘ਉੜਤਾ ਪੰਜਾਬ’ ਆਈ ਸੀ। ਇਸ ਕ੍ਰਾਈਮ ਡਰਾਮਾ ਫ਼ਿਲਮ ਵਿੱਚ ਉਨ੍ਹਾਂ ਦੀ ਸ਼ਾਨਦਾਰ ਅਦਾਕਾਰੀ ਨੂੰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਸੀ, ਜਿਸ ਲਈ ਉਨ੍ਹਾਂ ਨੂੰ ਸਰਵੋਤਮ ਮੇਲ ਡੈਬਿਊ ਦਾ ਫ਼ਿਲਮਫ਼ੇਅਰ ਐਵਾਰਡ ਵੀ ਮਿਲਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਦਿਲਜੀਤ ਨੇ ਪੰਜਾਬੀ ਸਿਨੇਮਾ, ਹਿੰਦੀ ਫ਼ਿਲਮਾਂ, ਸੰਗੀਤ ਦੀ ਦੁਨੀਆ ਅਤੇ ਅੰਤਰਰਾਸ਼ਟਰੀ ਸਟੇਜਾਂ ’ਤੇ ਆਪਣੀ ਸਫ਼ਲਤਾ ਦਾ ਪਰਚਮ ਲਹਿਰਾਇਆ ਹੈ ਅਤੇ ਇੱਕ ਵੱਡਾ ਮੁਕਾਮ ਹਾਸਿਲ ਕੀਤਾ ਹੈ।

## ਜਦੋਂ ਗਾਇਕ ਕਰਨ ਔਜਲਾ ਨੇ ਪਾਈ 21 ਕਰੋੜ ਰੁਪਏ ਦੀ ਘੜੀ

ਪੰਜਾਬੀ ਗਾਇਕ ਕਰਨ ਔਜਲਾ ਇੱਕ ਵਾਰ ਫਿਰ ਆਪਣੀ ਗਾਇਕੀ ਦੇ ਨਾਲ-ਨਾਲ ਆਪਣੇ ਮਹਿੰਗੇ ਸ਼ੌਕਾਂ ਕਾਰਨ ਚਰਚਾ ਵਿੱਚ ਹਨ। ਕਾਮੇਡੀਅਨ ਸਮਯ ਰੈਨਾ ਦੇ ਸ਼ੋਅ ਇੰਡੀਆਜ਼ ਗੌਟ ਲੇਟੈਂਟ ਦੇ ਨਵੇਂ ਐਪੀਸੋਡ ਵਿੱਚ ਕਰਨ ਔਜਲਾ ਨੇ ਕਰੀਬ 4 ਕਰੋੜ ਰੁਪਏ ਕੀਮਤ ਦੀ ਸਵਿਸ ਲਗਜ਼ਰੀ ਘੜੀ ਪਾ ਕੇ ਸ਼ਿਰਕਤ ਕੀਤੀ। ਇਸ ਐਪੀਸੋਡ ਦੌਰਾਨ ਸਮਯ ਰੈਨਾ ਦੀ ਨਜ਼ਰ ਵੀ ਵਾਰ-ਵਾਰ ਇਸ ਘੜੀ ’ਤੇ ਜਾਂਦੀ ਰਹੀ ਅਤੇ ਇਸ ਬਾਰੇ ਗੱਲਬਾਤ ਵੀ ਹੋਈ ਜਿਸ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਇਸ ਦੀ ਕਾਫ਼ੀ ਚਰਚਾ ਸ਼ੁਰੂ ਹੋ ਗਈ। ਜਾਣਕਾਰੀ ਅਨੁਸਾਰ ਕਰਨ ਔਜਲਾ ਦੇ ਹੱਥ ਵਿੱਚ ਜੋ



ਘੜੀ ਸੀ, ਉਸ ਦੀ ਕੀਮਤ ਭਾਰਤੀ ਬਾਜ਼ਾਰ ਵਿੱਚ ਲਗਪਗ 4 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਹ ਦੁਨੀਆ ਦੀਆਂ ਸਭ ਤੋਂ ਹਲਕੀਆਂ ਆਟੋਮੈਟਿਕ ਲਗਜ਼ਰੀ ਘੜੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ ਅਤੇ ਇਸ ਦਾ ਭਾਰ ਸਿਰਫ਼ 32 ਗ੍ਰਾਮ ਹੈ। ਇਸ ਵਿੱਚ ਗ੍ਰੇਡ-5 ਟਾਈਟੇਨੀਅਮ ਵਰਗੀਆਂ ਉੱਚ ਤਕਨੀਕੀ ਸਮੱਗਰੀਆਂ ਵਰਤੀਆਂ ਗਈਆਂ ਹਨ, ਜਿਸ ਕਾਰਨ ਇਹ ਲਗਜ਼ਰੀ ਦੇ ਨਾਲ-ਨਾਲ ਇੰਜਨੀਅਰਿੰਗ ਦਾ ਵੀ ਨਮੂਨਾ ਮੰਨੀ ਜਾਂਦੀ ਹੈ।

ਇਸੇ ਐਪੀਸੋਡ ਵਿੱਚ ਕਾਮੇਡੀ ਲੇਖਕ ਅਤੇ ਨਿਰਮਾਤਾ ਹਰਸ਼ ਲਿੰਬਾਚੀਆ (ਕਾਮੇਡੀਅਨ ਭਾਰਤੀ ਸਿੰਘ ਦੇ ਪਤੀ) ਵੀ ਮਹਿੰਗੀ ਘੜੀ ਪਾ ਕੇ ਨਜ਼ਰ ਆਏ। ਵੱਖ-ਵੱਖ ਫੈਸ਼ਨ ਅਤੇ ਵਾਚ ਕਮਿਊਨਿਟੀਆਂ ਵਿੱਚ ਚੱਲ ਰਹੀ ਚਰਚਾ ਅਨੁਸਾਰ ਉਨ੍ਹਾਂ ਦੀ ਘੜੀ ਦੀ ਕੀਮਤ ਲਗਪਗ 60 ਲੱਖ ਰੁਪਏ ਦੱਸੀ ਜਾ ਰਹੀ ਹੈ। ਹਾਲਾਂਕਿ ਇਸ ਮਾਡਲ ਜਾਂ ਕੀਮਤ ਦੀ ਅਧਿਕਾਰਤ ਪੁਸ਼ਟੀ ਨਹੀਂ ਹੋਈ।

ਕਰਨ ਔਜਲਾ ਪਹਿਲਾਂ ਵੀ ਆਪਣੀਆਂ ਮਹਿੰਗੀਆਂ ਘੜੀਆਂ ਕਾਰਨ ਸੁਰਖੀਆਂ ਵਿੱਚ ਰਹਿ ਚੁੱਕੇ ਹਨ। ਉਹ ਇਸ ਤੋਂ ਪਹਿਲਾਂ ਉਹ ਲਗਪਗ 21 ਕਰੋੜ ਰੁਪਏ ਦੇ ਮੁੱਲ ਦੀ ਘੜੀ ਪਾ ਕੇ ਦਿਖਾਈ ਦਿੱਤੇ ਸਨ। ਇਹ ਦੁਨੀਆ ਦੀਆਂ ਬਹੁਤ ਹੀ ਦੁਰਲੱਭ ਅਤੇ ਸੀਮਤ ਗਿਣਤੀ ਵਿੱਚ ਬਣੀਆਂ ਘੜੀਆਂ ਵਿੱਚੋਂ ਇੱਕ ਹੈ।

ਇਸ ਤਰ੍ਹਾਂ ਇੰਡੀਆਜ਼ ਗੌਟ ਲੇਟੈਂਟ ਦਾ ਇਹ ਐਪੀਸੋਡ ਸਿਰਫ਼ ਕਾਮੇਡੀ ਅਤੇ ਮਨੋਰੰਜਨ ਲਈ ਹੀ ਨਹੀਂ, ਸਗੋਂ ਕਰਨ ਔਜਲਾ ਦੇ ਲਗਜ਼ਰੀ ਅੰਦਾਜ਼ ਅਤੇ ਪੰਜਾਬੀ ਕਲਾਕਾਰ ਦੀ ਸ਼ਾਨਦਾਰ ਹਾਜ਼ਰੀ ਕਾਰਨ ਵੀ ਚਰਚਾ ਦਾ ਵਿਸ਼ਾ ਬਣ ਗਿਆ ਹੈ। (**ਬਾਕੀ ਸਫ਼ਾ 27 ’ਤੇ**)

## ਹੰਗਾਮੇ ਭਰਪੂਰ ਰਿਹਾ ਪੰਜਾਬ ਵਿਧਾਨ ਸਭਾ

ਇਸ ਬਿੱਲ ਨਾਲ ਕੋਈ ਵੀ ਪ੍ਰਾਈਵੇਟ ਸਕੂਲ ਫ਼ੀਸ ਵਿੱਚ ਸਾਲਾਨਾ 5 ਫ਼ੀਸਦੀ ਤੋਂ ਵੱਧ ਵਾਧਾ ਨਹੀਂ ਕਰ ਸਕੇਗਾ। ਫ਼ੀਸ ਵਿੱਚ 5 ਫ਼ੀਸਦੀ ਤੋਂ ਜ਼ਿਆਦਾ ਵਾਧਾ ਕਰਨ ਲਈ ਸਕੂਲ ਪ੍ਰਬੰਧਕਾਂ ਨੂੰ ਜ਼ਿਲ੍ਹਾ ਰੈਗੂਲੇਟਰੀ ਬਾਡੀ ਤੋਂ 180 ਦਿਨ ਪਹਿਲਾਂ ਮਨਜ਼ੂਰੀ ਲੈਣੀ ਪਵੇਗੀ। ਫ਼ੀਸ ਵਧਾਉਣ ਦੀ ਮੰਗ ਕਰਨ ਵਾਲੇ ਸਕੂਲਾਂ ਦੇ ਵਿੱਤੀ ਰਿਕਾਰਡ ਦਾ ਫ਼ੋਰੈਂਸਿਕ ਆਡਿਟ ਕਰਵਾਇਆ ਜਾਵੇਗਾ ਤਾਂ ਜੋ ਵਪਾਰਕ ਨਫ਼ੇਖੋਰੀ ਦਾ ਪਤਾ ਲਗਾਇਆ ਜਾ ਸਕੇ।

ਇਸ ਬਿੱਲ ਵਿਚ ਇਹ ਵੀ ਪ੍ਰਾਵਧਾਨ ਹੈ ਕਿ ਜਿਨ੍ਹਾਂ ਸਕੂਲਾਂ ਨੇ ਪਿਛਲੇ 3 ਸਾਲਾਂ ਵਿਚ ਫ਼ੀਸਾਂ ਵਿਚ ਕੁੱਲ 15 ਫ਼ੀਸਦੀ ਤੋਂ ਜ਼ਿਆਦਾ ਵਾਧਾ ਕੀਤਾ ਹੈ, ਉਨ੍ਹਾਂ ਨੂੰ ਵੀ ਵਾਧੂ ਵਸੂਲੀ ਗਈ ਰਕਮ 90 ਦਿਨਾਂ ਦੇ ਅੰਦਰ ਮਾਪਿਆਂ ਨੂੰ ਵਾਪਸ ਕਰਨੀ ਪਵੇਗੀ। ਅਜਿਹਾ ਨਾ ਕਰਨ 'ਤੇ ਸਕੂਲ ਨੂੰ 10 ਹਜ਼ਾਰ ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧੂ ਜੁਰਮਾਨਾ ਲਗਾਇਆ ਜਾਵੇਗਾ ਅਤੇ ਲਗਾਤਾਰ ਉਲੰਘਣਾ ਕਰਨ 'ਤੇ ਸਕੂਲ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸਕੂਲ ਮਾਪਿਆਂ ਨੂੰ ਕਿਸੇ ਖ਼ਾਸ ਦੁਕਾਨਦਾਰ ਜਾਂ ਵੈਂਡਰ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕਰ ਸਕਣਗੇ, ਸਗੋਂ ਘੱਟੋ-ਘੱਟ 3 ਪਬਲਿਸ਼ਰਾਂ ਜਾਂ ਵੈਂਡਰਾਂ ਦੀ ਸੂਚੀ ਜਾਰੀ ਕਰਨੀ ਲਾਜ਼ਮੀ ਹੋਵੇਗੀ। ਇਸੇ ਤਰ੍ਹਾਂ ਟਿਊਸ਼ਨ ਫ਼ੀਸ ਤੋਂ ਇਲਾਵਾ ਐਨੂਅਲ ਚਾਰਜ, ਸਮਾਰਟ ਕਲਾਸ, ਐਕਟੀਵਿਟੀ, ਲੈਬ ਅਤੇ ਲਾਇਬ੍ਰੇਰੀ ਵਰਗੇ ਸਾਰੇ ਖਰਚੇ ਫ਼ੀਸ ਦੇ ਘੇਰੇ ਵਿੱਚ ਲਿਆਂਦੇ ਗਏ ਹਨ।

***

## ਵਾਮਪੰਥੀ ਉਗਰਵਾਦ ਖ਼ਿਲਾਫ਼ ਟਰੰਪ

ਦੇਸ਼ਾਂ ਵਿਚਕਾਰ ਗੁਪਤ ਜਾਣਕਾਰੀ ਦਾ ਆਦਾਨ-ਪ੍ਰਦਾਨ ਵਧਾਇਆ ਜਾਵੇਗਾ ਅਤੇ ਅਜਿਹੇ ਅਨਸਰਾਂ 'ਤੇ ਯਾਤਰਾ ਪਾਬੰਦੀਆਂ ਲਗਾਈਆਂ ਜਾਣਗੀਆਂ।

* ਇਹਨਾਂ ਗਰੁੱਪਾਂ ਨੂੰ ਮਿਲਣ ਵਾਲੇ ਪੈਸੇ ਦੇ ਸਰੋਤਾਂ ਨੂੰ ਬੰਦ ਕਰਨ ਲਈ ਅਮਰੀਕੀ ਖਜ਼ਾਨਾ ਵਿਭਾਗ ਵੱਲੋਂ ਲੱਖਾਂ ਡਾਲਰ ਦੇ ਇਨਾਮ ਰੱਖੇ ਗਏ ਹਨ ਅਤੇ ਵੀਜ਼ਾ ਰੋਕਾਂ ਲਗਾਈਆਂ ਜਾ ਰਹੀਆਂ ਹਨ।

### ਰੂਸ ਅਤੇ ਚੀਨ ਦਾ ਦ੍ਰਿਸ਼ਟੀਕੋਣ

ਇਹ ਲੇਖ ਰੂਸੀ ਰਾਜ-ਸੰਬੰਧਿਤ ਮੀਡੀਆ ਆਰ.ਟੀ. ਇੰਟਰਨੈਸ਼ਨਲ 'ਤੇ ਛਪਿਆ ਹੈ ਅਤੇ ਇਸ ਦੇ ਲੇਖਕ ਰੂਸ ਦੇ 'ਵਾਲਦਾਈ ਕਲੱਬ' ਨਾਲ ਜੁੜੇ ਹੋਏ ਹਨ। ਇਸ ਦਾ ਭੂ-ਰਾਜਨੀਤਿਕ ਅਰਥ ਬਹੁਤ ਡੂੰਘਾ ਹੈ।

ਰੂਸ ਅਤੇ ਚੀਨ ਹਮੇਸ਼ਾ ਆਪਣੇ ਦੇਸ਼ਾਂ ਅੰਦਰ ਵਿਚਾਰਧਾਰਕ ਅਰਾਜਕਤਾ ਅਤੇ ਪੱਛਮੀ ਐਨ.ਜੀ.ਓ. ਦੇ ਪ੍ਰਭਾਵ ਨੂੰ ਰੋਕਦੇ ਆਏ ਹਨ। ਲੇਖਕ ਸੁਝਾਅ ਦਿੰਦਾ ਹੈ ਕਿ ਵਾਮਪੰਥੀ ਅੱਤਵਾਦ ਖਿਲਾਫ਼ ਲੜਾਈ ਵਿੱਚ ਰੂਸ ਅਤੇ ਚੀਨ ਵੀ ਅਮਰੀਕਾ ਨਾਲ ਸਹਿਯੋਗ ਕਰ ਸਕਦੇ ਹਨ, ਕਿਉਂਕਿ ਦੋਵੇਂ ਦੇਸ਼ ਆਪਣੇ ਅੰਦਰ ਸਥਿਰਤਾ ਅਤੇ ਅਮਨ-ਕਾਨੂੰਨ ਨੂੰ ਪਹਿਲ ਦਿੰਦੇ ਹਨ।

ਰੂਸੀ ਮੀਡੀਆ ਇਸ ਮੁੱਦੇ ਜ਼ਰੀਏ ਪੱਛਮੀ ਦੇਸ਼ਾਂ (ਅਮਰੀਕਾ ਅਤੇ ਯੂਰਪ) ਦੇ ਅੰਦਰੂਨੀ ਮਤਭੇਦਾਂ ਅਤੇ ਉਦਾਰਵਾਦੀ ਨੀਤੀਆਂ ਦੀਆਂ ਨਾਕਾਮੀਆਂ ਨੂੰ ਉਜਾਗਰ ਕਰ ਰਿਹਾ ਹੈ।

ਲਾਡਿਸਲਾਵ ਜ਼ੇਮਾਨੇਕ ਦਾ ਇਹ ਲੇਖ ਅੰਤਰਰਾਸ਼ਟਰੀ ਸੁਰੱਖਿਆ ਨੀਤੀ ਵਿੱਚ ਆ ਰਹੇ ਇੱਕ ਵੱਡੇ ਬਦਲਾਅ ਦਾ ਸੰਕੇਤ ਹੈ।

ਇਸ ਦਾ ਨਿਚੋੜ ਇਹ ਹੈ ਕਿ ਹਿੰਸਾ ਦਾ ਕੋਈ ਧਰਮ ਜਾਂ ਸਿਆਸੀ ਪੱਖ ਨਹੀਂ ਹੁੰਦਾ। ਚਾਹੇ ਹਿੰਸਾ ਸੱਜੇਪੱਖੀ ਸੋਚ ਤੋਂ ਪ੍ਰੇਰਿਤ ਹੋਵੇ, ਧਾਰਮਿਕ ਕੱਟੜਤਾ ਤੋਂ ਜਾਂ ਵਾਮਪੰਥੀ ਵਿਚਾਰਧਾਰਾ ਤੋਂ—ਜਦੋਂ ਇਹ ਆਮ ਨਾਗਰਿਕਾਂ ਦੀ ਸੁਰੱਖਿਆ, ਬਿਜਲੀ-ਪਾਣੀ ਅਤੇ ਦੇਸ਼ ਦੇ ਬੁਨਿਆਦੀ ਢਾਂਚੇ 'ਤੇ ਹਮਲਾ ਕਰਦੀ ਹੈ, ਤਾਂ ਇਸ ਨੂੰ 'ਵਿਰੋਧ ਪ੍ਰਦਰਸ਼ਨ' ਨਹੀਂ, ਸਗੋਂ ਅੱਤਵਾਦ ਹੀ ਮੰਨਿਆ ਜਾਣਾ ਚਾਹੀਦਾ ਹੈ। ਅਮਰੀਕਾ ਦੁਆਰਾ ਸ਼ੁਰੂ ਕੀਤੀ ਗਈ ਇਹ ਆਲਮੀ ਮੁਹਿੰਮ ਭਵਿੱਖ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਦੇ ਨਿਯਮਾਂ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਪਿਛਲੇ 25-30 ਸਾਲਾਂ ਤੋਂ ਅੰਤਰਰਾਸ਼ਟਰੀ ਸੁਰੱਖਿਆ ਏਜੰਸੀਆਂ ਦਾ ਧਿਆਨ ਮੁੱਖ ਤੌਰ 'ਤੇ ਧਾਰਮਿਕ ਕੱਟੜਪੰਥੀ ਸਮੂਹਾਂ (ਜਿਵੇਂ ਅਲ-ਕਾਇਦਾ, ਆਈ.ਐਸ.ਆਈ.ਐਸ.) ਜਾਂ ਨਿਓ-ਨਾਜ਼ੀ/ਸੱਜੇਪੱਖੀ ਹਿੰਸਾ 'ਤੇ ਹੀ ਸੀ।

ਹੁਣ (ਨਵਾਂ ਨਿਯਮ): ਇਸ ਮੁਹਿੰਮ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅੱਤਵਾਦ ਸਿਰਫ਼ ਧਰਮ ਜਾਂ ਨਸਲ ਤੱਕ ਸੀਮਤ ਨਹੀਂ ਹੈ। ਜੇਕਰ ਕੋਈ ਵਾਮਪੰਥੀ ਜਾਂ ਆਦਰਸ਼ਵਾਦੀ ਵਿਚਾਰਧਾਰਾ ਦੇ ਨਾਂਅ 'ਤੇ ਵੀ ਹਿੰਸਾ ਕਰਦਾ ਹੈ, ਤਾਂ ਉਸ ਨੂੰ ਵੀ ਅੱਤਵਾਦ ਹੀ ਮੰਨਿਆ ਜਾਵੇਗਾ। ਹੁਣ ਅਜਿਹੇ ਗਰੁੱਪਾਂ ਨਾਲ ਜੁੜੇ ਲੋਕਾਂ 'ਤੇ ਗਲੋਬਲ ਟਰੈਵਲ ਬੈਨ (ਯਾਤਰਾ ਪਾਬੰਦੀਆਂ) ਅਤੇ ਬੈਂਕ ਖਾਤੇ ਸੀਲ ਕਰਨ ਵਰਗੇ ਕਾਨੂੰਨ ਲਾਗੂ ਹੋਣਗੇ, ਜੋ ਪਹਿਲਾਂ ਸਿਰਫ਼ ਅੰਤਰਰਾਸ਼ਟਰੀ ਅੱਤਵਾਦੀਆਂ 'ਤੇ ਲੱਗਦੇ ਸਨ। ਉਹਨਾਂ ਗੈਰ-ਸਰਕਾਰੀ ਸੰਸਥਾਵਾਂ ਅਤੇ ਫਾਊਂਡੇਸ਼ਨਾਂ ਦੀ ਜਾਂਚ ਵਧੇਗੀ ਜੋ ਅਸਿੱਧੇ ਤੌਰ 'ਤੇ ਹਿੰਸਕ ਅੰਦੋਲਨਾਂ ਨੂੰ ਪੈਸਾ ਮੁਹੱਈਆ ਕਰਵਾਉਂਦੀਆਂ ਹਨ। ਅਮਰੀਕਾ ਦਾ ਇਹ ਕਦਮ ਆਉਣ ਵਾਲੇ ਸਮੇਂ ਵਿੱਚ ਦੁਨੀਆ ਭਰ ਦੀਆਂ ਪੁਲਿਸ, ਅਦਾਲਤਾਂ ਅਤੇ ਗੁਪਤਚਰ ਏਜੰਸੀਆਂ ਦੇ ਕੰਮ ਕਰਨ ਦੇ ਤਰੀਕੇ ਨੂੰ ਬਦਲ ਦੇਵੇਗਾ। ਹੁਣ ਕੋਈ ਵੀ ਸੰਗਠਨ 'ਰਾਜਨੀਤਿਕ ਵਿਚਾਰਧਾਰਾ' ਦਾ ਬਹਾਨਾ ਬਣਾ ਕੇ ਕਾਨੂੰਨ ਤੋਂ ਨਹੀਂ ਬਚ ਸਕੇਗਾ।

***

## ਅਧੂਰੇ ਵੀਜ਼ਾ ਤੇ ਗ੍ਰੀਨ ਕਾਰਡ ਅਰਜ਼ੀਆਂ

ਇਮੀਗ੍ਰੇਸ਼ਨ ਲਾਭਾਂ (ਜਿਵੇਂ ਕਿ ਰੁਜ਼ਗਾਰ ਅਧਿਕਾਰ) ਨੂੰ ਸੁਰੱਖਿਅਤ ਕਰਨ ਲਈ 'ਪਲੇਸਹੋਲਡਰ' ਅਰਜ਼ੀਆਂ ਦਾਇਰ ਕਰਨ ਦੀ ਆਗਿਆ ਮਿਲੀ। ਏਜੰਸੀ ਨੇ ਹੁਣ ਅਧਿਕਾਰੀਆਂ ਨੂੰ 'ਨੋਟਿਸ ਆਫ਼ ਇੰਟੈਂਟ ਟੂ ਡਿਨੀ' ਜਾਰੀ ਕੀਤੇ ਬਿਨਾਂ ਢੁਕਵੇਂ ਮਾਮਲਿਆਂ ਵਿੱਚ ਲਾਭ ਬੇਨਤੀਆਂ ਨੂੰ ਰੱਦ ਕਰਨ ਦਾ ਅਧਿਕਾਰ ਬਹਾਲ ਕਰ ਦਿੱਤਾ ਹੈ। ਇਮੀਗ੍ਰੇਸ਼ਨ ਅਧਿਕਾਰੀ ਨਵੀਂ ਨੀਤੀ ਦੇ ਤਹਿਤ ਕਾਰਵਾਈਆਂ ਕਰ ਸਕਦੇ ਹਨ। ਫਾਈਲਿੰਗ ਦੇ ਸਮੇਂ ਯੋਗਤਾ ਸਥਾਪਤ ਕਰਨ ਵਿੱਚ ਅਸਫਲ ਰਹਿਣ ਵਾਲੀਆਂ ਅਰਜ਼ੀਆਂ ਨੂੰ ਅਸਵੀਕਾਰ ਕਰਨਾ। ਜ਼ਰੂਰੀ ਸ਼ੁਰੂਆਤੀ ਸਹਾਇਕ ਸਬੂਤਾਂ ਤੋਂ ਬਿਨਾਂ ਜਮ੍ਹਾਂ ਕੀਤੀਆਂ ਗਈਆਂ ਬੇਨਤੀਆਂ ਨੂੰ ਰੱਦ ਕਰਨਾ। ਏਜੰਸੀ ਨੇ ਕਿਹਾ ਕਿ ਇਹ ਬਦਲਾਅ ਸਰੋਤ ਉਪਯੋਗਤਾ ਨੂੰ ਅਨੁਕੂਲ ਬਣਾਉਣ, ਕੇਸ ਪ੍ਰੋਸੈਸਿੰਗ ਨੂੰ ਤੇਜ਼ ਕਰਨ ਅਤੇ ਬਕਾਇਆ ਮਾਮਲਿਆਂ ਦੇ ਬੈਕਲਾਗ ਵਿੱਚ ਯੋਗਦਾਨ ਪਾਉਣ ਵਾਲੀਆਂ ਯੋਗਤਾਹੀਣ ਅਰਜ਼ੀਆਂ ਦੀ ਗਿਣਤੀ ਨੂੰ ਘਟਾਉਣ ਵਿੱਚ ਮਦਦ ਕਰਨਗੇ।

ਇਹ ਨੀਤੀ ਤੁਰੰਤ ਲਾਗੂ ਹੈ ਅਤੇ 5 ਅਗਸਤ 2026 ਨੂੰ ਜਾਂ ਇਸ ਤੋਂ ਬਾਅਦ ਦਾਇਰ ਕੀਤੀਆਂ ਗਈਆਂ ਸਾਰੀਆਂ ਇਮੀਗ੍ਰੇਸ਼ਨ ਲਾਭ ਬੇਨਤੀਆਂ ਜਾਂ ਵਰਤਮਾਨ ਵਿੱਚ ਲੰਬਿਤ ਅਰਜ਼ੀਆਂ 'ਤੇ ਲਾਗੂ ਹੁੰਦੀ ਹੈ, ਜਦੋਂ ਤੱਕ ਕਿ ਮੌਜੂਦਾ ਨਿਯਮ ਜਾਂ ਨੀਤੀਆਂ ਹੋਰ ਨਹੀਂ ਨਿਰਧਾਰਿਤ ਕਰਦੀਆਂ।

ਇਹ ਕਦਮ ਅਮਰੀਕੀ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਵਿੱਚ ਹਾਲ ਹੀ ਵਿੱਚ ਹੋਈਆਂ ਕਈ ਤਬਦੀਲੀਆਂ ਵਿੱਚੋਂ ਇੱਕ ਹੈ ਜਿਸਦਾ ਉਦੇਸ਼ ਲਾਭ ਦੇਣ ਲਈ ਮਾਪਦੰਡਾਂ ਨੂੰ ਸਖ਼ਤ ਕਰਨਾ ਹੈ। ਰੁਜ਼ਗਾਰ-ਅਧਾਰਿਤ ਵੀਜ਼ਾ, ਪਰਿਵਾਰ-ਸਪਾਂਸਰਡ ਗ੍ਰੀਨ ਕਾਰਡ, ਸਥਿਤੀ ਵਿੱਚ ਤਬਦੀਲੀਆਂ ਜਾਂ ਵਿਸਥਾਰ, ਨਾਗਰਿਕਤਾ (ਨੈਚੁਰਲਾਈਜ਼ੇਸ਼ਨ) ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਦੀ ਮੰਗ ਕਰਨ ਵਾਲੇ ਬਿਨੈਕਾਰਾਂ ਨੂੰ ਹੁਣ ਇਹ ਯਕੀਨੀ ਬਣਾਉਣ ਲਈ ਵਧੇਰੇ ਦਬਾਅ ਦਾ ਸਾਹਮਣਾ ਕਰਨਾ ਪਵੇਗਾ ਕਿ ਉਨ੍ਹਾਂ ਦੀਆਂ ਅਰਜ਼ੀਆਂ ਪੂਰੀਆਂ ਹੋਣ ਅਤੇ ਜਮ੍ਹਾਂ ਕਰਨ ਵੇਲੇ ਸਾਰੇ ਜ਼ਰੂਰੀ ਦਸਤਾਵੇਜ਼ ਸ਼ਾਮਲ ਹੋਣ ਕਿਉਂਕਿ ਉਨ੍ਹਾਂ ਨੂੰ ਹੁਣ ਅਧੂਰੀਆਂ ਅਰਜ਼ੀਆਂ ਨੂੰ ਰੱਦ ਕਰਨ ਤੋਂ ਪਹਿਲਾਂ ਸੁਧਾਰਨ ਦਾ ਮੌਕਾ ਨਹੀਂ ਦਿੱਤਾ ਜਾ ਸਕਦਾ।

***

## ਗੌਤਮ ਅਡਾਨੀ ਵਿਰੁੱਧ ਅਮਰੀਕੀ ਅਦਾਲਤ

ਅਦਾਲਤੀ ਫੈਸਲੇ ਤੋਂ ਬਾਅਦ ਗੌਤਮ ਅਡਾਨੀ ਨੇ ਐਕਸ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ, 'ਮੈਂ ਨਿਆਇਕ ਪ੍ਰਕਿਰਿਆ ਪ੍ਰਤੀ ਨਿਮਰਤਾ ਅਤੇ ਡੂੰਘੇ ਸਤਿਕਾਰ ਨਾਲ ਅਮਰੀਕੀ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਾ ਹਾਂ। ਇਸ ਚੁਣੌਤੀਪੂਰਨ ਸਮੇਂ ਦੌਰਾਨ ਸੱਚ, ਨਿਰਪੱਖਤਾ ਅਤੇ ਕਾਨੂੰਨ ਦੇ ਰਾਜ ਵਿੱਚ ਸਾਡਾ ਵਿਸ਼ਵਾਸ ਅਟੱਲ ਰਿਹਾ।' ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਡੇ 'ਤੇ ਅਤੇ ਭਾਰਤ ਦੀ ਨਿਆਂ ਪ੍ਰਣਾਲੀ 'ਤੇ ਵਿਸ਼ਵਾਸ ਬਣਾਈ ਰੱਖਿਆ।

***

## ਪਰੰਪਰਾਗਤ ਵੋਟ ਬੈਂਕ ਭਾਜਪਾ

ਇਸ ਤੋਂ ਇਲਾਵਾ, ਇਸ ਅੰਦੋਲਨ ਨਾਲ ਜੁੜੀਆਂ ਮਹਿਲਾ ਪ੍ਰਦਰਸ਼ਨਕਾਰੀਆਂ ਨੂੰ ਸੋਸ਼ਲ ਮੀਡੀਆ 'ਤੇ ਟ੍ਰੋਲਿੰਗ, ਡੌਕਸਿੰਗ (ਨਿੱਜੀ ਜਾਣਕਾਰੀ ਵਾਇਰਲ ਕਰਨਾ) ਅਤੇ ਗੰਭੀਰ ਧਮਕੀਆਂ ਦਾ ਸਾਹਮਣਾ ਕਰਨਾ ਪਿਆ। ਮਨੁੱਖੀ ਅਧਿਕਾਰ ਕਾਰਕੁਨਾਂ ਅਨੁਸਾਰ ਅਜਿਹੀਆਂ ਕਾਰਵਾਈਆਂ ਲੋਕਤੰਤਰੀ ਢਾਂਚੇ ਵਿੱਚ ਅਸਹਿਮਤੀ ਅਤੇ ਵਿਰੋਧ ਪ੍ਰਗਟਾਉਣ ਦੇ ਅਧਿਕਾਰ ਨੂੰ ਕੁਚਲਣ ਦੇ ਬਰਾਬਰ ਹਨ।

### ਆਈ.ਐੱਸ.ਆਈ. ਦੀ ਮਿਥ ਅਤੇ ਪੰਜਾਬ ਪੁਲਿਸ ਦਾ ਸਪੱਸ਼ਟੀਕਰਨ

ਅੰਦੋਲਨ ਦੀ ਨੈਤਿਕਤਾ ਨੂੰ ਢਾਹ ਲਾਉਣ ਅਤੇ ਇਸ ਨੂੰ 'ਦੇਸ਼-ਵਿਰੋਧੀ' ਜਾਂ ਪਾਕਿਸਤਾਨੀ ਗੁਪਤਚਰ ਏਜੰਸੀ ਆਈ.ਐਸ.ਆਈ. ਨਾਲ ਜੋੜਨ ਦੀਆਂ ਕੋਸ਼ਿਸ਼ਾਂ ਵੀ ਚਰਚਾ ਦਾ ਹਿੱਸਾ ਰਹੀਆਂ ਹਨ। ਹਾਲਾਂਕਿ, ਪੰਜਾਬ ਪੁਲਿਸ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਐਡਿਟ ਕੀਤੀਆਂ ਵੀਡੀਓਜ਼ ਅਤੇ ਭਰਮਾਊ ਕੈਪਸ਼ਨਾਂ ਦਾ ਸ਼ਰੇਆਮ ਖੰਡਨ ਕੀਤਾ ਸੀ। ਪੁਲਿਸ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅੰਮ੍ਰਿਤਸਰ ਤੋਂ ਫੜੇ ਗਏ ਅੱਤਵਾਦੀ ਮੋਡੀਊਲ ਦਾ ਜੰਤਰ-ਮੰਤਰ 'ਤੇ ਚੱਲ ਰਹੇ ਵਿਦਿਆਰਥੀ ਪ੍ਰਦਰਸ਼ਨ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

ਗ੍ਰਿਫ਼ਤਾਰ ਦੋਸ਼ੀਆਂ ਨੇ ਸਿਰਫ਼ ਉੱਥੇ ਰੇਕੀ ਕੀਤੀ ਸੀ। ਝੂਠੀਆਂ ਖ਼ਬਰਾਂ ਅਤੇ ਐਡਿਟ ਕੀਤੀਆਂ ਵੀਡੀਓਜ਼ ਰਾਹੀਂ ਜਨਤਾ ਨੂੰ ਗੁੰਮਰਾਹ ਕਰਨ ਵਾਲੇ ਸੋਸ਼ਲ ਮੀਡੀਆ ਹੈਂਡਲਾਂ ਵਿਰੁੱਧ ਆਈ.ਟੀ. ਐਕਟ ਤਹਿਤ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ, ਜਿਸ ਤੋਂ ਬਾਅਦ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਭੁਲਰ ਦਾ ਤਬਾਦਲਾ ਵੀ ਘਟਨਾਕ੍ਰਮ ਦਾ ਅਹਿਮ ਹਿੱਸਾ ਬਣਿਆ।

### ਅਦਾਲਤਾਂ ਦਾ ਨਜ਼ਰੀਆ ਅਤੇ ਸੰਵਿਧਾਨਕ ਅਧਿਕਾਰ

ਅਦਾਲਤਾਂ ਨੇ ਸਮੇਂ-ਸਮੇਂ 'ਤੇ ਇਹ ਸਪੱਸ਼ਟ ਕੀਤਾ ਹੈ ਕਿ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਰਨਾ ਭਾਰਤੀ ਸੰਵਿਧਾਨ ਦੁਆਰਾ ਨਾਗਰਿਕਾਂ ਨੂੰ ਦਿੱਤਾ ਗਿਆ ਇੱਕ ਮੌਲਿਕ ਅਧਿਕਾਰ ਹੈ। ਸੁਪਰੀਮ ਕੋਰਟ ਨੇ ਸਾਲ 2018 ਦੇ ਆਪਣੇ ਇੱਕ ਮਹੱਤਵਪੂਰਨ ਫੈਸਲੇ ਵਿੱਚ ਸਾਫ਼ ਕਿਹਾ ਸੀ ਕਿ ਜੰਤਰ-ਮੰਤਰ ਵਰਗੀਆਂ ਥਾਵਾਂ 'ਤੇ ਸ਼ਾਂਤੀਪੂਰਨ ਪ੍ਰਦਰਸ਼ਨਾਂ 'ਤੇ ਪੂਰਨ ਬੈਨ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਲੋਕਾਂ ਦੀ ਆਵਾਜ਼ ਸੰਸਦ ਤੱਕ ਪਹੁੰਚਣਾ ਲੋਕਤੰਤਰ ਲਈ ਜ਼ਰੂਰੀ ਹੈ। ਹਾਲ ਹੀ ਵਿੱਚ ਜੰਤਰ-ਮੰਤਰ ਤੋਂ ਪ੍ਰਦਰਸ਼ਨ ਸਥਾਨ ਨੂੰ ਰਾਮਲੀਲਾ ਮੈਦਾਨ ਵਿੱਚ ਤਬਦੀਲ ਕਰਨ ਦੀਆਂ ਮੰਗਾਂ ਵਾਲੀਆਂ ਯਾਚਿਕਾਵਾਂ 'ਤੇ ਅਦਾਲਤੀ ਸੁਣਵਾਈ ਦੌਰਾਨ ਇਹ ਬਹਿਸ ਮੁੜ ਸਾਹਮਣੇ ਆਈ ਹੈ ਕਿ ਸਰਕਾਰਾਂ ਨੂੰ ਪ੍ਰਦਰਸ਼ਨ ਦੇ ਅਧਿਕਾਰ ਨੂੰ ਸੀਮਤ ਕਰਨ ਦੀ ਬਜਾਏ ਨਾਗਰਿਕਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ।

ਡਿਜੀਟਲ ਦੌਰ ਵਿੱਚ ਜਾਣਕਾਰੀ ਦਾ ਪ੍ਰਵਾਹ ਬਹੁਤ ਤੇਜ਼ੀ ਨਾਲ ਬਦਲਦਾ ਹੈ। ਜਿਹੜੇ ਪਲੇਟਫਾਰਮ ਕਿਸੇ ਸਮੇਂ ਸੱਤਾਧਾਰੀ ਧਿਰ ਲਈ ਅਨੁਕੂਲ ਨੈਰੇਟਿਵ ਬਣਾਉਣ ਦਾ ਜ਼ਰੀਆ ਸਨ, ਉਹੋ ਅੱਜ ਜਨਤਕ ਬੇਚੈਨਗੀ ਅਤੇ ਨੌਜਵਾਨਾਂ ਦੇ ਰੋਸ ਦਾ ਮਾਧਿਅਮ ਬਣ ਰਹੇ ਹਨ। ਸਰਕਾਰਾਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਅੰਦੋਲਨਾਂ ਨੂੰ ਸਿਰਫ਼ 'ਦੇਸ਼-ਵਿਰੋਧੀ' ਦਾ ਲੇਬਲ ਲਗਾ ਕੇ ਜਾਂ ਪ੍ਰਸ਼ਾਸਨਿਕ ਦਬਾਅ ਨਾਲ ਸਮਾਪਤ ਨਹੀਂ ਕੀਤਾ ਜਾ ਸਕਦਾ। ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦਾ ਇਹ ਬਿਆਨ ਕਿ 'ਹਰ ਅੰਦੋਲਨ ਦੇਸ਼-ਵਿਰੋਧੀ ਨਹੀਂ ਹੁੰਦਾ' ਅਤੇ 'ਜਨਰੇਸ਼ਨ ਜ਼ੀ ਨਾਲ ਸੰਵਾਦ ਰਚਾਉਣਾ ਚਾਹੀਦਾ ਹੈ', ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸਮੱਸਿਆਵਾਂ ਦਾ ਸਥਾਈ ਹੱਲ ਸਖ਼ਤੀ ਨਾਲ ਨਹੀਂ ਬਲਕਿ ਪਾਰਦਰਸ਼ੀ ਸੰਵਾਦ, ਲੋਕਤੰਤਰੀ ਮੁਲ੍ਹਾਂ ਦੀ ਰੱਖਿਆ ਅਤੇ ਨੀਤੀਗਤ ਸੁਧਾਰਾਂ ਨਾਲ ਹੀ ਸੰਭਵ ਹੈ।

***

## ਕੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਹੋਵੇਗਾ ਸਿਆਸੀ ਗੱਠਜੋੜ ?

ਤਾਂ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸਪੱਸ਼ਟ ਕੀਤਾ ਹੈ ਕਿ ਭਾਜਪਾ ਅਕਾਲੀ ਦਲ ਨਾਲ ਕੋਈ ਚੋਣ ਸਮਝੌਤਾ ਨਹੀਂ ਕਰੇਗੀ ਅਤੇ ਪਾਰਟੀ ਆਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ 'ਤੇ ਸਾਰੀਆਂ 117 ਸੀਟਾਂ 'ਤੇ ਇਕੱਲਿਆਂ ਲੜਨ ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਵੀ ਜੂਨ 2026 ਵਿੱਚ ਆਪਣੇ ਪੰਜਾਬ ਦੌਰੇ ਦੌਰਾਨ ਇਹੀ ਐਲਾਨ ਕੀਤਾ ਸੀ ਕਿ ਪਾਰਟੀ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ।

ਸੁਖਬੀਰ ਬਾਦਲ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਮੀਟਿੰਗ ਬਾਰੇ ਟਿੱਪਣੀ ਕਰਦਿਆਂ ਕੇਵਲ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੂੰ ਕੋਈ ਵੀ ਮਿਲ ਸਕਦਾ ਹੈ ਕਿਉਂਕਿ ਸੁਖਬੀਰ ਬਾਦਲ ਸੂਬੇ ਦੇ ਉਪ ਮੁੱਖ ਮੰਤਰੀ ਰਹੇ ਹਨ ਅਤੇ ਲੋਕ ਸਭਾ ਮੈਂਬਰ ਰਹੇ ਹਨ, ਇਸ ਲਈ ਉਹ ਪ੍ਰਧਾਨ ਮੰਤਰੀ ਨੂੰ ਮਿਲ ਸਕਦੇ ਹਨ। ਦੋਵਾਂ ਪਾਰਟੀਆਂ ਨੇ ਹੁਣ ਤੱਕ ਇਹੀ ਰੁਖ ਰੱਖਿਆ ਹੈ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ ਇਕੱਲੇ ਹੀ ਮੈਦਾਨ ਵਿੱਚ ਉਤਰਨਗੀਆਂ।

ਅਕਾਲੀ ਦਲ ਬਾਦਲ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਹੈ। ਇਸ ਪਾਰਟੀ ਦਾ ਪ੍ਰਭਾਵ ਪੇਂਡੂ ਅਤੇ ਸਿੱਖ-ਪ੍ਰਭਾਵਸ਼ਾਲੀ ਖੇਤਰਾਂ ਵਿੱਚ ਕੇਂਦ੍ਰਿਤ ਮੰਨਿਆ ਜਾਂਦਾ ਹੈ ਜਦੋਂਕਿ ਭਾਜਪਾ ਸ਼ਹਿਰੀ ਖੇਤਰਾਂ ਅਤੇ ਕੁਝ ਨਵੇਂ ਸਮਾਜਿਕ ਵਰਗਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦੋਵਾਂ ਪਾਰਟੀਆਂ ਵਿਚਕਾਰ ਸੰਭਾਵੀ ਗੱਠਜੋੜ ਚੋਣ ਮੁਕਾਬਲੇ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ।

ਕੁਝ ਸਿਆਸੀ ਆਗੂ ਕਹਿੰਦੇ ਹਨ ਕਿ ਜਦੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਉਂਦੇ ਸਨ ਤਾਂ ਉਹਨਾਂ ਦੀ ਨਰਮਾਈ ਵਾਲੀ ਸਿਆਸਤ ਤੋਂ ਭਾਜਪਾ ਦੇ ਆਗੂ ਵੀ ਕਾਇਲ ਸਨ। ਜਿਸ ਕਰਕੇ ਲੰਬਾ ਸਮਾਂ ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਸਿਆਸੀ ਸਾਂਝ ਪਈ ਰਹੀ ਪਰ ਸੁਖਬੀਰ ਬਾਦਲ ਦੀ ਕਾਰਜਸ਼ੈਲੀ ਕੁਝ ਭਾਜਪਾ ਆਗੂਆਂ ਨੂੰ ਰਾਸ ਨਹੀਂ ਆ ਰਹੀ। ਇਸ ਕਾਰਨ ਦੋਵਾਂ ਸਿਆਸੀ ਪਾਰਟੀਆਂ ਦੀ ਸਿਆਸੀ ਸਾਂਝ ਪੈਦਾ ਹੋਣ ਵਿੱਚ ਅੜਿੱਕੇ ਲੱਗ ਰਹੇ ਹਨ। ਸੁਖਬੀਰ ਬਾਦਲ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਉਹ ਬਾਦਲ ਦਲ ਦੇ ਪ੍ਰਧਾਨ ਹਨ। ਉਹਨਾਂ ਨੂੰ ਰਾਜਨੀਤੀ ਦਾ ਵਿਸ਼ਾਲ ਤਜ਼ਰਬਾ ਹੈ। ਪਿਛਲੇ ਕੁਝ ਸਮੇਂ ਤੋਂ ਸੁਖਬੀਰ ਬਾਦਲ ਪੰਜਾਬ ਦੀ ਸਿਆਸਤ ਵਿੱਚ ਕਾਫੀ ਸਰਗਰਮ ਹੋ ਗਏ ਹਨ ਅਤੇ ਉਹਨਾਂ ਵੱਲੋਂ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਬਾਦਲ ਦੇ ਵੱਖ -ਵੱਖ ਹਲਕਿਆਂ ਤੋਂ ਕਈ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਬਾਦਲ ਦਲ ਦਾ ਕਬਜ਼ਾ ਹੋਣ ਕਾਰਨ ਅਤੇ ਚੋਣ ਨਿਸ਼ਾਨ 'ਤੱਕੜੀ' ਅਕਾਲੀ ਦਲ ਬਾਦਲ ਕੋਲ ਹੋਣ ਕਾਰਨ ਅਕਾਲੀ ਦਲ ਬਾਦਲ ਦੀ ਸਥਿਤੀ ਹੋਰਨਾਂ ਅਕਾਲੀ ਦਲਾਂ ਦੇ ਮੁਕਾਬਲੇ ਮਜ਼ਬੂਤ ਮੰਨੀ ਜਾਂਦੀ ਹੈ। ਜੇ ਅਕਾਲੀ ਦਲ ਬਾਦਲ ਦਾ ਭਾਜਪਾ ਨਾਲ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾ ਸਿਆਸੀ ਗਠਜੋੜ ਹੋ ਜਾਂਦਾ ਹੈ ਤਾਂ ਦੋਵੇਂ ਪਾਰਟੀਆਂ ਪੰਜਾਬ ਵਿੱਚ ਨਵਾਂ ਸਿਆਸੀ ਇਤਿਹਾਸ ਸਿਰਜ ਸਕਦੀਆਂ ਹਨ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੁਖਬੀਰ ਬਾਦਲ ਵੱਲੋਂ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਗਈ ਮੁਲਾਕਾਤ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਕੀ ਇਹ ਚੰਦਾ ਚੋਰ ਪਾਰਟੀ ਅਤੇ ਬੇਅਦਬੀ ਪਾਰਟੀ ਵਿਚਾਲੇ ਚੋਣ ਗਠਜੋੜ ਹੋ ਰਿਹਾ ਹੈ ?

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨਰੇਸ਼ ਗੁਜਰਾਲ ਨੇ ਆਪਣੀ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਹੋਈ ਹਾਲੀਆ ਮੁਲਾਕਾਤ ਨੂੰ ਗਠਜੋੜ ਦਾ ਪੱਕਾ ਫ਼ੈਸਲਾ ਨਾ ਮੰਨਦਿਆਂ ਇਸ ਨੂੰ 'ਇਹ ਮੂੰਹ ਦਿਖਾਈ ਹੈ, ਰੋਕਾ ਨਹੀਂ' ਕਰਾਰ ਦਿੱਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਜਰਾਲ ਨੇ ਕਿਹਾ ਕਿ ਇਸ ਮੀਟਿੰਗ ਦਾ ਸਪੱਸ਼ਟ ਸੰਕੇਤ ਇਹ ਹੈ ਕਿ ਦੋਵਾਂ ਪੁਰਾਣੀਆਂ ਭਾਈਵਾਲ ਪਾਰਟੀਆਂ ਵਿਚਾਲੇ ਲੰਬੇ ਸਮੇਂ ਤੋਂ ਬੰਦ ਪਏ ਦਰਵਾਜ਼ੇ ਹੁਣ ਥੋੜ੍ਹੇ ਜਿਹੇ ਖੁੱਲ੍ਹ ਗਏ ਹਨ। ਇਸੇ ਤਰ੍ਹਾਂ ਵੱਖ- ਵੱਖ ਸਿਆਸੀ ਨੇਤਾਵਾਂ ਨੇ ਇਸ ਮੁਲਾਕਾਤ ਬਾਰੇ ਆਪਣੇ ਬਿਆਨ ਦਿੱਤੇ ਹਨ, ਜਿਸ ਕਾਰਨ ਪੰਜਾਬ ਦੀ ਰਾਜਨੀਤੀ ਵਿੱਚ ਹਲਚਲ ਹੋਣ ਲੱਗੀ ਹੈ ਅਤੇ ਕਈ ਤਰ੍ਹਾਂ ਦੀਆਂ ਸਿਆਸੀ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ। ਜਿਵੇਂ ਜਿਵੇਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਜਾਵੇਗਾ, ਉਵੇਂ ਹੀ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੁੰਦੀਆਂ ਜਾਣਗੀਆਂ ਅਤੇ ਨਵੇਂ ਸਿਆਸੀ ਸਮੀਕਰਨ ਬਣ ਕੇ ਉਭਰਨਗੇ।

***

## ਕੈਨੇਡਾ ਦੀਆਂ ਬਦਲੀਆਂ ਇਮੀਗ੍ਰੇਸ਼ਨ ਨੀਤੀਆਂ

ਇਹ ਅੰਕੜਾ ਸਪਸ਼ਟ ਦਰਸਾਉਂਦਾ ਹੈ ਕਿ ਕੈਨੇਡਾ ਸਰਕਾਰ ਆਪਣੀਆਂ ਆਰਥਿਕ ਮੁਸ਼ਕਲਾਂ, ਹਾਊਸਿੰਗ ਸੰਕਟ (ਮਕਾਨਾਂ ਦੀ ਘਾਟ) ਅਤੇ ਸਥਾਨਕ ਰਾਜਨੀਤਿਕ ਦਬਾਅ ਦਾ ਭੜਾਸ ਕੌਮਾਂਤਰੀ ਵਿਦਿਆਰਥੀਆਂ 'ਤੇ ਕੱਢ ਰਹੀ ਹੈ। ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਇਹ ਭਾਰੀ ਗਿਰਾਵਟ ਇਸ ਗੱਲ ਦਾ ਸਬੂਤ ਹੈ ਕਿ ਕੈਨੇਡਾ ਵੱਲੋਂ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਸਖ਼ਤ ਕੀਤਾ ਜਾ ਰਿਹਾ ਹੈ, ਪਰ ਇਸ ਦਾ ਖ਼ਾਮਿਆਜ਼ਾ ਉਨ੍ਹਾਂ ਵਿਦਿਆਰਥੀਆਂ ਨੂੰ ਭੁਗਤਣਾ ਪੈ ਰਿਹਾ ਹੈ ਜੋ ਪਹਿਲਾਂ ਹੀ ਕੈਨੇਡਾ ਵਿੱਚ ਮੌਜੂਦ ਹਨ ਅਤੇ ਜਿਨ੍ਹਾਂ ਨੇ ਪੁਰਾਣੇ ਨਿਯਮਾਂ ਅਨੁਸਾਰ ਆਪਣੇ ਸੁਪਨੇ ਸਜਾਏ ਸਨ।

ਕੀ ਵਿਦਿਆਰਥੀਆਂ ਦੀਆਂ ਮੰਗਾਂ ਜਾਇਜ ਹਨ ?

ਧਰਨੇ 'ਤੇ ਬੈਠੇ ਵਿਦਿਆਰਥੀਆਂ ਦੀਆਂ ਮੰਗਾਂ ਬਿਲਕੁਲ ਸਪਸ਼ਟ, ਵਾਜਬ ਅਤੇ ਨਿਆਂਪੂਰਨ ਹਨ ਸੁਖਮਨੀ ਕੌਰ ਅਤੇ ਇੰਦਰਜੀਤ ਸਿੰਘ ਵਰਗੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਸਰਕਾਰ ਤੋਂ ਸਿੱਧੀ ਪੱਕੀ ਰਿਹਾਇਸ਼ ਨਹੀਂ ਮੰਗ ਰਹੇ, ਸਗੋਂ ਕੇਵਲ ਆਪਣੀ ਪੜ੍ਹਾਈ ਦੇ ਬਦਲੇ ਕੈਨੇਡਾ ਵਿੱਚ ਕੰਮ ਕਰਨ ਦਾ ਹੱਕ ਵਰਕ ਪਰਮਿਟ ਮੰਗ ਰਹੇ ਹਨ, ਤਾਂ ਜ਼ੋ ਉਹ ਆਪਣੇ ਖ਼ਰਚੇ ਪੂਰੇ ਕਰ ਸਕਣ ਅਤੇ ਕੈਨੇਡੀਅਨ ਵਰਕ ਐਕਸਪੀਰੀਐਂਸ ਨਾਲ ਆਪਣੇ ਭਵਿੱਖ ਨੂੰ ਸੰਵਾਰ ਸਕਣ।

ਵਿਦਿਆਰਥੀ ਮੰਗ ਕਰ ਰਹੇ ਹਨ ਕਿ ਇਮੀਗ੍ਰੇਸ਼ਨ ਵਿਭਾਗ ਵੱਲੋਂ ਰੱਦ ਕੀਤੇ ਗਏ ਕੇਸਾਂ ਦੀ ਮੁੜ ਸਮੀਖਿਆ ਕੀਤੀ ਜਾਵੇ।

ਕਾਨੂੰਨੀ ਮਾਹਰਾਂ ਅਤੇ ਵਕੀਲਾਂ ਅਨੁਸਾਰ, ਵਿਦਿਆਰਥੀਆਂ ਕੋਲ ਰੱਦ ਹੋਏ ਫ਼ੈਸਲੇ ਦੇ 15 ਦਿਨਾਂ ਦੇ ਅੰਦਰ ਰਿਵਿਊ ਪਟੀਸ਼ਨ ਪਾਉਣ ਦਾ ਬਦਲ ਹੈ। ਪਰ ਅਦਾਲਤੀ ਪ੍ਰਕਿਰਿਆ ਲੰਬੀ, ਖ਼ਰਚੀਲੀ ਅਤੇ ਅਨਿਸ਼ਚਿਤਤਾ ਨਾਲ ਭਰੀ ਹੋਈ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਸਪਸ਼ਟ ਮੰਨਣਾ ਹੈ ਕਿ ਇਹ ਵਿਦਿਆਰਥੀਆਂ ਨਾਲ ਇੱਕ ਤਰ੍ਹਾਂ ਦਾ ਨੀਤੀਗਤ ਘੁਟਾਲਾ ਹੈ, ਜਿਸ ਵਿੱਚ ਵਿਦਿਆਰਥੀਆਂ ਦਾ ਕੋਈ ਕਸੂਰ ਨਹੀਂ ਹੈ, ਪਰ ਸਾਰਾ ਹਰਜਾਨਾ ਉਨ੍ਹਾਂ ਨੂੰ ਹੀ ਭਰਨਾ ਪੈ ਰਿਹਾ ਹੈ। ਕੈਨੇਡਾ ਸਰਕਾਰ ਨੂੰ ਇਹ ਗੱਲ ਭਲੀ-ਭਾਂਤ ਸਮਝਣੀ ਚਾਹੀਦੀ ਹੈ ਕਿ ਇਮੀਗ੍ਰੇਸ਼ਨ ਨੀਤੀਆਂ ਵਿੱਚ ਪਿਛਲੀ ਤਾਰੀਖ਼ ਤੋਂ ਬਦਲਾਅ ਕਰਕੇ ਵਿਦਿਆਰਥੀਆਂ ਦਾ ਹੱਕ ਖੋਹਣਾ ਨੈਤਿਕ, ਕਾਨੂੰਨੀ ਅਤੇ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਦੇ ਬਿਲਕੁਲ ਖ਼ਿਲਾਫ਼ ਹੈ। ਇਸ ਸੰਕਟ ਦੇ ਹੱਲ ਲਈ ਹੇਠ ਲਿਖੇ ਕਦਮ ਤੁਰੰਤ ਚੁੱਕੇ ਜਾਣੇ ਚਾਹੀਦੇ ਹਨ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਨਵੇਂ ਨਿਯਮਾਂ ਨੂੰ ਕੇਵਲ ਭਵਿੱਖ ਵਿੱਚ ਆਉਣ ਵਾਲੇ ਨਵੇਂ ਵਿਦਿਆਰਥੀਆਂ 'ਤੇ ਲਾਗੂ ਕਰੇ। ਜਿਨ੍ਹਾਂ ਵਿਦਿਆਰਥੀਆਂ ਨੇ ਨਵੇਂ ਨਿਯਮ ਲਾਗੂ ਹੋਣ ਤੋਂ ਪਹਿਲਾਂ ਕਾਲਜਾਂ ਵਿੱਚ ਦਾਖਲਾ ਲਿਆ ਸੀ, ਉਨ੍ਹਾਂ ਨੂੰ ਪੁਰਾਣੇ ਨਿਯਮਾਂ ਅਨੁਸਾਰ ਹੀ ਵਰਕ ਪਰਮਿਟ ਜਾਰੀ ਕੀਤੇ ਜਾਣ।

ਜਿਨ੍ਹਾਂ ਪ੍ਰਾਈਵੇਟ ਅਤੇ ਪਾਰਟਨਰਸ਼ਿਪ ਕਾਲਜਾਂ ਨੇ ਗੁੰਮਰਾਹਕੁੰਨ ਦਾਅਵੇ ਕਰਕੇ ਵਿਦਿਆਰਥੀਆਂ ਤੋਂ ਮੋਟੀਆਂ ਫ਼ੀਸਾਂ ਉਗਰਾਹੀਆਂ, ਉਨ੍ਹਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜੇਕਰ ਉਹ ਵਰਕ ਪਰਮਿਟ ਦਿਵਾਉਣ ਵਿੱਚ ਅਸਮਰੱਥ ਹਨ, ਤਾਂ ਵਿਦਿਆਰਥੀਆਂ ਦੀਆਂ ਫ਼ੀਸਾਂ ਦਾ ਪੂਰਾ ਰਿਫ਼ੰਡ (ਪੈਸੇ ਵਾਪਸੀ) ਕਰਵਾਇਆ ਜਾਵੇ।

***

## ਮੋਦੀ ਦੇ 2021 ਤੋਂ 2026 ਤੱਕ ਦੇ ਵਿਦੇਸ਼ੀ ਦੌਰਿਆਂ

ਫ਼ੈਸਲੇ ਤੇਜ਼ੀ ਨਾਲ ਹੁੰਦੇ ਹਨ। ਵਿਦੇਸ਼ੀ ਦੌਰਿਆਂ ਦੌਰਾਨ ਕਈ ਦੁਵੱਲੇ ਸਮਝੌਤੇ ਅਤੇ ਨਿਵੇਸ਼ ਦੀਆਂ ਘੋਸ਼ਣਾਵਾਂ ਹੁੰਦੀਆਂ ਹਨ। ਸਰਕਾਰ ਅਨੁਸਾਰ ਇਨ੍ਹਾਂ ਯਾਤਰਾਵਾਂ ਦੇ ਨਤੀਜੇ ਵਜੋਂ ਦੇਸ਼ ਵਿੱਚ ਅਰਬਾਂ ਡਾਲਰ ਦਾ ਵਿਦੇਸ਼ੀ ਸਿੱਧਾ ਨਿਵੇਸ਼ ਆਉਂਦਾ ਹੈ, ਜੋ ਦੇਸ਼ ਦੇ ਆਰਥਿਕ ਵਿਕਾਸ ਵਿੱਚ ਮਦਦ ਕਰਦਾ ਹੈ। ਕਈ ਦੌਰਿਆਂ ਦਾ ਮੁੱਖ ਮਕਸਦ ਆਧੁਨਿਕ ਰੱਖਿਆ ਉਪਕਰਣ, ਤਕਨਾਲੋਜੀ ਅਤੇ ਅੱਤਵਾਦ ਵਿਰੋਧੀ ਸਹਿਯੋਗ ਹਾਸਲ ਕਰਨਾ ਹੁੰਦਾ ਹੈ।

ਜੀ 7, ਜੀ 20, ਬਰਿਕਸ ਵਰਗੇ ਗਲੋਬਲ ਸੰਮੇਲਨਾਂ ਵਿੱਚ ਭਾਰਤ ਦੀ ਨੁਮਾਇੰਦਗੀ ਨਾਲ ਵਿਸ਼ਵ ਪੱਧਰ 'ਤੇ ਦੇਸ਼ ਦੀ ਆਵਾਜ਼ ਮਜ਼ਬੂਤ ਹੁੰਦੀ ਹੈ। ਦੂਜੇ ਪਾਸੇ ਵਿਰੋਧੀ ਧਿਰਾਂ ਅਤੇ ਆਲੋਚਕਾਂ ਦਾ ਤਰਕ ਹੈ ਕਿ ਸੌ-ਸੌ ਕਰੋੜ ਤੋਂ ਵੱਧ ਦੇ ਖਰਚੇ ਦੇਸ਼ ਦੇ ਖਜ਼ਾਨੇ 'ਤੇ ਵੱਡਾ ਬੋਝ ਹਨ ਅਤੇ ਇਹ ਪੈਸਾ ਦੇਸ਼ ਦੇ ਅੰਦਰੂਨੀ ਵਿਕਾਸ ਜਾਂ ਲੋਕ ਭਲਾਈ ਯੋਜਨਾਵਾਂ 'ਤੇ ਵਰਤਿਆ ਜਾ ਸਕਦਾ ਸੀ। ਆਲੋਚਕ ਇਹ ਵੀ ਸਵਾਲ ਚੁੱਕਦੇ ਹਨ ਕਿ ਕੀ ਸਾਰੇ ਸਮਝੌਤਿਆਂ ਦਾ ਜ਼ਮੀਨੀ ਪੱਧਰ 'ਤੇ ਪੂਰਾ ਲਾਭ ਮਿਲਦਾ ਹੈ ਜਾਂ ਇਹ ਸਿਰਫ਼ ਐਲਾਨਾਂ ਤੱਕ ਸੀਮਤ ਰਹਿ ਜਾਂਦੇ ਹਨ। ਕਈ ਆਲੋਚਕਾਂ ਦਾ ਮੰਨਣਾ ਹੈ ਕਿ ਅੱਜ-ਕੱਲ੍ਹ ਵਰਚੁਅਲ (ਆਨਲਾਈਨ) ਸੰਮੇਲਨਾਂ ਅਤੇ ਰਾਜਦੂਤਾਂ/ਵਿਦੇਸ਼ ਮੰਤਰੀਆਂ ਰਾਹੀਂ ਵੀ ਕਈ ਮੁੱਦੇ ਹੱਲ ਕੀਤੇ ਜਾ ਸਕਦੇ ਹਨ, ਜਿਸ ਨਾਲ ਯਾਤਰਾ ਖਰਚੇ ਘਟਾਏ ਜਾ ਸਕਦੇ ਹਨ।

ਨਿਰਪੱਖ ਹਲਕਿਆਂ ਦਾ ਮੰਨਣਾ ਹੈ ਕਿ ਕੂਟਨੀਤਕ ਨਜ਼ਰੀਏ ਤੋਂ ਵਿਦੇਸ਼ੀ ਦੌਰੇ ਦੇਸ਼ ਦੀ ਵਿਦੇਸ਼ ਨੀਤੀ ਅਤੇ ਆਰਥਿਕ ਹਿੱਤਾਂ ਲਈ ਜ਼ਰੂਰੀ ਮੰਨੇ ਜਾਂਦੇ ਹਨ, ਜਦੋਂ ਕਿ ਪ੍ਰਸ਼ਾਸਨਿਕ ਅਤੇ ਵਿੱਤੀ ਨਜ਼ਰੀਏ ਤੋਂ ਇਨ੍ਹਾਂ ਦੇ ਖਰਚਿਆਂ ਅਤੇ ਠੋਸ ਨਤੀਜਿਆਂ 'ਤੇ ਲਗਾਤਾਰ ਬਹਿਸ ਚੱਲਦੀ ਰਹਿੰਦੀ ਹੈ।

## ਵਾਤਾਵਰਣ ਦੀ ਸ਼ੁੱਧਤਾ ’ਚ ਜੰਗਲਾਂ

ਇਹ ਖੇਤਾਂ ਵਿੱਚ ਨਵੀਂ ਫ਼ਸਲ ਦਾ ਸਵਾਗਤ ਕਰਨ ਲਈ ਮਨਾਇਆ ਜਾਂਦਾ ਹੈ। ਲੋਕ ਇਕੱਠੇ ਹੁੰਦੇ ਹਨ ਅਤੇ ਜਸ਼ਨ ਮਨਾਉਂਦੇ ਹਨ। ਇਹ ਭਾਈਚਾਰੇ ਦਾ ਤਿਉਹਾਰ ਵੀ ਹੈ। ਇਹ ਸਾਰੇ ਭੋਜਨ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਇਹ ਭੁੱਖ ਅਤੇ ਕੁਪੋਸ਼ਣ ਨੂੰ ਦੂਰ ਕਰਦੇ ਹਨ, ਖਾਸ ਕਰਕੇ ਜਦੋਂ ਲੋਕ ਬੇਰੁਜ਼ਗਾਰ ਹੁੰਦੇ ਹਨ, ਪੈਸੇ ਦੀ ਘਾਟ ਵਾਲੇ ਹੁੰਦੇ ਹਨ, ਅਤੇ ਭੋਜਨ ਤੱਕ ਪਹੁੰਚ ਦੀ ਘਾਟ ਹੁੰਦੀ ਹੈ। ਇਹ ਕੁਦਰਤੀ ਤੌਰ ’ਤੇ ਪ੍ਰਦਾਨ ਕੀਤਾ ਜਾਣ ਵਾਲਾ ਭੋਜਨ ਹਰ ਕਿਸੇ ਲਈ ਮੁਫ਼ਤ ਅਤੇ ਆਸਾਨੀ ਨਾਲ ਉਪਲਬਧ ਹੁੰਦਾ ਹੈ। ਜੰਗਲਾਂ ਦੀ ਰੱਖਿਆ ਕਰਨਾ ਹਮੇਸ਼ਾ ਕਬਾਇਲੀ ਪਰੰਪਰਾ ਦਾ ਹਿੱਸਾ ਰਿਹਾ ਹੈ। ਇਹ ਉਨ੍ਹਾਂ ਦੀਆਂ ਪਰੰਪਰਾਵਾਂ ਤੋਂ ਸਮਝਿਆ ਜਾ ਸਕਦਾ ਹੈ। ਬਸਤਰ ਦੇ ਜੰਗਲ ਦੇਸੀ ਮੌਸਮੀ ਫਲਾਂ ਅਤੇ ਜੰਗਲੀ ਭੋਜਨ ਨਾਲ ਭਰਪੂਰ ਹਨ, ਜੋ ਪਿੰਡ ਵਾਸੀ ਇਕੱਠੇ ਕਰਦੇ ਹਨ। ਭਾਵੇਂ ਖੇਤੀਬਾੜੀ ਹੋਵੇ ਜਾਂ ਜੰਗਲੀ ਉਪਜ, ਇਨ੍ਹਾਂ ਨੂੰ ਪੂਰੀ ਤਰ੍ਹਾਂ ਪੱਕਣ ਤੱਕ ਨਹੀਂ ਖਾਧਾ ਜਾਂਦਾ। ਹਰ ਪਿੰਡ ਵਿੱਚ, ਜਦੋਂ ਇਹ ਫਸਲਾਂ ਪੱਕ ਜਾਂਦੀਆਂ ਹਨ, ਤਾਂ ਇਨ੍ਹਾਂ ਨੂੰ ਪਹਿਲਾਂ ਪਿੰਡ ਦੇ ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਹੈ ਅਤੇ ਫਿਰ ਖਾਧਾ ਜਾਂਦਾ ਹੈ। ਆਦਿਵਾਸੀਆਂ ਨੇ ਇਸ ਧਰਤੀ ’ਤੇ ਸਭ ਤੋਂ ਘੱਟ ਬੋਝ ਪਾਇਆ ਹੈ, ਭਾਵ ਅੱਜ ਦੇ ਵਾਤਾਵਰਣ ਸੰਕਟ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਘੱਟ ਹੈ। ਉਨ੍ਹਾਂ ਦੀ ਜੀਵਨ ਸ਼ੈਲੀ ਕਿਰਤ-ਅਧਾਰਤ ਹੈ, ਉਨ੍ਹਾਂ ਦਾ ਜੀਵਨ ਕੁਦਰਤੀ ਸਰੋਤਾਂ ’ਤੇ ਨਿਰਭਰ ਕਰਦਾ ਹੈ। ਉਹ ਕੁਦਰਤ ਦੀ ਰੱਖਿਆ ਵਿੱਚ ਸਭ ਤੋਂ ਅੱਗੇ ਰਹੇ ਹਨ। ਉਨ੍ਹਾਂ ਦੀ ਭੋਜਨ ਸੁਰੱਖਿਆ ਗ਼ੈਰ-ਖੇਤੀਬਾੜੀ ਭੋਜਨ ’ਤੇ ਨਿਰਭਰ ਕਰਦੀ ਹੈ, ਜਿਸ ਵਿੱਚ ਜੰਗਲਾਂ ਅਤੇ ਖੇਤਾਂ ਤੋਂ ਪ੍ਰਾਪਤ ਭੋਜਨ ਸ਼ਾਮਲ ਹਨ। ਇਨ੍ਹਾਂ ਭੋਜਨਾਂ ਵਿੱਚ ਕਈ ਤਰ੍ਹਾਂ ਦੇ ਪੌਸ਼ਟਿਕ ਪੌਸ਼ਟਿਕ ਤੱਤ ਵੀ ਹੁੰਦੇ ਹਨ। ਇਹ ਨਾ ਸਿਰਫ਼ ਭੋਜਨ ਲਈ, ਸਗੋਂ ਵਾਤਾਵਰਣ ਅਤੇ ਜੈਵ ਵਿਭਿੰਨਤਾ ਲਈ ਵੀ ਮਹੱਤਵਪੂਰਨ ਹਨ। ਕੀ ਅਸੀਂ ਇਨ੍ਹਾਂ ਤੋਂ ਕੁਝ ਸਿੱਖਣਾ ਚਾਹਾਂਗੇ ?

***

## ਰੁੱਤ ਪੌਦੇ ਲਾਉਣ ਦੀ ਆਈ

ਪਿੱਪਲ ਨਿਸ਼ਾਨੀ, ਜੀਵੇ ਢੋਲਾ। ਢੋਲਾ ਜਾਨੀ, ਸਾਡੀ ਗਲੀ ਆ ਵੇ, ਤੇਰੀ ਮਿਹਰਬਾਨੀ।’

ਪ੍ਰੰਤੂ ਅੱਜ ਸਥਿਤੀ ਬਦਲ ਚੁੱਕੀ ਹੈ। ਸਾਡੇ ਵਣ, ਪੀਲੂ, ਜੰਡ, ਕਰੀਰ, ਲਸੂੜੇ, ਬਰਨੇ ਆਦਿ ਅਨੇਕਾਂ ਰੁੱਖ ਦਿਨ-ਬ-ਦਿਨ ਪੰਜਾਬ ’ਚੋਂ ਖ਼ਤਮ ਹੋ ਰਹੇ ਹਨ। ਸਾਨੂੰ ਪੌਦੇ ਲਾਉਣ ਵੇਲੇ ਉਨ੍ਹਾਂ ਰੁੱਖਾਂ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ ਜੋ ਲੋਪ ਹੋਣ ਦੀ ਸੂਚੀ ਵਿੱਚ ਸ਼ਾਮਲ ਹੋ ਚੁੱਕੇ ਹਨ। ਸਮਾਜ ਦੇ ਹਰ ਵਰਗ, ਹਰ ਬੱਚੇ, ਜਵਾਨ ਤੇ ਬਜ਼ੁਰਗ ਤੇ ਹਰ ਰਿਸ਼ਤੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪਹਿਲਾਂ ਲਾਏ ਰੁੱਖਾਂ ਨੂੰ ਸੁੱਕਣ-ਮੁੱਕਣ ਤੋਂ ਬਚਾਈਏ ਅਤੇ ਇਨ੍ਹਾਂ ਲਈ ਫ਼ਿਕਰਮੰਦ ਹੋਈਏ- ‘ਪੀਲਾ ਮੁੱਕੀਆਂ ਟਾਹਲੀਆਂ ਸੁੱਕੀਆਂ, ਸੁੱਕ ਜਾਣ ਨਾ ਰੁੱਖ ਹਰੇ-ਭਰੇ । ਆਖ ਨੀ ਨਨਾਣੇ ਤੇਰੇ ਵੀਰ ਨੂੰ, ਕਦੇ ਤਾਂ ਭੋਰਾ ਫ਼ਿਕਰ ਕਰੇ।’

ਖ਼ੁਸ਼ੀ ਦੀ ਗੱਲ ਤਾਂ ਇਹ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਅਸੀਂ ਰੁੱਖਾਂ ਪ੍ਰਤੀ ਕਾਫ਼ੀ ਜਾਗਰੂਕ ਹੋਏ ਹਾਂ। ਅਮਲੀ ਰੂਪ ਵਿੱਚ ਧਰਤ ਉੱਪਰ ਪੌਦੇ ਲੱਗਣੇ ਸ਼ੁਰੂ ਹੋਏ ਹਨ। ਅਨੇਕਾਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਨੇ ਆਪਣਾ ਕਾਰਜ ਆਰੰਭਿਆ ਹੋਇਆ ਹੈ ਤੇ ਉਹ ਕਾਮਯਾਬ ਵੀ ਹੋ ਰਹੀਆਂ ਹਨ।

ਸਾਨੂੰ ਸਭ ਨੂੰ ਆਪਣਾ ਫ਼ਰਜ਼ ਪਛਾਣਦੇ ਹੋਏ ਪੌਦੇ ਲਾਉਣ ਅਤੇ ਉਨ੍ਹਾਂ ਨੂੰ ਸੰਭਾਲਣ ਸਬੰਧੀ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਕ ਗੱਲ ਜ਼ਰੂਰ ਹੈ ਕਿ ਸਾਨੂੰ ਪੇੜ-ਪੌਦਿਆਂ ਦੀ ਵੱਧ ਤੋਂ ਵੱਧ ਸਾਂਭ-ਸੰਭਾਲ ਕਰਨੀ ਚਾਹੀਦੀ ਹੈ ਤੇ ਸੁਰਖ਼ੀਆਂ ਵਿੱਚ ਰਹਿਣ ਵਰਗੀ ਆਦਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਆਓ ! ਅਸੀਂ ਸਭ ਰਲ ਕੇ ਪੌਦੇ ਲਾਉਣ ਅਤੇ ਉਨ੍ਹਾਂ ਨੂੰ ਸੰਭਾਲਣ ਵਾਲੀ ਲਹਿਰ ਵਿਚ ਆਪਣਾ ਖ਼ੂਬ ਯੋਗਦਾਨ ਪਾ ਕੇ ਸਾਡੀ ਬੰਜਰ ਹੋ ਰਹੀ ਧਰਤ ਨੂੰ ਮੁੜ ਤੋਂ ਰੁੱਖਾਂ ਨਾਲ ਸ਼ਿੰਗਾਰ ਦੇਈਏ ਤੇ ਦੁਆ ਕਰੀਏ ਕਿ ਸਾਡੇ ਮਹਾਨ ਸਾਹਿਤਕਾਰਾਂ ਨੂੰ ਨਿਰਾਸ਼ਾ ਦੇ ਆਲਮ ਵਿੱਚ ਜਾ ਕੇ ਇਸ ਤਰ੍ਹਾਂ ਨਾ ਲਿਖਣਾ ਪਵੇ-‘ਇੱਥੋਂ ਕੁੱਲ ਪਰਿੰਦੇ ਹੀ ਉੜ ਗਏ, ਇੱਥੇ ਮੇਘ ਆਉਂਦੇ ਵੀ ਮੁੜ ਗਏ। ਇੱਥੇ ਕਰਨ ਅੱਜ ਕੁੱਲ ਬਿਰਖ ਵੀ, ਕਿਤੇ ਹੋਰ ਜਾਣ ਦੇ ਮਸ਼ਵਰੇ।

***

## ਜਦੋਂ ਗਾਇਕ ਕਰਨ ਔਜਲਾ ਨੇ

ਪੰਜਾਬੀ ਸੰਗੀਤ ਜਗਤ ਦੇ ਇਸ ਸਿਤਾਰੇ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਉਹ ਸੰਗੀਤ ਦੇ ਨਾਲ-ਨਾਲ ਆਪਣੀ ਵਿਲੱਖਣ ਫੈਸ਼ਨ ਅਤੇ ਲਗਜ਼ਰੀ ਲਾਈਫਸਟਾਈਲ ਲਈ ਵੀ ਖਾਸ ਪਛਾਣ ਰੱਖਦੇ ਹਨ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਰਨ ਔਜਲਾ ਆਪਣੀ ਮਹਿੰਗੀ ਘੜੀ ਕਾਰਨ ਚਰਚਾ ਵਿੱਚ ਆਏ ਹਨ। ਇਸ ਤੋਂ ਪਹਿਲਾਂ ਮਈ 2025 ਵਿੱਚ ਉਹ ਮਹਿੰਗੀ ਘੜੀ ਪਾ ਕੇ ਨਜ਼ਰ ਆਏ ਸਨ। ਉਸ ਵੇਲੇ ਇਸ ਦੀ ਕੀਮਤ ਕਰੀਬ 21 ਕਰੋੜ ਰੁਪਏ ਦੱਸੀ ਗਈ ਸੀ। ਇਹ ਦੁਨੀਆ ਦੀਆਂ ਸਭ ਤੋਂ ਦੁਰਲੱਭ ਲਗਜ਼ਰੀ ਘੜੀਆਂ ਵਿੱਚੋਂ ਇੱਕ ਹੈ ਅਤੇ ਇਸ ਦੀਆਂ ਸਿਰਫ਼ 55 ਘੜੀਆਂ ਹੀ ਤਿਆਰ ਕੀਤੀਆਂ ਗਈਆਂ ਹਨ।

***

## ਸ਼ਹੀਦ ਊਧਮ ਸਿੰਘ ਬਾਰੇ ਪ੍ਰਚੱਲਤ ਕਹਾਣੀਆਂ

**ਊਧਮ ਸਿੰਘ ਵੱਲੋਂ ਅਦਾਲਤ ’ਚ ਹੀਰ ’ਤੇ ਹੱਥ ਧਰ ਕੇ ਸਹੁੰ ਖਾਣ ਦਾ ਸੱਚ** : 4 ਜੂਨ 1940 ਨੂੰ ਊਧਮ ਸਿੰਘ ਦੇ ਲੰਡਨ ਦੀ ਅਦਾਲਤ ਵਿੱਚ ਬਿਆਨ ਹੋਣ ਮੌਕੇ ‘ਸੱਚ ਬੋਲਣ ਦੀ ਸਹੁੰ ਖਾਣ’ ਲਈ ‘ਹੀਰ ਦੀ ਕਿਤਾਬ ’ਤੇ ਹੱਥ ਰੱਖਣ’ ਦੀ ਕਹਾਣੀ ਮਨਘੜਤ ਅਤੇ ਸੰਕੀਰਨ ਸੋਚ ਤੋਂ ਪ੍ਰੇਰਿਤ ਹੈ। ਅਸਲੀਅਤ ਇਹ ਹੈ ਕਿ ਜੱਜ ਨੇ ਕੈਦੀ ਊਧਮ ਸਿੰਘ ਨੂੰ ਜਦੋਂ ਬਾਈਬਲ ਉੱਪਰ ਹੱਥ ਰੱਖ ਕੇ ਸਹੁੰ ਖਾਣ ਦੀ ਗੱਲ ਕੀਤੀ, ਤਾਂ ਊਧਮ ਸਿੰਘ ਨੇ ਸਹੁੰ ਖਾਣ ਤੋਂ ਇਨਕਾਰ ਕਰ ਦਿੱਤਾ। ਅਜਿਹੀ ਹਾਲਤ ਵਿੱਚ ‘ਹੱਥ ਉਤਾਹਾਂ ਚੁੱਕ ਕੇ ਸੱਚ ਬੋਲਣ ਦਾ ਪ੍ਰਣ ਲੈਣ ਦੀ ਵਿਧੀ’ ਊਧਮ ਸਿੰਘ ਵੱਲੋਂ ਅਪਣਾਈ ਗਈ, ਜੋ ਕਿ ਅਦਾਲਤ ਵੱਲੋਂ ਪ੍ਰਵਾਨ ਕੀਤੀ ਗਈ। ਇਸ ਪ੍ਰਚਲਤ ਗ਼ਲਤ ਧਾਰਨਾ ਬਾਰੇ ਖੋਜਾਰਥੀ ਸੁਖਦੀਪ ਸਿੰਘ ਬਰਨਾਲਾ ਵੱਲੋਂ ਵਿਸ਼ੇਸ਼ ਡਾਕੂਮੈਂਟਰੀ ਰਾਹੀਂ ਸ਼ਹੀਦ ਊਧਮ ਸਿੰਘ ਬਾਰੇ ਪ੍ਰਮਾਣਿਕ ਦਸਤਾਵੇਜ਼ ਇਕੱਤਰ ਕਰਕੇ, ਹੀਰ ਦੀ ਸਹੁੰ ਖਾਣ ਬਾਰੇ ਸੱਚਾਈ ਉਜਾਗਰ ਕੀਤੀ ਗਈ ਹੈ। ਬੇਸ਼ੱਕ ਊਧਮ ਸਿੰਘ ‘ਹੀਰ’ ਦਾ ਪਾਠਕ ਸੀ ਅਤੇ ਇਸ ਕਿਤਾਬ ਉਸ ਨੇ ਆਪਣੇ ਮਿੱਤਰ ਨੂੰ ਸੌਂਪੀ ਸੀ, ਪਰ ਇਸ ’ਤੇ ਹੱਥ ਰੱਖ ਕੇ ਸਹੁੰ ਖਾਣ ਦਾ ਬਿਰਤਾਂਤ ਗੁਮਰਾਹਕੁਨ ਹੈ।

**ਸ਼ਹੀਦ ਊਧਮ ਸਿੰਘ ਦੇ ਨਾਂਅ ‘ਮੁਹੰਮਦ ਸਿੰਘ ਆਜ਼ਾਦ’ ਬਾਰੇ ਅਸਲੀਅਤ** : ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ ’ਚੋਂ ਇੱਕ ਖ਼ਾਸ ਨਾਮ ‘ਮੁਹੰਮਦ ਸਿੰਘ ਆਜ਼ਾਦ’ ਸੀ। ਲੇਖਕ ਰਾਕੇਸ਼ ਕੁਮਾਰ ਨੇ ਨਵੀਆਂ ਲਿਖਤਾਂ ਵਿੱਚ ਇਸ ਬਾਰੇ ਵਿਸਤਾਰਪੂਰਵਕ ਹਵਾਲੇ ਦਰਜ ਕੀਤੇ ਹਨ, ਪਰ ਕਈ ਫ਼ਿਲਮਕਾਰਾਂ, ਨਾਵਲਕਾਰਾਂ ਅਤੇ ਸਿਆਸਤਦਾਨਾਂ ਵਲੋਂ ਨਾਂਅ ਪ੍ਰਚੱਲਤ ਕਰ ਦਿੱਤਾ ਗਿਆ ਹੈ, ‘ਰਾਮ ਮੁਹੰਮਦ ਸਿੰਘ ਆਜ਼ਾਦ’। ਦਰਅਸਲ ਸ਼ਹੀਦ ਊਧਮ ਸਿੰਘ ਦਾ ਮਿਥ ਕੇ ਸੰਘੀਕਰਣ ਕੀਤਾ ਜਾ ਰਿਹਾ ਹੈ। ਫ਼ਾਸ਼ੀਵਾਦੀ ਅਤੇ ਸੰਘੀ ਏਜੰਡੇ ਅਨੁਸਾਰ ਸ਼ਹੀਦ ਊਧਮ ਸਿੰਘ ਦਾ ਨਾਂਅ ‘ਰਾਮ ਮੁਹੰਮਦ ਸਿੰਘ ਆਜ਼ਾਦ’ ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਮਨਘੜਤ ਹੈ। ਭਾਰਤੀ ਮੀਡੀਆ ਨੇ ਵੀ ਸੰਘੀ ਪ੍ਰਣਾਲੀ ਥੱਲੇ ਜਾਣ-ਬੁਝ ਕੇ ਊਧਮ ਸਿੰਘ ਦਾ ਨਾਂਅ ਵਿਗਾੜਿਆ ਹੈ। ਸ਼ਹੀਦ ਊਧਮ ਸਿੰਘ ਨੇ ਜਦ ਖ਼ੁਦ ਆਪਣਾ ਨਾਂਅ ‘ਮੁਹੰਮਦ ਸਿੰਘ ਆਜ਼ਾਦ’ ਲਿਖਿਆ ਹੈ, ਤਾਂ ਕਿਸੇ ਨੂੰ ਉਸ ਦਾ ਨਾਂਅ ਵਿਗਾੜਨ ਦਾ ਕੋਈ ਹੱਕ ਨਹੀਂ।

**ਪੈਂਟਨਵਿਲੇ ਜੇਲ੍ਹ ਲੰਡਨ ’ਚ ਊਧਮ ਸਿੰਘ ਨੂੰ ਫ਼ਾਂਸੀ ਮਗਰੋਂ ਦਫ਼ਨਾਏ ਜਾਣ ਦੀ ਸੱਚਾਈ** : ਬ੍ਰਿਟਿਸ਼ ਬਸਤੀਵਾਦ ਦੀ ਜੜ੍ਹ ਪੁੱਟਣ ਵਾਲੇ ਯੋਧੇ ਸ਼ਹੀਦ ਊਧਮ ਸਿੰਘ ਨੂੰ 31 ਜੁਲਾਈ 1940 ਨੂੰ ਪੈਂਟਨਵਿਲੇ ਜੇਲ੍ਹ ਲੰਡਨ ਵਿਖੇ ਸਵੇਰੇ 9 ਵਜੇ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਲੰਡਨ ਦੇ ਸਿੱਖਾਂ ਦੀ ਬੇਨਤੀ ਦੇ ਬਾਵਜੂਦ ਬ੍ਰਿਟਿਸ਼ ਸਰਕਾਰ ਨੇ ਵੱਡੇ ਵਿਰੋਧ ਦੇ ਡਰੋਂ, ਊਧਮ ਸਿੰਘ ਦੀ ਦੇਹ ਅੰਤਿਮ ਸਸਕਾਰ ਲਈ ਸਿੱਖਾਂ ਦੇ ਸਪੁਰਦ ਨਹੀਂ ਕੀਤੀ ਗਈ, ਬਲਕਿ ਜੇਲ੍ਹ ਅੰਦਰ ਹੀ ਦਫ਼ਨਾ ਦਿੱਤੀ ਗਈ। ਲੰਬਾ ਅਰਸਾ ਮਗਰੋਂ 31 ਜੁਲਾਈ 1974 ਨੂੰ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆ ਕੇ, ਪੰਜਾਬ ’ਚ ਨਗਰ ਸੁਨਾਮ ਸਮੇਤ ਵੱਖ-ਵੱਖ ਥਾਵਾਂ ਤੇ ਲੋਕਾਂ ਨੂੰ ਦਰਸ਼ਨ ਕਰਵਾਏ ਗਏ।

*****

## ਭਾਜਪਾ ਦਾ ਸਿਆਸੀ ਦਾਅ

ਪਿਛਲੇ ਕੁਝ ਸਾਲਾਂ ਵਿੱਚ ਬਨਾਰਸ (ਸੀਰ ਗੋਵਰਧਨਪੁਰ – ਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ) ਵਿਖੇ ਭਾਜਪਾ ਸਰਕਾਰ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਅਤੇ ਕੇਂਦਰ ਵੱਲੋਂ ਕੀਤੇ ਐਲਾਨਾਂ (ਜਿਵੇਂ ਆਦਮਪੁਰ ਏਅਰਪੋਰਟ ਦਾ ਨਾਮਕਰਨ ਜਾਂ ਵਿਸ਼ੇਸ਼ ਟਰੇਨਾਂ) ਕਾਰਨ ਭਾਈਚਾਰੇ ਦੇ ਇੱਕ ਵਰਗ ਵਿੱਚ ਭਾਜਪਾ ਪ੍ਰਤੀ ਨਰਮੀ ਜ਼ਰੂਰ ਆਈ ਹੈ, ਪਰ ਵੋਟ ਦੇ ਰੂਪ ਵਿੱਚ ਇਹ ਬਦਲਾਅ ਪੂਰੀ ਤਰ੍ਹਾਂ ਅਜੇ ਸਿੱਧ ਨਹੀਂ ਹੋਇਆ।

ਰਵਿਦਾਸ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਪਰੰਪਰਾਗਤ ਤੌਰ ’ਤੇ ਕਾਂਗਰਸ ਅਤੇ ਬਾਅਦ ਵਿੱਚ ਆਮ ਆਦਮੀ ਪਾਰਟੀ ਜਾਂ ਬਹੁਜਨ ਸਮਾਜ ਪਾਰਟੀ ਵੱਲ ਝੁਕਾਅ ਰੱਖਦਾ ਰਿਹਾ ਹੈ। ਸੱਚ ਇਹ ਵੀ ਹੈ ਕਿ ਡੇਰਾ ਸੱਚਖੰਡ ਬੱਲਾਂ ਆਮ ਤੌਰ ’ਤੇ ਕਿਸੇ ਵੀ ਇੱਕ ਸਿਆਸੀ ਪਾਰਟੀ ਦਾ ਜਨਤਕ ਤੌਰ ’ਤੇ ਜਾਂ ਖੁੱਲ੍ਹ ਕੇ ਸਮਰਥਨ ਨਹੀਂ ਕਰਦਾ।

ਡੇਰਾ ਸੱਚਖੰਡ ਬੱਲਾਂ ਇੱਕ ਪ੍ਰਮੁੱਖ ਧਾਰਮਿਕ ਅਤੇ ਸਮਾਜਿਕ ਕੇਂਦਰ ਹੈ। ਚੋਣਾਂ ਦੌਰਾਨ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ—ਸਾਰੀਆਂ ਹੀ ਪਾਰਟੀਆਂ ਦੇ ਸੀਨੀਅਰ ਨੇਤਾ (ਚਾਹੇ ਪ੍ਰਧਾਨ ਮੰਤਰੀ ਹੋਣ, ਮੁੱਖ ਮੰਤਰੀ ਜਾਂ ਸੂਬਾ ਪ੍ਰਧਾਨ) ਡੇਰੇ ਵਿੱਚ ਸੀਸ ਨਿਵਾਉਣ ਆਉਂਦੇ ਹਨ। ਡੇਰਾ ਪ੍ਰਬੰਧਕ ਸਾਰੇ ਸਿਆਸੀ ਆਗੂਆਂ ਦਾ ਸਤਿਕਾਰ ਕਰਦੇ ਹਨ ਪਰ ਜਨਤਕ ਤੌਰ ’ਤੇ ‘ਫਤਵਾ’ ਜਾਰੀ ਕਰਨ ਤੋਂ ਗੁਰੇਜ਼ ਕਰਦੇ ਹਨ।

ਧਾਰਮਿਕ ਅਤੇ ਸਮਾਜਿਕ ਖੁਦਮੁਖਤਿਆਰੀ: ਡੇਰੇ ਦਾ ਮੁੱਖ ਧਿਆਨ ਭਾਈਚਾਰੇ ਦੀ ਸੱਭਿਆਚਾਰਕ ਪਛਾਣ, ਸਿੱਖਿਆ, ਸਿਹਤ ਅਤੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ ’ਤੇ ਰਹਿੰਦਾ ਹੈ। ਕਿਸੇ ਇੱਕ ਪਾਰਟੀ ਨਾਲ ਸਿੱਧਾ ਜੁੜਨ ਨਾਲ ਡੇਰੇ ਦੇ ਸਰਬਸਾਂਝੇ ਅਕਸ ’ਤੇ ਅਸਰ ਪੈ ਸਕਦਾ ਹੈ।

ਹਾਲਾਂਕਿ ਡੇਰਾ ਖੁੱਲ੍ਹ ਕੇ ਐਲਾਨ ਨਹੀਂ ਕਰਦਾ, ਪਰ ਚੋਣਾਂ ਸਮੇਂ ਭਾਈਚਾਰੇ ਦੇ ਸ਼ਰਧਾਲੂ ਡੇਰੇ ਦੇ ਰੁੱਖ ਅਤੇ ਆਗੂਆਂ ਦੇ ਡੇਰੇ ਨਾਲ ਸਬੰਧਾਂ ਨੂੰ ਦੇਖ ਕੇ ਆਪਣਾ ਰਾਜਨੀਤਿਕ ਫੈਸਲਾ ਲੈਂਦੇ ਹਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਵੱਲੋਂ ਕੀਤੀ ਜਾ ਰਹੀ ‘ਕਲਸ਼ ਯਾਤਰਾ’ ਜਾਂ ‘ਸਮਰਸਤਾ ਅਭਿਆਨ’ ਦਾ ਮਨੋਰਥ ਭਾਈਚਾਰੇ ਨਾਲ ਲਗਾਤਾਰ ਸਾਂਝ ਬਣਾਉਣਾ ਹੈ ਪਰ ਡੇਰਾ ਬੱਲਾਂ ਵੱਲੋਂ ਭਾਜਪਾ ਨੂੰ ਸਿੱਧੇ ਤੌਰ ’ਤੇ ਸਿਆਸੀ ਸਮਰਥਨ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਰਵਿਦਾਸੀਆ ਭਾਈਚਾਰੇ ਦੀ ਵੋਟ ਪ੍ਰਾਪਤ ਕਰਨ ਲਈ ਭਾਜਪਾ ਨੂੰ ਕੇਵਲ ਧਾਰਮਿਕ ਪਹੁੰਚ ਹੀ ਨਹੀਂ, ਸਗੋਂ ਗਰਾਊਂਡ ’ਤੇ ਦਲਿਤ ਭਾਈਚਾਰੇ ਨਾਲ ਜੁੜੇ ਸਮਾਜਿਕ ਅਤੇ ਆਰਥਿਕ ਮੁੱਦਿਆਂ ’ਤੇ ਠੋਸ ਵਿਸ਼ਵਾਸ ਜਿੱਤਣਾ ਪਵੇਗਾ।

***

## ਕੀ ਹੈ ‘ਨੀਟ’ ਅਤੇ ਜੇ. ਈ. ਈ.

ਇਸ ਲਈ ਸਾਨੂੰ ਬਿਲਕੁਲ ਵੀ ਹੈਰਾਨੀ ਨਹੀਂ ਹੋਣੀ ਚਾਹੀਦੀ ਜੇਕਰ ਸਾਡੇ ਬਹੁਤੇ ਜੇ ਈ ਈ ਅਤੇ ‘ਨੀਟ’ ਦੇ ‘ਟੌਪਰ’ ਆਖ਼ਰਕਾਰ ਫ਼ਰਮਾਬਰਦਾਰ ਇੰਜੀਨੀਅਰ (ਜਾਂ ਕਾਰਪੋਰੇਟ ਗ਼ੁਲਾਮ) ਅਤੇ ਮੁਨਾਫ਼ਾ ਕਮਾਉਣ ਵਾਲੇ ਪੰਜ-ਸਿਤਾਰਾ ਪ੍ਰਾਈਵੇਟ ਹਸਪਤਾਲਾਂ ਦੇ ਲਾਲਚੀ ਡਾਕਟਰ ਬਣ ਜਾਂਦੇ ਹਨ।

ਸਿਰਫ਼ ਇੰਨਾ ਹੀ ਨਹੀਂ। ਸਾਡੇ ਵਰਗੇ ਪੱਛੜੇ ਅਤੇ ਮਰਦ ਪ੍ਰਧਾਨ ਸਮਾਜ ਵਿੱਚ, ਜਿਵੇਂ ਕਿ ਅਖ਼ਬਾਰਾਂ ਦੇ ਰਿਸ਼ਤਿਆਂ ਵਾਲੇ ਕਾਲਮ ਦੱਸਦੇ ਹਨ, ਇਨ੍ਹਾਂ ਡਾਕਟਰਾਂ ਅਤੇ ਇੰਜੀਨੀਅਰਾਂ ਦੀ ‘ਬਾਜ਼ਾਰੀ ਕੀਮਤ’ ਬਹੁਤ ਜ਼ਿਆਦਾ ਹੁੰਦੀ ਹੈ ! ਹਾਂ, ਸਾਨੂੰ ਇਨ੍ਹਾਂ ਪ੍ਰੀਖਿਆਵਾਂ ਦੀ ਵਾਜਬਤਾ ਉੱਤੇ ਸਵਾਲ ਖੜ੍ਹੇ ਕਰਨ ਦੀ ਲੋੜ ਹੈ ਅਤੇ ਬਿਨਾਂ ਕਿਸੇ ਝਿਜਕ ਦੇ ਇਨ੍ਹਾਂ ਗੱਲਾਂ ’ਤੇ ਜ਼ੋਰ ਦੇਣਾ ਚਾਹੀਦਾ ਹੈ:

ਸਿੱਖਿਆ ਸਿਰਫ਼ ਮਿਆਰੀ ਪ੍ਰੀਖਿਆਵਾਂ ਪਾਸ ਕਰਨ ਦੀ ਸਿਖਲਾਈ ਨਹੀਂ ਹੈ। ਸਿੱਖਿਆ ਦਾ ਅਸਲ ਮਕਸਦ ਆਲੋਚਨਾਤਮਕ ਸੋਚ, ਸਿਰਜਣਾਤਮਕ ਕਲਪਨਾ ਸ਼ਕਤੀ ਅਤੇ ਜਮਹੂਰੀ ਨਾਗਰਿਕਤਾ ਦੀ ਭਾਵਨਾ ਪੈਦਾ ਕਰਨਾ ਹੈ। ਜਿਹੜਾ ਸਿਸਟਮ ਚੰਗੇ ਸਕੂਲਾਂ ਅਤੇ ਰਚਨਾਤਮਕ ਅਧਿਆਪਕਾਂ ਦੀ ਜਗ੍ਹਾ ਕੋਚਿੰਗ ਮਾਹਿਰਾਂ ਨੂੰ ਉਤਸ਼ਾਹਿਤ ਕਰਦਾ ਹੈ, ਉਹ ਮੂਲ ਰੂਪ ਵਿੱਚ ਹੀ ਨੁਕਸਦਾਰ ਹੈ।

ਸਾਨੂੰ ਨੈਸ਼ਨਲ ਟੈਸਟਿੰਗ ਏਜੰਸੀ ਨਾਮਕ ਮਸ਼ੀਨ ਨੂੰ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੀ ਬਜਾਏ ਸਾਨੂੰ ਮਹਾਨ ਸਿੱਖਿਆ ਸ਼ਾਸਤਰੀਆਂ, ਅਧਿਆਪਕਾਂ, ਸਿੱਖਿਆ ਮਾਹਿਰਾਂ, ਕਾਬਲ ਡਾਕਟਰਾਂ ਅਤੇ ਸਿਰਜਣਾਤਮਕ ਇੰਜੀਨੀਅਰਾਂ ਦੀ ਇੱਕ ਕਮੇਟੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਇੱਕ ਅਜਿਹਾ ਵਿਕੇਂਦਰੀਕ੍ਰਿਤ ਪ੍ਰੀਖਿਆ ਢਾਂਚਾ ਤਿਆਰ ਕਰਨ ਲਈ ਕਹਿਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਦੀ ਸੋਚਣ ਤੇ ਪਰਖਣ ਦੀ ਮੁਹਾਰਤ, ਉਨ੍ਹਾਂ ਦੀਆਂ ਸਮਾਜਿਕ ਤੇ ਨੈਤਿਕ ਕਦਰਾਂ-ਕੀਮਤਾਂ ਅਤੇ ਇਸ ਬੁਨਿਆਦੀ ਸਮਝ ਨੂੰ ਪਰਖ ਸਕੇ ਕਿ ਅਸਲ ਜ਼ਿੰਦਗੀ ਵਿੱਚ ਡਾਕਟਰ ਅਤੇ ਇੰਜੀਨੀਅਰ ਆਪਣੇ ਪੇਸ਼ੇ ਵਿੱਚ ਕੀ ਕੰਮ ਕਰਦੇ ਹਨ।

ਇਸ ਦੇ ਨਾਲ ਹੀ ‘ਡੰਮੀ ਸਕੂਲਾਂ’ ਦੇ ਰੁਝਾਨ ਨੂੰ ਨੱਥ ਪਾਉਣੀ ਅਤੇ ਵਿਦਿਆਰਥੀ ਦੇ ਸਕੂਲੀ ਪ੍ਰਦਰਸ਼ਨ ਨੂੰ ਬਣਦਾ ਮਾਣ ਦੇਣਾ ਵੀ ਓਨਾ ਹੀ ਜ਼ਰੂਰੀ ਹੈ। ਕੀ ਅਸੀਂ ਇਸ ਲਈ ਤਿਆਰ ਹਾਂ ?

***

## ਸਿੱਖਾਂ ਦੇ ਇਤਿਹਾਸਕ ਜ਼ਖ਼ਮਾਂ ਨੂੰ ਭਰਨ ਲਈ

ਗੁਰੂ ਸਾਹਿਬਾਨ ਦੀ ਮਰਯਾਦਾ ਅਨੁਸਾਰ ਸਮੂਹਕ ਪੰਥਕ ਫ਼ੈਸਲਾ-ਪ੍ਰਕਿਰਿਆ, ਪੰਜ ਪਿਆਰਿਆਂ ਦੀ ਪਰੰਪਰਾ ਅਤੇ ਦੀਦਾਰ ਖ਼ਾਲਸਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਬਾਰੇ ਗੰਭੀਰ ਵਿਚਾਰ ਕੀਤਾ ਜਾਵੇ।

ਸਭ ਤੋਂ ਮਹੱਤਵਪੂਰਨ, ਭਾਰਤ ਵੱਲੋਂ ਸਿੱਖ ਕੌਮ ਨੂੰ ਇਹ ਸਪਸ਼ਟ ਸੰਦੇਸ਼ ਮਿਲਣਾ ਚਾਹੀਦਾ ਹੈ ਕਿ ਉਹ ਦੇਸ਼ ਦੇ ਬਰਾਬਰ ਸਨਮਾਨਤ ਨਾਗਰਿਕ ਹਨ; ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਧਾਰਮਿਕ ਪਹਿਚਾਣ, ਆਸਥਾ ਅਤੇ ਭਾਵਨਾਵਾਂ ਦੀ ਰੱਖਿਆ ਰਾਸ਼ਟਰ ਦੀ ਸਾਂਝੀ ਜ਼ਿੰਮੇਵਾਰੀ ਹੈ। ਪਿਆਰ, ਨਿਆਂ, ਨਿਰਪੱਖਤਾ ਅਤੇ ਭਾਵਨਾਤਮਕ ਆਪਣੱਤ ਹੀ ਉਹ ਆਧਾਰ ਹਨ ਜਿਨ੍ਹਾਂ ਉੱਤੇ ਸਿੱਖ ਕੌਮ ਅਤੇ ਭਾਰਤ ਦਰਮਿਆਨ ਭਰੋਸੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਕੇਵਲ ਇੱਕ ਹੱਥ ਭਾਵ ਸਰਕਾਰ ਨਾਲ ਤਾੜੀ ਨਹੀਂ ਵੱਜ ਸਕਦੀ, ਸਿੱਖ ਕੌਮ ਦੇ ਆਗੂਆਂ ਨੂੰ ਵੀ ਪੀੜਤ ਹੋਣ ਦਾ ਰਾਗ ਬੰਦ ਕਰਕੇ ਨਵੀਂ ਪੀੜ੍ਹੀ ਦੇ ਵਿਕਾਸ ਲਈ ਯਤਨ ਕਰਨਾ ਚਾਹੀਦਾ ਹੈ।

ਕੇਂਦਰ ਸਰਕਾਰ ਵੱਲੋਂ ਵੀ ਸਿੱਖ ਧਰਮ ਦੇ ਵਿਕਾਸ ਲਈ ਇੱਕ ਬੋਰਡ ਬਣਾਇਆ ਜਾ ਸਕਦਾ ਹੈ, ਜੋ ਦੇਸ਼ ਭਰ ਦੇ ਸਿੱਖਾਂ ਨਾਲ ਸੰਪਰਕ ਵਿੱਚ ਰਹੇ। ਸਿੱਖ ਫ਼ਲਸਫ਼ੇ ਤੇ ਇਤਿਹਾਸ ਦਾ ਸੰਦੇਸ਼ ਟਕਰਾਅ ਨਹੀਂ, ਸਗੋਂ ਮਨੁੱਖਤਾ ਦੀ ਰੱਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਹਿਬਾਨ ਨੇ ਇੱਕ ਅਜਿਹੇ ਮਨੁੱਖ ਦੀ ਪਰਿਕਲਪਨਾ ਕੀਤੀ ਜੋ ਰੱਬ ਨਾਲ ਜੁੜਿਆ ਹੋਵੇ, ਨਿਆਂ ਲਈ ਖੜ੍ਹਾ ਹੋਵੇ ਅਤੇ ਸਮੂਹ ਮਨੁੱਖਤਾ ਨੂੰ ਆਪਣਾ ਪਰਿਵਾਰ ਸਮਝੇ। ਸਿੱਖ ਕੌਮ ਦਾ ਭਵਿੱਖ ਵੀ ਅਤੀਤ ਦੀ ਕੜਵਾਹਟ ਵਿੱਚ ਨਹੀਂ, ਸਗੋਂ ਗੁਰੂ ਸਾਹਿਬਾਨ ਦੀ ਇਸ ਸਦੀਵੀ ਦ੍ਰਿਸ਼ਟੀ ਅਨੁਸਾਰ ਪਿਆਰ, ਨਿਆਂ, ਭਰੋਸੇ ਅਤੇ ਭਾਵਨਾਤਮਕ ਆਪਣੱਤ ਰਾਹੀਂ ਹੀ ਸੁਰੱਖਿਅਤ ਅਤੇ ਪ੍ਰਕਾਸ਼ਮਾਨ ਬਣ ਸਕਦਾ ਹੈ।

***

## ਕਦੋਂ ਜਵਾਬਦੇਹ ਬਣਨਗੇ ਸਾਡੇ ਨੇਤਾ ?

ਯੁੱਧ ਨਸ਼ਿਆਂ ਵਿਰੁੱਧ ਅਭਿਆਨ ਅਸਫ਼ਲ ਦਰਸਾਇਆ। ਰਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ’ਤੇ ਡੂੰਘੀ ਚਿੰਤਾ ਜਿੱਤਾਈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਸਰਕਾਰ ’ਤੇ ਅਜਿਹੇ ਦੋਸ਼ ਤੋਪ ਦੇ ਗੋਲਿਆਂ ਤੋਂ ਘੱਟ ਨਹੀਂ। ਦੂਜੇ ਪਾਸੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਦੋਸ਼ ਹੈ ਕਿ ਪੰਜਾਬ ’ਚ ਨਸ਼ਿਆਂ ਦੀ ਸਪਲਾਈ ਗੁਜਰਾਤ ਦੀਆਂ ਬੰਦਰਗਾਹਾਂ ਤੋਂ ਹੋ ਰਹੀ ਹੈ। ਕੁਝ ਵੀ ਹੋਵੇ ਜੇਕਰ ਕੈਨੇਡਾ ਵਾਂਗ ਭਾਰਤ ਅਤੇ ਪੰਜਾਬ ਸਮੇਤ ਹੋਰ ਸੂਬਿਆਂ ਦੇ ਭ੍ਰਿਸ਼ਟ ਮੰਤਰੀਆਂ, ਵਿਧਾਇਕਾਂ ਅਤੇ ਅਫਸਰਸ਼ਾਹਾਂ ਤੋਂ ਜਨਤਕ ਟੈਕਸਾਂ ਦਾ ਬਟੋਰਿਆ ਇੱਕ-ਇੱਕ ਪੈਸਾ ਸਮੇਂ ਸਿਰ ਖ਼ਜ਼ਾਨੇ ’ਚ ਉਹਨਾਂ ਤੋਂ ਵਾਪਸ ਕਰਵਾਇਆ ਹੁੰਦਾ ਤਾਂ ਨਾ ਅੱਜ ਦੇਸ਼ ਦਾ ਆਰਥਿਕ ਤੌਰ ’ਤੇ ਇੰਨਾ ਮਾੜਾ ਹਾਲ ਹੁੰਦਾ ਅਤੇ ਨਾ ਹੀ 1.3 ਬਿਲੀਅਨ ਭਾਰਤੀਆਂ ਨੂੰ 3.10 ਡਾਲਰ ਤੋਂ ਘੱਟ ਅਤੇ 250 ਮਿਲੀਅਨ ਭਾਰਤੀਆਂ ਨੂੰ 2 ਡਾਲਰ ਤੋਂ ਪ੍ਰਤੀ ਦਿਨ ਘੱਟ ਆਮਦਨ ਨਾਲ ਗੁਰਬੱਤ ਭਰਿਆ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੋਣਾ ਪੈਂਦਾ।

*****

## ਧਾਰਮਿਕ ਆਜ਼ਾਦੀ ਦਾ ਉਦੇਸ਼ ਵਿਅਕਤੀ ਨੂੰ ਸਿਰਫ਼

ਨੇ ਦਖ਼ਲ ਦਿੰਦੇ ਹੋਏ ਕਿਹਾ ਕਿ ਟ੍ਰਾਇਲ ਕੋਰਟ ਨੇ ਕਾਨੂੰਨ ਦੀ ਗ਼ਲਤ ਵਿਆਖਿਆ ਕੀਤੀ ਹੈ ਤੇ ਆਰਮਸ ਐਕਟ ਦੀ ਧਾਰਾ ਹਟਾਉਣ ਦਾ ਹੁਕਮ ਟਿਕ ਨਹੀਂ ਸਕਦਾ। ਹਾਈ ਕੋਰਟ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 25 ਸਿੱਖ ਭਾਈਚਾਰੇ ਨੂੰ ਕ੍ਰਿਪਾਨ ਧਾਰਨ ਕਰਨ ਤੇ ਆਪਣੇ ਧਰਮ ਦਾ ਪਾਲਣ ਕਰਨ ਦਾ ਅਧਿਕਾਰ ਦਿੰਦਾ ਹੈ। ਆਮ ਹਾਲਾਤ ’ਚ ਕ੍ਰਿਪਾਨ ਰੱਖਣ ’ਤੇ ਆਰਮਸ ਐਕਟ ਦੀਆਂ ਮਦਾਂ ਲਾਗੂ ਨਹੀਂ ਹੁੰਦੀਆਂ, ਪਰ ਜੇਕਰ ਉਸੇ ਕ੍ਰਿਪਾਨ ਦਾ ਇਸਤੇਮਾਲ ਕਿਸੇ ਵਿਅਕਤੀ ਨੂੰ ਸੱਟ ਮਾਰਨ ਜਾਂ ਹਿੰਸਕ ਐਕਟ ਤਹਿਤ ਲਾਗੂ ਨਹੀਂ ਹੁੰਦੇ, ਪਰ ਜੇਕਰ ਉਸ ਨੂੰ ਕ੍ਰਿਪਾਨ ਦਾ ਇਸਤੇਮਾਲ ਕਿਸੇ ਵਿਅਕਤੀ ਨੂੰ ਸੱਟ ਮਾਰਨ ਜਾਂ ਹਿੰਸਕ ਅਪਰਾਧ ’ਚ ਕੀਤਾ ਜਾਂਦਾ ਹੈ, ਤਾਂ ਮੁਲਜ਼ਮ ਸਿਰਫ਼ ਧਾਰਮਿਕ ਅਧਿਕਾਰ ਦਾ ਹਵਾਲਾ ਦੇ ਕੇ ਕਾਨੂੰਨ ਤੋਂ ਨਹੀਂ ਬਚ ਸਕਦਾ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਧਾਰਮਿਕ ਆਜ਼ਾਦੀ ਦਾ ਉਦੇਸ਼ ਵਿਅਕਤੀ ਨੂੰ ਸਿਰਫ਼ ਅਪਰਾਧ ਕਰਨ ਦੀ ਛੋਟ ਦੇਣਾ ਨਹੀਂ ਹੈ। ਜੇਕਰ ਪਹਿਲੀ ਨਜ਼ਰ ’ਚ ਕ੍ਰਿਪਾਨ ਦਾ ਇਸਤੇਮਾਲ ਹਮਲੇ ਲਈ ਹੋਇਆ ਹੈ, ਤਾਂ ਮਾਮਲੇ ਦੀ ਸੁਣਵਾਈ ਆਰਮਸ ਐਕਟ ਦੀਆਂ ਮਦਾਂ ਨਾਲ ਅੱਗੇ ਵਧ ਸਕਦੀ ਹੈ। ਹਾਈ ਕੋਰਟ ਨੇ ਇਹ ਸਪਸ਼ਟ ਕੀਤਾ ਕਿ ਟ੍ਰਾਇਲ ਕੋਰਟ ਨੇ ਆਰਮਸ ਐਕਸ ਦੀ ਧਾਰਾ ਹਟਾ ਦਿੱਤੀ, ਇਹ ਮੰਨ ਕਿ ਕ੍ਰਿਪਾਨ ਇੱਕ ਧਾਰਮਿਕ ਪ੍ਰਤੀਕ ਹੈ, ਜਦਕਿ ਇਹ ਨਹੀਂ ਦੇਖਿਆ ਗਿਆ ਕਿ ਦੋਸ਼ ਕਿਰਪਾਨ ਦੇ ਇਸਤੇਮਾਲ ਨਾਲ ਹਮਲਾ ਕਰਨ ਹੈ। ਹਾਈ ਕੋਰਟ ਨੇ ਟ੍ਰਾਇਲ ਕੋਟ ਦਾ ਹੁਕਮ ਰੱਦ ਕਰਦੇ ਹੋਏ ਸਪਸ਼ਟ ਕੀਤਾ ਕਿ ਮਾਮਲੇ ’ਚ ਆਰਮਸ ਐਕਟ ਦੇ ਦੋਸ਼ਾਂ ’ਤੇ ਕਾਨੂੰਨ ਮੁਤਾਬਕ ਸੁਣਵਾਈ ਹੋਵੇਗੀ।

***

## ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ ਉੱਤਰ ਪ੍ਰਦੇਸ਼

ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਅੰਦਰ ਕੀਤੇ ਜਾਂਦੇ ਧਰਮ ਪ੍ਰਚਾਰ ਕਾਰਜਾਂ ਅਤੇ ਖ਼ਾਸਕਰ ਨਗਰ ਕੀਰਤਨ ਸਮੇਂ ਪਰਮਿੰਦਰ ਸਿੰਘ ਨੇ ਹਮੇਸ਼ਾ ਵੱਡਾ ਸਹਿਯੋਗ ਕੀਤਾ ਹੈ।

ਪਰਮਿੰਦਰ ਸਿੰਘ ਨੇ ਹਮੇਸ਼ਾ ਗੁਰਮਤਿ ਸਮਾਗਮਾਂ ਦੀ ਸਫ਼ਲਤਾ ’ਚ ਮੋਹਰੀ ਭੂਮਿਕਾ ਨਿਭਾਈ ਹੈ। ਪਰਮਿੰਦਰ ਸਿੰਘ ਨੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਜਿਥੇ ਵੱਖ-ਵੱਖ ਸੂਬਿਆਂ ’ਚ ਧਰਮ ਪ੍ਰਚਾਰ ਕਾਰਜ ਕਰ ਰਹੀ ਹੈ, ਉਥੇ ਹੀ ਉੱਤਰ ਪ੍ਰਦੇਸ਼ ’ਚ ਵੀ ਸੰਗਤ ਨੂੰ ਸਿੱਖੀ ਨਾਲ ਜੋੜਨ ਦੇ ਵਿਸ਼ੇਸ਼ ਯਤਨ ਹੋ ਰਹੇ ਹਨ।

***

## ਪੈਂਟਾਗਨ ਵੱਲੋਂ ਯੂ.ਐਫ.ਓ. ਫ਼ਾਈਲਾਂ ਦੀ 5ਵੀਂ ਕਿਸ਼ਤ ਜਾਰੀ

ਚੀਨ ਅਤੇ ਅਮਰੀਕਾ ਦੇ ਇਹ ਦਾਅਵੇ ਅਤੇ ਮਿਸ਼ਨ ਸਾਬਤ ਕਰਦੇ ਹਨ ਕਿ ਅੰਤਰਿਕਸ਼ ਵਿਗਿਆਨ ਹੁਣ ਸਿਰਫ਼ ਸਿਧਾਂਤਕ ਜਾਣਕਾਰੀ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਚੰਦਰਮਾ ਅਤੇ ਹੋਰ ਗ੍ਰਹਿਆਂ ’ਤੇ ਮਾਨਵ ਅਭਿਆਨਾਂ ਨੂੰ ਸਥਾਈ, ਸੁਰੱਖਿਅਤ ਅਤੇ ਆਰਥਿਕ ਤੌਰ ’ਤੇ ਲਾਹੇਵੰਦ ਬਣਾਉਣ ਵੱਲ ਵੱਧ ਰਿਹਾ ਹੈ।

ਇਨ੍ਹਾਂ ਸਾਰੇ ਘਟਨਾਕ੍ਰਮਾਂ ਦੇ ਵਿਚਕਾਰ ਸਭ ਤੋਂ ਵੱਡਾ ਪ੍ਰਸ਼ਨ ਏਲੀਅਨਜ਼ ਅਤੇ ਧਰਤੀ ਤੋਂ ਬਾਹਰਲੀ ਜ਼ਿੰਦਗੀ ਦੀ ਅਸਲ ਸੱਚਾਈ ਬਾਰੇ ਉੱਠਦਾ ਹੈ। ਹੁਣ ਤੱਕ ਦੀਆਂ ਅੰਤਮ ਵਿਗਿਆਨਕ ਖੋਜਾਂ ਅਤੇ ਪੈਂਟਾਗਨ ਦੀਆਂ ਰਿਪੋਰਟਾਂ ਦਾ ਸਾਰ ਇਹ ਹੈ ਕਿ ਸਰਕਾਰਾਂ ਕੋਲ ਅਜੇ ਤੱਕ ਅਜਿਹਾ ਕੋਈ ਨਿਰਣਾਇਕ ਜਾਂ ਪ੍ਰਤੱਖ ਸਬੂਤ ਨਹੀਂ ਹੈ ਜੋ ਇਹ ਪੁਸ਼ਟੀ ਕਰ ਸਕੇ ਕਿ ਦੇਖੀਆਂ ਗਈਆਂ ਉੱਡਦੀਆਂ ਵਸਤੂਆਂ ਦੂਜੇ ਗ੍ਰਹਿਆਂ ਤੋਂ ਆਏ ਏਲੀਅਨਜ਼ ਦੇ ਹੀ ਯਾਨ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਇਹ ਵਸਤੂਆਂ ਉੱਨਤ ਡਰੋਨ, ਜਾਸੂਸੀ ਗੁਬਾਰੇ, ਪ੍ਰਯੋਗਾਤਮਕ ਫ਼ੌਜੀ ਤਕਨਾਲੋਜੀ ਜਾਂ ਕੁਦਰਤੀ ਮੌਸਮੀ ਘਟਨਾਵਾਂ ਨਿਕਲਦੀਆਂ ਹਨ ਹਾਲਾਂਕਿ, ਵਿਗਿਆਨਕ ਜਗਤ ਇਹ ਵੀ ਮੰਨਦਾ ਹੈ ਕਿ ਸਾਡੇ ਬ੍ਰਹਿਮੰਡ ਵਿੱਚ ਅਰਬਾਂ ਗਲੈਕਸੀਆਂ ਅਤੇ ਅਣਗਿਣਤ ਗ੍ਰਹਿ ਮੌਜੂਦ ਹਨ, ਜਿਸ ਕਰਕੇ ਧਰਤੀ ਤੋਂ ਬਾਹਰ ਕਿਸੇ ਨਾ ਕਿਸੇ ਰੂਪ ਵਿੱਚ ਜ਼ਿੰਦਗੀ ਦੀ ਸੰਭਾਵਨਾ ਤੋਂ ਪੂਰੀ ਤਰ੍ਹਾਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕੁੱਲ ਮਿਲਾ ਕੇ, ਪੈਂਟਾਗਨ ਦੇ ਯੂਐਫਓ ਖੁਲਾਸੇ ਅਸਮਾਨ ਦੇ ਅਣਸੁਲਝੇ ਰਹੱਸਾਂ ਨੂੰ ਸਮਝਣ ਦੀ ਲੋੜ ’ਤੇ ਜ਼ੋਰ ਦਿੰਦੇ ਹਨ, ਜਦਕਿ ਚੀਨ ਦੀਆਂ ਚੰਦਰਮਾ ’ਤੇ ਰੋਬੋਟਿਕ ਯੋਜਨਾਵਾਂ ਅੰਤਰਿਕਸ਼ ਵਿੱਚ ਇਨਸਾਨੀ ਪਹੁੰਚ ਨੂੰ ਨਵਾਂ ਮੋੜ ਦਿੰਦੀਆਂ ਹਨ। ਜੇਕਰ ਚੀਨ ਦਾ ਇਹ ਪ੍ਰਸਤਾਵ ਸਫ਼ਲ ਹੁੰਦਾ ਹੈ, ਤਾਂ ਇਹ ਆਉਣ ਵਾਲੇ ਸਮੇਂ ਵਿੱਚ ਮੰਗਲ ਅਤੇ ਬ੍ਰਹਿਮੰਡ ਦੇ ਹੋਰ ਗ੍ਰਹਿਆਂ ਦੀ ਖੋਜ ਲਈ ਵੀ ਇੱਕ ਨਵਾਂ ਗਲੋਬਲ ਮਾਪਦੰਡ ਸਥਾਪਤ ਕਰੇਗਾ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁ਼ਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home